ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 100 Friday, May 24, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



# ਮੋਦੀ ਦੀ ਅਗਵਾਈ ਹੇਠ ਪਾਰਲੀਮੈਂਟ ਚੋਣਾਂ 'ਚ ਭਾਜਪਾ ਦੀ ਹੂੰਝਾ-ਫੇਰ ਜਿੱਤ



ਨਵੀਂ ਦਿੱਲੀ, 24 ਮਈ, (ਪੋਸਟ ਬਿਊਰੋ)- ਭਾਰਤ ਦੀਆਂ ਪਾਰਲੀਮੈਂਟ ਚੋਣਾਂ ਵਿਚ ਲਗਾਤਾਰ ਦੂਜੀ ਵਾਰ 'ਪ੍ਰਚੰਡ ਮੋਦੀ ਲਹਿਰ' ਦਾ ਸਬੂਤ ਦੇਂਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਨੇ ਇਕ ਵਾਰ ਫਿਰ ਕੇਂਦਰ ਸਰਕਾਰ ਉੱਤੇ ਕਾਬਜ਼ ਹੋ ਕੇ ਇਤਹਾਸ ਰਚ ਦਿੱਤਾ ਹੈ। ਚੋਣ ਨਤੀਜਿਆਂ ਨੇ ਨਰਿੰਦਰ ਦਾਮੋਦਰ ਦਾਸ ਮੋਦੀ (68 ਸਾਲ)ਨੂੰ ਕਈ ਦਹਾਕਿਆਂ ਪਿੱਛੋਂ ਸਭ ਤੋਂ ਵੱਧ ਪ੍ਰਵਾਨਤ ਆਗੂ ਵਜੋਂ ਪੇਸ਼ ਕਰ ਦਿਤਾ ਹੈ।

ਇਸ ਦੇ ਬਾਅਦ ਚੋਣ ਕਮਿਸ਼ਨ ਦੀ ਵੈੱਬਸਾਈਟ ਉੱਤੇ ਜਾਰੀ ਰਿਪੋਰਟ ਦੇਮੁਤਾ-ਬਕ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਨੂੰ ਸ਼ੁੱਕਰਵਾਰ ਦੀ ਸਵੇਰ ਤੱਕ ਕੁੱਲ 543 ਸੀਟਾਂ ਦੀ ਪਾਰਲੀਮੈਂਟ ਵਿੱਚ 287 ਸੀਟਾਂ ਮਿਲ ਚੁੱਕੀਆ ਹਨ ਤੇ 16 ਸੀਟਾਂ ਦੀ ਅਗੇਤ ਦੇ ਰੁਝਾਨ ਨਾਲ ਕੁੱਲ 303 ਸੀਟਾਂ ਮਿਲਣ ਦਾ ਅਨੁਮਾਨ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਦੇ ਪੱਲੇ 50 ਸੀਟਾਂ ਪਈਆਂ ਹਨ ਅਤੇ ਦੋ ਹੋਰ ਆਉਣ ਦੇ ਰੁਝਾਨ ਨਾਲ ਸਿਰਫ 52 ਸੀਟਾਂ ਆਉਣ ਦਾ ਅੰਦਾਜ਼ਾ ਹੈ। ਸਾਲ 2014 ਵਿਚ ਭਾਜਪਾ ਨੇ ਲੋਕ ਸਭਾ ਦੀਆਂ 543 ਸੀਟਾਂ ਵਿਚੋਂਇੱਕ ਪਾਰਟੀ ਵਜੋਂ 282 ਸੀਟਾਂ ਜਿੱਤੀਆਂ ਸਨ, ਪਰਐਤਕੀਂ ਉਹ ਅਪਣੇ ਸਿਰ 300 ਤੋਂ ਉੱਪਰ ਚਲੀ ਗਈ ਹੈ। ਉਸ ਦੀ ਅਗਵਾਈ ਵਾਲਾ ਕੌਮੀ ਜਮਹੂਰੀ ਗਠਜੋੜ (ਐੱਨ ਡੀ ਏ) 2014 ਦੀਆਂ 336 ਸੀਟਾਂ ਦੇ ਮੁਕਾਬਲੇ 344 ਸੀਟਾਂ ਤੱਕ ਪਹੁੰਚ ਚੱਲਿਆ ਹੈ। ਮਾਹਰਾਂ ਦਾ ਕਹਿਣਾ ਹੈ ਕਿ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਜਿਹੜਾ 'ਚੌਕੀਦਾਰ ਚੋਰ ਹੈ' ਦਾ ਨਾਅਰਾ ਚੁੱਕਿਆ ਸੀ, ਉਹਕਾਂਗਰਸ ਨੂੰਭੁਗਤਣਾਪਿਆ ਅਤੇ ਭਾਜਪਾ ਲਈ ਲਾਹੇਵੰਦ ਸਾਬਤ ਹੋਇਆ ਹੈ। ਭਾਜਪਾ ਦੀ ਇਸ ਮੋਦੀ ਲਹਿਰ ਨੇ ਹਿੰਦੀ ਪੱਟੀ ਅਤੇ ਗੁਜਰਾਤ ਦੇ ਨਾਲ ਇਸ ਵਾਰੀ ਪੱਛਮੀ ਬੰਗਾਲ ਤੇ ਉੜੀਸਾ ਵਿੱਚ ਵੀ ਉਸ ਦੀ ਪਹੁੰਚ ਚੋਖੀ ਵਧਾ ਦਿੱਤੀ ਹੈ। ਸਿਰਫ਼ ਕੇਰਲਾ ਅਤੇ ਪੰਜਾਬ ਹੀ ਭਾਜਪਾ ਦੀ ਮਾਰ ਤੋਂ ਬਚੇ ਰਹੇ। ਰਾਜਸਥਾਨ, ਮੱਧ ਪ੍ਰਦੇਸ਼ਤੇ ਛੱਤੀਸਗੜ੍ਹ ਵਰਗੇ ਹਿੰਦੀ ਭਾਸ਼ੀ ਰਾਜਾਂ ਤੋਂ ਵੀ ਭਾਜਪਾ ਦੀ ਜਿੱਤ ਹੈਰਾਨ ਕਰਨ ਵਾਲੀ ਹੈ, ਜਿਥੇ ਵਿਧਾਨ ਸਭਾ ਚੋਣਾਂ ਵਿਚਕਾਂ- ਗਰਸ ਜਿੱਤ ਗਈ ਅਤੇ ਭਾਜਪਾ ਦੀਆਂ ਸਰਕਾਰਾਂ ਟੁੱਟ ਗਈਆਂ ਸਨ।

...ਬਾਕੀ ਪੰਨਾ 3 'ਤੇ

# ਪੰਜਾਬ 'ਚੋਂ ਕਾਂਗਰਸ ਨੇ 8 ਸੀਟਾਂ ਜਿੱਤ ਕੇ ਮੋਦੀ ਰੱਥ ਰੋਕਿਆ

## * ਦੋ ਸੀਟਾਂ ਅਕਾਲੀ, ਦੋ ਭਾਜਪਾ ਅਤੇ ਇੱਕ ਭਗਵੰਤ ਮਾਨ ਨੇ ਜਿੱਤੀ



ਚੰਡੀਗੜ੍ਹ, 24 ਮਈ, (ਪੋਸਟ ਬਿਊਰੋ)- ਭਾਰਤ ਦੀਆਂ ਪਾਰਲੀਮੈਂਟ ਚੋਣਾਂ ਵਿਚ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਦੀ ਜਿੱਤ ਦੀ ਹਨੇਰੀ ਚੱਲ ਰਹੀ ਸੀ, ਪੰਜਾਬ ਵਿਚ ਇਸ ਦਾ ਬਹੁਤਾ ਅਸਰ ਨਹੀਂਦਿੱਸਿਆ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਲਈ5 ਸੀਟਾਂ ਵਿਰੋਧੀ ਪਾਰਟੀਆਂ ਤੋਂਮੋਦੀ ਦੀ ਹਨੇਰੀ ਵਿੱਚ ਵੀਖੋਹ ਕੇ ਕਾਂਗਰਸ ਦੀ ਪਿਛਲੀ ਵਾਰ ਦੀਆਂ 3 ਸੀਟਾਂ ਦੀ ਜਿੱਤ ਵਧਾ ਕੇ 8 ਸੀਟਾਂ ਦੀ ਕਰ ਦਿਤੀ ਹੈ। ਏਥੋਂ ਦੋ ਸੀਟਾਂ ਅਕਾਲੀ ਦਲ ਨੇ, ਦੋ ਸੀਟਾਂ ਭਾਜਪਾ ਅਤੇ ਇਕ ਆਮ ਆਦਮੀ ਪਾਰਟੀ ਨੇ ਜਿੱਤੀ ਹੈ।

...ਬਾਕੀ ਪੰਨਾ 4 'ਤੇ

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
• LIFE INSURANCE • SUPER VISA INSURANCE
• CRITICAL ILLNESS INS • MORTGAGE INSURANCE
• TRAVEL & VISITOR INS • DISABILITY INSURANCE
• RESP & TFSA & RRSP • FUNERAL INSURANCE
SIMRAN SAINI 416.994.7272
www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨੀਂਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
ਕਰਜ਼ੇ ਦੀ ਸਿਰਦਰਦੀ ?
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets
• Legal Basement
• Completely Furnished
• Painting & Flooring
ਵਾਜ਼ਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca
Brokerage Licence No.

Advertising Space Available!
647-767-8921
CONTACT US

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# AMAN TRAVEL
# ਅਮਨ ਟਰੈਵਲ

SPECIAL FARES TO DELHI & AMRITSAR

TICO # 50022741

LAST MINUTE DEALS AVAILABLE

GAURAV GUPTA
905.796.3535

ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ

218 KINGKNOLL DR., BRAMPTON, ON L6Y 4X4

# ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

Minimum 1 year experience & Trained mechanic

- 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Also need Body Shop Mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)

ਸਾਡੇ ਕੋਲ Brampton ਵਿਚ ਬਿਲਡਰ ਦੇ ਨਵੇਂ ਬਣੇ ਕੁੱਝ ਘਰ Sale ਲਈ ਹਨ। 90 ਦਿਨ ਦੀ Closing.


25 Picasso Dr

## HOUSE FOR SALE IN CASTLEMORE

ਬਰੈਂਪਟਨ ਦੇ ਕੈਸਲਮੋਅਰ ਏਰੀਆ ਵਿਚ 3000sqft ਦਾ ਅਪਗ੍ਰੇਡ ਕੀਤਾ ਗਿਆ ਘਰ। ਇਸ ਵਿੱਚ 5+2 ਬੈੱਡਰੂਮ ਅਤੇ 6 ਬਾਥਰੂਮ ਹਨ। Seperate Entry ਨਾਲ ਬੇਸਮੈਂਟ ਪੂਰੀ ਤਰ੍ਹਾਂ ਤਿਆਰ ਹੈ। ਸਾਰੇ ਘਰ ਵਿਚ ਹਾਰਡਵੁੱਡ ਪਈ ਹੈ। Front ਤੇ ਨਵੀਂ ਸਟੋਨ ਅਤੇ Stucco ਕੀਤੀ ਗਈ ਹੈ। ਨਵੀਆਂ ਗੈਰਾਜ ਡੋਰਾਂ। ਵੱਡੀ ਕਿਚਨ। ਬੈਕ ਤੇ ਵੱਡਾ ਡੈੱਕ ਅਤੇ Patio. ਸਾਰੇ ਘਰ ਦੇ ਦੁਆਲੇ ਸਟੈਂਪ ਕੰਕਰੀਟ ਹੈ। 4 ਕਾਰ ਦਾ Driveway ਬਿਨਾਂ ਸਾਈਡ ਵਾਕ ਤੋਂ। ਬੇਸਮੈਂਟ ਵਿੱਚ ਅਲੱਗ 2 ਹਿੱਸੇ ਬਣੇ ਹੋਏ ਹਨ। ਸਾਰੇ ਗ੍ਰੇਡ ਦੇ ਸਕੂਲਾਂ ਦੇ ਨੇੜੇ। Hwy 50 & Cottrelle Intersection. 45x92 ਫੁੱਟ ਦਾ ਪਲਾਟ। ਸਿਰਫ 6 ਸਾਲ ਨਵੇਂ ਘਰ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।।

HURRY !
Limited Time

$1.99 Million


15 Harry Parker Pl, Everett

**Custom Bungalow** In Everett-Estates on a 1.61 Acre Lot., 3+2 Bedrooms & 4 Washrooms. 3 Garages. Alliston City ਦੇ ਬਿਲਕੁਲ ਨਾਲ. Pool & Cabanas. Fully Upgraded Worth of $150K In Upgrades. Brampton ਤੋਂ ਸਿਰਫ 40 ਮਿੰਟ ਦੀ ਦੂਰੀ ਤੇ ਸਥਿਤ ਇਸ ਵਧੀਆ ਬੰਗਲੌ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।

Jagraj Sekhon
Sales Representative
Dir: 416-562-1176

Century 21 People's Choice Realty Inc, Brokerage

Dhanwant Gosal
Broker
Dir: 416-277-4153

# TOTAL HOME Windows & Doors

ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service

For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

# Data everywhere. No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਮੋਦੀ ਦੀ ਅਗਵਾਈ ਹੇਠ ਪਾਰਲੀਮੈਂਟ ਚੋਣਾਂ 'ਚ ਭਾਜਪਾ ਦੀ ਹੂੰਝਾ-ਫੇਰ ਜਿੱਤ

...ਪੰਨਾ 1 ਦਾ ਬਾਕੀ

ਵੱਖ-ਵੱਖ ਰਾਜਾਂ ਵਿੱਚੋਂ ਪਾਰਲੀਮੈਂਟ ਸੀਟਾਂ ਦਾ ਜਿਹੜਾ ਵੇਰਵਾਚੋਣ ਕਮਿਸ਼ਨ ਦੀ ਵੈੱਬਸਾਈਟ ਤੋਂ ਮਿਲ ਰਿਹਾ ਹੈ, ਉਸ ਦੇ ਮੁਤਾਬਕ ਗੁਜਰਾਤ, ਰਾਜਸਥਾਨ, ਕੌਮੀ ਰਾਜਧਾਨੀ ਦਿੱਲੀ, ਉੱਤਰਾ ਖੰਡ ਅਤੇ ਹਿਮਾਚਲ ਪ੍ਰਦੇਸ਼ ਵਿੱਚੋਂ ਇੱਕ ਵੀ ਸੀਟ ਭਾਜਪਾ ਨੇ ਬਾਹਰ ਨਹੀਂ ਜਾਣ ਦਿੱਤੀ। ਦੱਖਣ ਦੇ ਪ੍ਰਮੁੱਖ ਰਾਜ ਆਂਧਰਾ ਪ੍ਰਦੇਸ਼ ਦੀਆਂ 25ਸੀਟਾਂ ਤੋਂ 22ਉੱਤੇ ਵਾਈ ਐਸ ਆਰ ਕਾਂਗਰਸ ਤੇ 3 ਸੀਟਾਂ ਉੱਤੇ ਤੇਲਗੂ ਦੇਸਮ ਪਾਰਟੀ ਜਿੱਤ ਗਈ ਹੈ। ਆਸਾਮ ਦੀਆਂ 14 ਸੀਟਾਂ ਵਿੱਚੋਂ 9 ਉੱਤੇ ਭਾਜਪਾ, 3 ਸੀਟਾਂ ਉੱਤੇ ਕਾਂਗਰਸ ਅਤੇ 3 ਸੀਟਾਂ ਉੱਤੇ ਹੋਰ ਜੇਤੂ ਰਹੇ ਹਨ। ਅਰੁਣਾਚਲ ਪ੍ਰਦੇਸ਼ ਦੀਆਂ ਦੋਵੇਂ ਸੀਟਾਂ ਭਾਜਪਾ ਨੇ ਜਿੱਤੀਆਂ ਹਨ। ਬਿਹਾਰ ਦੀਆਂ 40ਵਿੱਚੋਂ ਭਾਜਪਾ ਨੇ 17, ਉਸ ਦੀਆਂ ਸਹਿਯੋਗੀ ਜਨਤਾ ਦਲ ਯੂ ਨੇ 16 ਅਤੇ ਲੋਕ ਜਨਸ਼ਕਤੀ ਪਾਰਟੀ ਨੇ 6 ਸੀਟਾਂ ਜਿੱਤੀਆਂ ਅਤੇ ਕਾਂਗਰਸ ਨੂੰ ਸਿਰਫ 1 ਸੀਟ ਮਿਲੀ ਹੈ। ਛੱਤੀਸਗੜ੍ਹ ਤੋਂ 11ਸੀਟਾਂ ਵਿੱਚੋਂ ਭਾਜਪਾ ਨੂੰ 9 ਤੇ ਕਾਂਗਰਸ ਨੂੰ ਸਿਰਫ 2 ਮਿਲੀਆਂ ਹਨ। ਗੋਆ ਦੀਆਂ ਦੋ ਸੀਟਾਂ ਭਾਜਪਾ ਤੇ ਕਾਂਗਰਸ ਵਿੱਚ 1-1 ਵੰਡੀਆਂ ਗਈਆਂ ਹਨ। ਗੁਜਰਾਤ ਦੀਆਂ 26, ਹਰਿਆਣਾ ਦੀਆਂ 10, ਹਿਮਾਚਲ ਪ੍ਰਦੇਸ਼ ਦੀਆਂ 4, ਉੱਤਰਾ ਖੰਡ ਦੀਆਂ 5 ਅਤੇ ਕੇਂਦਰੀ ਰਾਜਧਾਨੀ ਦਿੱਲੀ ਦੀਆਂ ਸਾਰੀਆਂ 7ਸੀਟਾਂ ਉੱਤੇ ਭਾਜਪਾ ਜੇਤੂ ਰਹੀ ਹੈ।



ਸੰਵੇਦਨਸ਼ੀਲ ਗਿਣੇ ਜਾਂਦੇ ਰਾਜ ਜੰਮੂ-ਕਸ਼ਮੀਰ ਦੀਆਂ 6ਸੀਟਾਂ ਵਿੱਚੋਂ 3 ਸੀਟਾਂ ਉੱਤੇ ਭਾਜਪਾ ਅਤੇ 3 ਵਾਸਤੇ ਪੀ ਡੀ ਪੀ ਨੂੰ ਲੋਕਾਂ ਦਾ ਫਤਵਾ ਮਿਲਿਆ ਹੈ। ਝਾਰਖੰਡ ਦੀਆਂ 14ਵਿੱਚੋਂ 11 ਸੀਟਾਂ ਉੱਤੇ ਭਾਜਪਾ ਤੇ 1 ਸੀਟ ਕਾਂਗਰਸ ਤੇ ਦੋ ਸੀਟਾਂ ਸੂਬਾਈ ਪਾਰਟੀਆਂ ਨੂੰ ਮਿਲੀਆਂ ਹਨ। ਸਿਆਸੀ ਖਹਿਬਾਜ਼ੀ ਦਾ ਅਖਾੜਾ ਕਹੇ ਜਾਂਦੇ ਕਰਨ-ਾਟਕਾ ਦੀਆਂ 28ਸੀਟਾਂ ਵਿੱਚੋਂ 25 ਉੱਤੇ ਭਾਜਪਾ ਤੇ 1-1 ਸੀਟ ਉੱਤੇ ਕਾਂਗਰਸ, ਜਨਤਾ ਦਲ ਐੱਸ ਅਤੇ ਆਜ਼ਾਦ ਦਾ ਕਬਜ਼ਾ ਹੋਇਆ ਹੈ। ਕੇਰਲਾ ਤੋਂ ਕੁੱਲ 20ਸੀਟਾਂ ਵਿੱਚੋਂ 15 ਉੱਤੇ ਕਾਂਗਰਸ, 2 ਉੱਤੇ ਇੰਡੀਅਨ ਯੂਨੀਅਨ ਮੁਸਲਿਮ ਲੀਗਅਤੇ 1-1 ਸੀਟ ਉੱਤੇ ਸੀ ਪੀ ਐੱਮ, ਕੇਰਲਾ ਕਾਂਗਰਸ (ਐੱਮ) ਅਤੇ ਆਰ ਐੱਸ ਪੀ ਦੇ ਉਮੀਦਵਾਰ ਜਿੱਤੇ ਹਨ। ਮੱਧ ਪ੍ਰਦੇਸ਼ ਤੋਂ 29ਵਿੱਚੋਂ ਭਾਜਪਾ 28 ਅਤੇ ਕਾਂਗਰਸ ਨੇ 1 ਸੀਟ ਜਿੱਤੀ ਹੈ। ਮਹਾਰਾਸ਼ਟਰ ਦੀਆਂ 48ਵਿੱਚੋਂ 23 ਉੱਤੇ ਭਾਜਪਾ, 18 ਉੱਤੇ ਉਸ ਦੀ ਸਾਥੀ ਸ਼ਿਵ ਸੈਨਾ ਦੇ ਬਾਅਦ 4 ਸੀਟਾਂ ਉੱਤੇ ਕਾਂਗਰਸ, 1 ਉੱਤੇ ਐਨ ਸੀ ਪੀ, ਇੱਕ ਇਤਹਾਦੁਲ ਮੁਸਲਮੀਨ ਤੇ 1 ਸੀਟ ਆਜ਼ਾਦ ਨੂੰ ਮਿਲੀ ਹੈ। ਮਨੀਪੁਰ 1 ਸੀਟ ਭਾਜਪਾ ਤੇ ਇੱਕ ਸੂਬਾਈ ਪਾਰਟੀ ਨੇ ਜਿੱਤੀ ਤੇ ਮੇਘਾਲਿਆ ਤੋਂ 1-1 ਸੀਟ ਉੱਤੇ ਕਾਂਗਰਸ ਅਤੇ ਐਨ ਸੀ ਪੀ ਜੇਤੂ ਰਹੀਆਂ ਹਨ, ਜਦ ਕਿ ਨਾਲ ਲੱਗਦੇ ਮੀਜ਼ੋਰਮ, ਨਾਗਾਲੈਂਡ ਅਤੇ ਸਿੱਕਮ ਤੋਂ ਇਕਲੌਤੀ 1-1 ਸੀਟ ਸਥਾਨਕ ਪਾਰਟੀਆਂ ਨੇ ਜਿੱਤੀਆਂ ਹਨ।

ਉੜੀਸਾ ਦੀਆਂ 21ਸੀਟਾਂ ਵਿੱਚੋਂ ਬੀਜੂ ਜਨਤਾ ਦਲ 12, ਭਾਜਪਾ 8 ਅਤੇ ਕਾਂਗਰਸ ਨੇ 1 ਸੀਟ ਜਿੱਤੀ ਹੈ। ਤਾਮਿਲ ਨਾਡੂ ਦੀਆਂ 39ਸੀਟਾਂ ਵਿੱਚੋਂ ਡੀ ਐੱਮ ਕੇ ਪਾਰਟੀ ਨੇ 23, ਉਸ ਦੀ ਸਹਿਯੋਗੀ ਕਾਂਗਰਸ ਨੇ 8, ਸੀ ਪੀ ਆਈ ਅਤੇ ਸੀ ਪੀ ਐੱਮ ਨੇ 2-2, ਅੰਨਾ ਡੀ ਐੱਮ ਕੇ, ਮੁਸਲਿਮ ਲੀਗ ਅਤੇ ਇੱਕ ਸਥਾਨਕ ਪਾਰਟੀ ਨੇ 1-1 ਸੀਟ ਜਿੱਤੀ ਅਤੇ ਨਾਲ ਦੇ ਕੇਂਦਰੀ ਪ੍ਰਦੇਸ਼ ਪੁਡੂਚੇਰੀ ਦੀ ਸੀਟ ਕਾਂਗਰਸ ਨੇ ਜਿੱਤ ਲਈ ਹੈ।

ਉੱਤਰ ਪ੍ਰਦੇਸ਼ ਦੀਆਂ 80 ਸੀਟਾਂ ਵਿੱਚੋਂ 62 ਭਾਜਪਾ, 2 ਉਸ ਦੇ ਸਾਥੀ ਅਪਨਾ ਦਲ, 10 ਬਹੁਜਨ ਸਮਾਜ ਪਾਰਟੀ ਅਤੇ 5 ਸਮਾਜਵਾਦੀ ਪਾਰਟੀ ਤੇ ਇਲਾਵਾ ਸੋਨੀਆ ਗਾਂਧੀ ਨੂੰ ਮਿਲੀ ਰਾਏ ਬਰੇਲੀ ਦੀ 1 ਸੀਟ ਹੀ ਕਾਂਗਰਸ ਨੇ ਜਿੱਤੀ ਹੈ, ਪਰ ਇਸ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਇਸ ਰਾਜ ਦੇ ਅਮੇਠੀ ਹਲਕੇ ਤੋਂ ਹਾਰ ਗਏ ਹਨ। ਉਂਜ ਰਾਹੁਲ ਗਾਂਧੀ ਕੇਰਲਾ ਦੀ ਵਾਇਨਾਡਸੀਟ ਤੋਂ ਵੱਡੇ ਫਰਕ ਨਾਲ ਜਿੱਤ ਗਏ ਹਨ। ਪੱਛਮੀ ਬੰਗਾਲ ਦੀਆਂ 42 ਵਿੱਚੋਂ 22 ਸੀਟਾਂ ਤੋਂ ਤ੍ਰਿਣਮੂਲ ਕਾਂਗਰਸ, 18 ਭਾਜਪਾ ਅਤੇ 2 ਸੀਟਾਂ ਕਾਂਗਰਸ ਨੂੰ ਮਿਲੀਆਂ ਹਨ। ਇਸ ਰਾਜ ਵਿੱਚ ਕਈ ਸਾਲ ਰਾਜ ਕਰਦੇ ਰਹੇ ਖੱਬੇ ਮੋਰਚੇ ਨੂੰ ਇੱਕ ਵੀ ਸੀਟ ਨਹੀਂ ਮਿਲੀ ਅਤੇ ਨਾਲ ਲੱਗਦੇ ਤ੍ਰਿਪੁਰਾ ਦੀਆਂ ਦੋਵੇਂ ਸੀਟਾਂ ਵੀ ਭਾਜਪਾ ਜਿੱਤਣ ਵਿੱਚ ਕਾਮਯਾਬ ਰਹੀ ਹੈ। ਦਾਦਰਾ ਅਤੇ ਨਗਰ ਹਵੇਲੀ ਦੀ ਇੱਕਲੌਤੀ ਸੀਟ ਇੱਕ ਆਜ਼ਾਦ ਨੇ ਜਿੱਤੀ ਹੈ, ਪਰ ਦਮਨ ਅਤੇ ਦੇਊ ਦੀ ਸੀਟ ਤੋਂ ਭਾਜਪਾ ਦਾ ਉਮੀਦਵਾਰ ਜਿੱਤਿਆ ਹੈ। ਲਕਸ਼ਦੀਪ ਦੀ ਇਕਲੌਤੀ ਸੀਟ ਭਾਜਪਾ ਨੇ ਜਿੱਤੀ ਅਤੇ ਚੰਡੀਗੜ੍ਹ ਤੋਂ ਭਾਜਪਾ ਦੀ ਉਮੀਦਵਾਰ ਫਿਲਮ ਸਟਾਰ ਕਿਰਨ ਖੇਰ ਫਿਰ ਜਿੱਤ ਗਈ ਹੈ।

## ਅੱਜ ਨਾਮਾ

ਲੱਗਾ ਪਤਾ ਕਿ ਕੀਹਦੇ ਵਿੱਚ ਜ਼ੋਰ ਕਿੰਨਾ,
ਪਿੱਛੇ ਕੀਹਦੇ ਹਨ ਕਿੰਨੇ ਕੁ ਲੋਕ ਮਿੱਤਰ।
ਚੱਲਦੀ ਚੋਣ ਇਹ ਜਦੋਂ ਤੱਕ ਸਿਰੇ ਪੁੱਜੀ,
ਬਹੁਤ ਸੁਣੀ ਗਈ ਨੋਕ ਜਾਂ ਝੋਕ ਮਿੱਤਰ।
ਹਰ ਕੋਈ ਆਪਣੀ ਜਿੱਤ ਦੀ ਗੱਲ ਆਖੇ,
ਦੂਸਰਾ ਬੋਲਿਆ ਦਿੰਦੇ ਸੀ ਟੋਕ ਮਿੱਤਰ।
ਆਖਰ ਆਏ ਨਤੀਜੇ ਤਾਂ ਸਾਫ ਹੋਇਆ,
ਸੌਦੇ ਚੁੱਕ ਗਿਆ ਮੋਦੀ ਹੈ ਥੋਕ ਮਿੱਤਰ।
ਕਰਦਾ ਕਰੇ ਇਤਰਾਜ਼ ਕੋਈ ਲੱਖ ਬੇਸ਼ੱਕ,
ਮੋਦੀ ਮਾਰ ਗਿਆ ਸਿਰੇ ਦੀ ਮੱਲ ਮਿੱਤਰ।
ਆਖਿਆ ਜਿਨ੍ਹਾਂ ਨੇ ਧਰਤ ਹਿਲਾ ਦਿਆਂਗੇ,
ਕਰਨ ਜੋਗੇ ਨਹੀਂ ਰਹੇ ਉਹ ਗੱਲ ਮਿੱਤਰ।

ਤੀਸ ਮਾਰ ਖਾਂ

## ਪੀਲ ਵਾਸੀਆਂ ਦੀ ਸਿਹਤ ਦਾ ਸਾਰ ਪੇਸ਼ ਕਰਨ ਵਾਲੀ ਰਿਪੋਰਟ ਜਾਰੀ

ਬਰੈਂਪਟਨ, 23 ਮਈ (ਪੋਸਟ ਬਿਊਰੋ) : ਰੀਜਨ ਆਫ ਪੀਲ, ਪਬਲਿਕ ਹੈਲਥ ਵੱਲੋਂ ਅੱਜ "ਦ ਚੇਂਜਿੰਗ ਲੈਂਡਸਕੇਪ ਆਫ ਹੈਲਥ ਇਨ ਪੀਲ-ਅ ਕੌਂਪ੍ਰੀਹੈਂਸਿਵ ਹੈਲਥ ਸਟੇਟਸ ਰਿਪੋਰਟ 2019" ਜਾਰੀ ਕੀਤੀ ਗਈ। ਇਸ ਤਹਿਤ ਪੀਲ ਵਾਸੀਆਂ ਦੀ ਸਿਹਤ ਦੇ ਸਟੇਟਸ ਦਾ ਸਾਰ ਪੇਸ਼ ਕੀਤਾ ਗਿਆ ਹੈ।

ਰੀਜਨ ਲਈ ਮੈਡੀਕਲ ਆਫੀਸਰ ਆਫ ਹੈਲਥ ਡਾ. ਜੈਸਿਕਾ ਹੌਪਕਿਨਜ਼ ਦਾ ਕਹਿਣਾ ਹੈ ਕਿ ਲੋਕਲ ਹੈਲਥ ਸਬੰਧੀ ਰੁਝਾਨਾਂ ਨੂੰ ਸਮਝ ਕੇ ਹੀ ਅਸਰਦਾਰ ਪਬਲਿਕ ਹੈਲਥ ਹੱਲ ਮੁਹੱਈਆ ਕਰਵਾਏ ਜਾ ਸਕਦੇ ਹਨ। ਉਨ੍ਹਾਂ ਆਖਿਆ ਕਿ ਪੀਲ ਦੀ ਤੇਜ਼ੀ ਨਾਲ ਵੱਧ ਰਹੀ ਤੇ ਵੰਨ-ਸੁਵੰਨੀ ਆਬਾਦੀ ਦੀਆਂ ਵਿਲੱਖਣ ਲੋੜਾਂ ਨੂੰ ਤਰਜੀਹੀ ਤੌਰ ਉੱਤੇ ਪੂਰਾ ਕਰਕੇ ਬਿਮਾਰੀ, ਸੱਟ-ਫੇਟ ਤੇ ਪੀਲ ਵਿੱਚ ਕਿਸੇ ਵੀ ਤਰ੍ਹਾਂ ਦੀ ਆਊਟਬ੍ਰੇਕ ਤੋਂ ਬਚਿਆ ਜਾ ਸਕਦਾ ਹੈ। ਪੀਲ ਦਾ ਹੈਲਥ ਡਾਟਾ ਓਨਟਾਰੀਓ ਨਾਲੋਂ ਕਈ ਮਾਇਨਿਆਂ ਵਿੱਚ ਵੱਖਰਾ ਹੈ। ਮਿਸਾਲ ਵਜੋਂ ਪੀਲ ਵਾਸੀਆਂ ਕੋਲ:

- ਲੰਮੇਂ ਸਮੇਂ ਤੱਕ ਜ਼ਿੰਦਗੀ ਜਿਊਣ ਦੀ ਸੰਭਾਵਨਾ ਹੈ (ਜੋ ਕਿ ਮਹਿਲਾਵਾਂ ਲਈ 86.1 ਸਾਲ ; ਪੁਰਸ਼ਾਂ ਲਈ 82.6 ਸਾਲ ਬਣਦੀ ਹੈ)
- ਇੱਥੇ ਸਿਗਰਟਨੋਸ਼ੀ ਦੀ ਦਰ ਕਾਫੀ ਘੱਟ ਹੈ ਤੇ ਸੈਕਿੰਡ ਹੈਂਡ ਸਮੋਕਿੰਗ ਦਾ ਖਤਰਾ ਵੀ ਘੱਟ ਹੈ; 15 ਸਾਲਾਂ ਦੇ ਅਰਸੇ ਵਿੱਚ ਪੀਲ ਵਿੱਚ ਸਿਗਰਟਨੋਸ਼ੀ ਦੀ ਦਰ ਘੱਟ ਕੇ 20 ਫੀ ਸਦੀ ਤੋਂ 11 ਫੀ ਸਦੀ ਰਹਿ ਗਈ ਹੈ।
- ਡਾਇਬਟੀਜ਼ ਦੀ ਦਰ ਇੱਥੇ ਜ਼ਿਆਦਾ ਹੈ, 20 ਤੋਂ 49 ਸਾਲ ਦੇ ਉਮਰ ਵਰਗ ਦੇ ਲੋਕਾਂ ਵਿੱਚ ਪਿਛਲੇ 20 ਸਾਲਾਂ ਵਿੱਚ ਇਹ ਦਰ ਦੁੱਗਣੀ ਹੀ ਹੋਈ ਹੈ।
- ਕੌਮਾਂਤਰੀ ਪੱਧਰ ਉੱਤੇ ਸਫਰ ਕਰਨ ਕਾਰਨ ਸੰਕ੍ਰਮਣ ਨਾਲ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਕਿ ਹੈਪੇਟਾਈਟਸ ਏ, ਮਲੇਰੀਆ, ਪੈਰਾਟਾਈਫਾਈਡ ਫੀਵਰ ਤੇ ਟਾਈਫਾਈਡ ਫੀਵਰ ਦੀ ਦਰ ਵੀ ਵਧੀ ਹੈ।

ਸਿਹਤ ਸਬੰਧੀ ਹੋਰਨਾਂ ਰੁਝਾਨਾਂ ਵਿੱਚ :

- ਕਈ ਬਿਮਾਰੀਆਂ ਜਿਵੇਂ ਕਿ ਦਿਲ ਦੀਆਂ ਬਿਮਾਰੀਆਂ, ਸਟਰੋਕ ਤੇ ਲੰਗ ਕੈਂਸਰ ਆਦਿ ਦੀ ਦਰ ਘਟੀ ਹੈ।
- ਸ਼ਰੀਰਕ ਗਤੀਵਿਧੀਆਂ ਵਿੱਚ ਪਿਛਲੇ ਇੱਕ ਦਹਾਕੇ ਵਿੱਚ ਕੋਈ ਸੁਧਾਰ ਨਹੀਂ ਹੋਇਆ, 12 ਸਾਲ ਤੇ ਇਸ ਤੋਂ ਵੱਧ ਉਮਰ ਦੇ ਸਿਰਫ 26 ਫੀ ਸਦੀ ਪੀਲ ਵਾਸੀ ਹੀ ਆਪਣੇ ਵਿਹਲੇ ਸਮੇਂ ਵਿੱਚ ਕਿਸੇ ਸ਼ਰੀਰਕ ਗਤੀਵਿਧੀ ਵਿੱਚ ਹਿੱਸਾ ਲੈਂਦੇ ਹਨ।
- ਨਸ਼ੀਲੇ ਪਦਾਰਥਾਂ ਨਾਲ ਸਬੰਧਤ ਮੌਤਾਂ ਦੀਆਂ ਮਿਲ ਰਹੀਆਂ ਰਿਪੋਰਟਾਂ ਵਿੱਚ ਵਾਧਾ ਹੋਇਆ ਹੈ, ਜੋ ਕਿ 2013 ਵਿੱਚ 21 ਦੇ ਮੁਕਾਬਲੇ 2017 ਵਿੱਚ 81 ਤੱਕ ਪਹੁੰਚ ਗਈਆਂ ਹਨ।
- ਇਸ ਤੋਂ ਇਲਾਵਾ ਪੀਲ ਦੇ ਨੌਜਵਾਨਾਂ ਵਿੱਚ ਮਾਨਸਿਕ ਸਿਹਤ ਡਿਸਆਰਡਰ ਕਾਰਨ ਐਮਰਜੰਸੀ ਡਿਪਾਰਟਮੈਂਟ ਦੇ ਚੱਕਰ ਲਾਉਣ ਦਾ ਸਿਲਸਿਲਾ ਵਧਿਆ ਹੈ।

# ਸਾਡੀ ਸਰਕਾਰ ਆਉਣ ਉੱਤੇ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਨ ਵਾਲਿਆਂ ਨੂੰ ਦਿੱਤੀਆਂ ਜਾਣਗੀਆਂ ਸਖ਼ਤ ਸਜ਼ਾਵਾਂ : ਸ਼ੀਅਰ



ਓਟਵਾ, 23 ਮਈ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦਾ ਕਹਿਣਾ ਹੈ ਕਿ ਜੇ ਉਨ੍ਹਾਂ ਦੀ ਪਾਰਟੀ ਅਗਲੀਆਂ ਚੋਣਾਂ ਜਿੱਤਦੀ ਹੈ ਤਾਂ ਉਹ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਨ ਵਾਲਿਆਂ ਖਿਲਾਫ ਸਖ਼ਤ ਸਜ਼ਾਵਾਂ ਲਾਗੂ ਕਰਵਾਉਣਗੇ। ਇਸ ਤਹਿਤ ਕਿਸੇ ਵੀ ਬੱਚੇ ਖਿਲਾਫ ਕੀਤੇ ਗਏ ਗੰਭੀਰ ਜਿਨਸੀ ਅਪਰਾਧ ਲਈ ਘੱਟ ਤੋਂ ਘੱਟ ਪੰਜ ਸਾਲ ਦੀ ਜੇਲ੍ਹ ਦੀ ਸਜ਼ਾ ਨੂੰ ਯਕੀਨੀ ਬਣਾਇਆ ਜਾਵੇਗਾ।

ਸ਼ੀਅਰ ਨੇ ਆਖਿਆ ਕਿ ਮੌਜੂਦਾ ਸਜ਼ਾਵਾਂ, ਜੋ ਕਿ ਅਪਰਾਧ ਦੀ ਰੇਂਜ ਉੱਤੇ ਨਿਰਭਰ ਕਰਦੀਆਂ ਹਨ, ਅਕਸਰ ਛੋਟੀਆਂ ਹੁੰਦੀਆਂ ਹਨ। ਕੰਜ਼ਰਵੇਟਿਵਜ਼ ਅਜਿਹੇ ਕਾਨੂੰਨ ਨੂੰ ਅਪਡੇਟ ਕਰਨਗੇ ਤਾਂ ਕਿ ਇਸ ਤਰ੍ਹਾਂ ਦੇ ਜ਼ੁਰਮ ਲਈ ਦਿੱਤੀ ਜਾਣ ਵਾਲੀ ਸਜ਼ਾ ਜ਼ੁਰਮ ਦੀ ਤੀਬਰਤਾ ਨੂੰ ਧਿਆਨ ਵਿੱਚ ਰੱਖ ਕੇ ਦਿੱਤੀ ਜਾਵੇ। ਚੋਣਾਂ ਤੋਂ ਪਹਿਲਾਂ ਵਿਰੋਧੀ ਧਿਰ ਦੇ ਆਗੂ ਵੱਲੋਂ ਇਸ ਪੇਸ਼ਕਸ਼ ਦਾ ਖੁਲਾਸਾ ਕਿਊਬਿਕ ਵਿੱਚ ਕੀਤਾ ਗਿਆ। ਉਨ੍ਹਾਂ ਇਹ ਵੀ ਆਖਿਆ ਕਿ ਕਿਸੇ ਵੀ ਸਮਾਜ ਬਾਰੇ ਇਸ ਗੱਲ ਤੋਂ ਪਤਾ ਲਾਇਆ ਜਾ ਸਕਦਾ ਹੈ ਕਿ ਉਹ ਆਪਣੇ ਕਮਜ਼ੋਰ ਲੋਕਾਂ ਦੀ ਹਿਫਾਜ਼ਤ ਕਿਸ ਤਰ੍ਹਾਂ ਕਰਦਾ ਹੈ ਤੇ ਮੌਜੂਦਾ ਸਰਕਾਰ ਅਜਿਹਾ ਕਰਨ ਵਿੱਚ ਅਸਫਲ ਹੋ ਰਹੀ ਹੈ।

ਪਾਰਟੀ ਵੱਲੋਂ ਜਾਰੀ ਕੀਤੀ ਗਈ ਪ੍ਰੈੱਸ ਰਲੀਜ਼ ਵਿੱਚ ਆਖਿਆ ਗਿਆ ਕਿ ਐਂਡਰਿਊ ਸ਼ੀਅਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਬੱਚਿਆਂ ਦੀ ਸੇਫਟੀ ਨੂੰ ਪਹਿਲ ਦੇਵੇਗੀ ਤੇ ਇਹ ਯਕੀਨੀ ਬਣਾਵੇਗੀ ਕਿ ਜਿਹੜੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਕੈਨੇਡਾ ਦੇ ਨਿਆਂ ਪ੍ਰਬੰਧ ਦਾ ਪੂਰਾ ਅਹਿਸਾਸ ਹੋਵੇ। ਅਸੀਂ ਇਹ ਵੀ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਜੋ ਕੋਈ ਵੀ ਬੱਚਿਆਂ ਦਾ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕਰੇਗਾ ਉਸ ਨੂੰ ਲੰਮੇਂ ਸਮੇਂ ਤੱਕ ਜੇਲ੍ਹ ਵਿੱਚ ਰਹਿਣਾ ਹੋਵੇਗਾ। ਸ਼ੀਅਰ ਨੇ ਅੱਗੇ ਆਖਿਆ ਕਿ 2017 ਵਿੱਚ ਕੈਨੇਡਾ ਵਿੱਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੇ 8000 ਮਾਮਲੇ ਸਨ ਤੇ ਮੌਜੂਦਾ ਲਿਬਰਲ ਸਰਕਾਰ ਨੇ ਇਸ ਸਬੰਧ ਵਿੱਚ ਇਹ ਜ਼ੁਰਮ ਕਰਨ ਵਾਲਿਆਂ ਨੂੰ ਸਜ਼ਾਵਾਂ ਦਿਵਾਉਣ ਲਈ ਕੋਈ ਵੀ ਮਤਾ ਪੇਸ਼ ਨਹੀਂ ਕੀਤਾ।

ਇੱਕ ਬਿਆਨ ਵਿੱਚ ਨਿਆਂ ਮੰਤਰੀ ਡੇਵਿਡ ਲਮੇਟੀ ਦੇ ਤਰਜ਼ਮਾਨ ਨੇ ਸ਼ੀਅਰ ਦੇ ਇਸ ਪ੍ਰਸਤਾਵ ਦੀ ਆਲੋਚਨਾ ਕਰਦਿਆਂ ਆਖਿਆ ਕਿ ਇਸ ਨਾਲ ਬੱਚਿਆਂ ਦੀ ਕਿਸੇ ਵੀ ਤਰ੍ਹਾਂ ਹਿਫਾਜ਼ਤ ਨਹੀਂ ਹੋਵੇਗੀ ਸਗੋਂ ਅਜਿਹੇ ਮਾਮਲਿਆਂ ਵਿੱਚ ਇਨਸਾਫ ਮਿਲਣ ਵਿੱਚ ਹੋਰ ਦੇਰ ਹੋਵੇਗੀ। ਚਾਰਜਿਜ਼ ਉੱਤੇ ਰੋਕ ਲੱਗ ਸਕਿਆ ਕਰੇਗੀ ਤੇ ਸੰਵਿਧਾਨਕ ਚੁਣੌਤੀਆਂ ਵੱਖਰੀਆਂ ਖੜ੍ਹੀਆਂ ਹੋਣਗੀਆਂ।

## ਇਤਿਹਾਸਕ ਇਮਾਰਤ ਵਿੱਚ ਲੱਗੀ ਜ਼ਬਰਦਸਤ ਅੱਗ, ਹੋਇਆ ਭਾਰੀ ਨੁਕਸਾਨ

ਟੋਰਾਂਟੋ, 23 ਮਈ (ਪੋਸਟ ਬਿਊਰੋ) : ਵੀਰਵਾਰ ਸਵੇਰੇ ਜੰਕਸ਼ਨ ਵਿੱਚ ਮੌਜੂਦ ਹੋਟਲ ਦੀ ਇਤਿਹਾਸਕ ਇਮਾਰਤ ਵਿੱਚ ਜ਼ਬਰਦਸਤ ਅੱਗ ਲੱਗ ਜਾਣ ਕਾਰਨ ਇਮਾਰਤ ਨੂੰ ਭਾਰੀ ਨੁਕਸਾਨ ਹੋਇਆ। ਅੱਗ ਕੀਲੇ ਸਟਰੀਟ ਦੇ ਪੂਰਬ ਵਿੱਚ ਡੰਡਾਸ ਸਟਰੀਟ ਉੱਤੇ ਸਥਿਤ ਖਾਲੀ ਪਈ ਕਮਰਸ਼ੀਅਲ ਬਿਲਡਿੰਗ ਵਿੱਚ ਸਵੇਰੇ 3:00 ਵਜੇ ਲੱਗੀ। ਫਾਇਰ ਫਾਈਟਰਜ਼ ਵੱਲੋਂ 5:00 ਵਜੇ ਤੱਕ ਅੱਗ ਉੱਤੇ ਕਾਬੂ ਪਾ ਲਿਆ ਗਿਆ ਸੀ ਪਰ ਫਿਰ ਵੀ ਸਾਰੇ ਫਾਇਰ ਫਾਈਟਰਜ਼ ਕਿਸੇ ਹੋਰ ਅਸੁਖਾਵੀਂ ਘਟਨਾ ਨੂੰ ਰੋਕਣ ਲਈ ਮੌਕੇ ਉੱਤੇ ਹੀ ਮੌਜੂਦ ਰਹੇ।




ਇਹ ਇਮਾਰਤ, ਹੈਰੀਟੇਜ ਪ੍ਰਾਪਰਟੀ ਹੈ, 1890 ਦੀ ਬਣੀ ਹੋਈ ਹੈ। ਇੱਥੇ ਕਦੇ ਇਤਿਹਾਸਕ ਪੀਕੌਕ ਹੋਟਲ ਵੀ ਹੁੰਦਾ ਸੀ। ਅਜੇ ਤੱਕ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

PROPERTIES FOR SALE



5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms



47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.

Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ShereGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

LIVER CIRRHOSIS, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਸ਼ਰਾਬ ਛਡੱਣ ਦਾ ਸੋਖਾ ਤੇ ਸ਼ਰਤੀਆ ਇਲਾਜ਼
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
Heart Problems, Arteries blockage, ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ। ਜੇਕਰ ਤੁਸੀਂ stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਕਿਡਨੀ ਦੀ ਪਥਰੀ ਤੇ ਪਿਤੇ ਦੀ ਪਥਰੀ 7 ਤੋਂ 15 ਦਿਨਾਂ ਵਿੱਚ ਖਤਮ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, 13 ਤੋਂ 19 ਸਾਲ ਦੇ ਬਚਿਆਂ ਦਾ ਸੁਭਆ ਵਿੱਚ ਤਬਦੀਲੀ ਤੇ ਪੜ੍ਹਾਈ ਵਿੱਚ ਮੰਨ ਨਾ ਲਗਣਾ ਤੇ ਮਾਂ-ਬਾਪ ਨਾਲ ਚੰਗੀ ਤਰ੍ਹਾਂ ਗੱਲ ਨਾ ਕਰਣਾ ਤੇ ਖਾਣਾ ਪੀਣਾ ਬੰਦ ਕਰ ਦੇਣ ਦੇ ਪੱਕੇ ਇਲਾਜ ਲਈ ਸੰਪਰਕ ਕਰੋ।
ਲੇਡੀਜ਼ ਨੂੰ ਮਾਈਗਰੇਨ, ਸਿਰ ਦਰਦ ਤੇ ਜ਼ਿੱਦੀ ਛਾਈਆਂ ਵਰਗੀ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ ਤੇ ਆਪਣੇ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ, ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
100% Natural Cure | No Side Effect | ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

# ਪੰਜਾਬ ’ਚੋਂ ਕਾਂਗਰਸ ਨੇ 8 ਸੀਟਾਂ ਜਿੱਤ ਕੇ ਮੋਦੀ ਰੱਥ ਰੋਕਿਆ

...ਪੰਨਾ 1 ਦਾ ਬਾਕੀ




ਕਾਂਗਰਸ ਨੇ ਪਟਿਆਲਾ, ਫ਼ਰੀਦਕੋਟ, ਲੁਧਿਆਣਾ, ਫ਼ਤਿਹਗੜ੍ਹ ਸਾਹਿਬ, ਅਨੰਦਪੁਰ ਸਾਹਿਬ, ਜਲੰਧਰ, ਅੰਮ੍ਰਿਤਸਰ ਅਤੇ ਖਡੂਰ ਸਾਹਿਬ ਜਿੱਤੀਆਂ ਹਨ। ਗੁਰਦਾਸਪੁਰ ਅਤੇ ਅੰਮ੍ਰਿਤਸਰਭਾਜਪਾ ਨੇ ਅਤੇ ਅਕਾਲੀ ਦਲ ਨੇ ਫਿਰੋਜ਼ਪੁਰ ਅਤੇ ਬਠਿੰਡਾ ਤੋਂ ਜਿੱਤ ਪ੍ਰਾਪਤ ਕੀਤੀ ਤੇ ਆਮ ਆਦਮੀ ਪਾਰਟੀ ਦੇ ਭਗਵੰਤ ਮਾਨ ਨੇ ਸੰਗਰੂਰ ਦੀ ਸੀਟ ਜਿੱਤ ਲਈ ਹੈ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਪੁਰਾਣੇ ਸਾਥੀ ਅਤੇ ਕਾਂਗਰਸ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਨੂੰ ਹਰਾਇਆ ਹੈ। ਸੁਖਬੀਰ ਸਿੰਘ ਬਾਦਲ ਨੂੰ 633427 ਵੋਟਾਂ ਪਈਆਂ, ਸ਼ੇਰ ਸਿੰਘ ਘੁਬਾਇਆ 434577, ਆਮ ਆਦਮੀ ਪਾਰਟੀ ਦੇ ਹਰਜਿੰਦਰ ਸਿੰਘ ਕਾਕਾ ਸਰਾਂ ਨ 31872 ਅਤੇਪੀ ਡੀ ਏ ਫਰੰਟ ਵੱਲੋਂ ਸੀ ਪੀ ਆਈ ਦੇ ਹੰਸਰਾਜ ਗੋਲਡਨ ਨੂੰ 26128 ਵੋਟਾਂ ਮਿਲੀਆਂ।ਗੁਰਦਾਸਪੁਰ ਤੋਂ ਭਾਜਪਾ ਉਮੀਦਵਾਰ ਤੇ ਬਾਲੀਵੁੱਡ ਸਟਾਰ ਸੰਨੀ ਦਿਓਲ ਨੂੰ 558719 ਵੋਟਾਂ, ਕਾਂਗਰਸ ਦੇ ਸੁਨੀਲ ਜਾਖੜ ਨੂੰ 476260, ਆਮ ਆਦਮੀ ਪਾਰਟੀ ਦੇ ਪੀਟਰ ਮਸੀਹ ਨੂੰ 27744 ਤੇ ਪੀ ਡੀ ਏ ਫਰੰਟ ਦੇ ਲਾਲ ਚੰਦ ਕਟਾਰੂ ਚੱਕ ਨੂੰ 15274 ਵੋਟਾਂ ਮਿਲੀਆਂ। ਸੰਗਰੂਰਤੋਂ ਭਗਵੰਤ ਮਾਨ ਨੂੰ 413561, ਕਾਂਗਰਸ ਦੇ ਕੇਵਲ ਸਿੰਘ ਢਿੱਲੋਂ ਨੂੰ303350ਤੇ ਅਕਾਲੀ ਦਲ ਦੇ ਪਰਮਿੰਦਰ ਸਿੰਘ ਢੀਂਡਸਾ ਨੂੰ 263498 ਦੇ ਬਾਅਦ ਸਿਮਰਨਜੀਤ ਸਿੰਘ ਮਾਨ ਨੂੰ 48365 ਅਤੇ ਪੀ ਡੀ ਏ ਫਰੰਟ ਦੇ ਜਸਰਾਜ ਜੱਸੀ ਨੂੰ 20087 ਵੋਟਾਂ ਮਿਲੀਆਂ ਹਨ।

ਪਟਿਆਲਾ ਤੋਂ ਕਾਂਗਰਸ ਦੀ ਉਮੀਦਵਾਰ ਪ੍ਰਨੀਤ ਕੌਰ ਨੂੰ 532027, ਅਕਾਲੀ ਦਲ ਦੇ ਸੁਰਜੀਤ ਸਿੰਘ ਰੱਖੜਾ ਨੂੰ 369309 ਅਤੇ ਪਿਛਲੀ ਵਾਰ ਦੇ ਜੇਤੂ ਅਤੇ ਪੀ ਡੀ ਏ ਉਮੀਦਵਾਰ ਡਾ. ਧਰਮਵੀਰ ਗਾਂਧੀ ਨੂੰ 161645 ਦੇ ਨਾਲ ਆਮ ਆਦਮੀ ਪਾਰਟੀ ਦੀ ਨੀਨਾ ਮਿੱਤਲ ਨੂੰ 56877 ਵੋਟਾਂ ਮਿਲੀਆਂ ਹਨ।

ਫ਼ਤਿਹਗੜ੍ਹ ਸਾਹਿਬ ਵਿੱਚ ਕਾਂਗਰਸ ਦੇ ਡਾ. ਅਮਰ ਸਿੰਘ ਨੂੰ 411651, ਅਕਾਲੀ ਦਲ ਦੇ ਦਰਬਾਰਾ ਸਿੰਘ ਗੁਰੂ ਨੂੰ 317753 ਅਤੇ ਪੀ ਡੀ ਏ ਫਰੰਟ ਦੇ ਮਾਨਵਿੰਦਰ ਸਿੰਘ ਗਿਆਸਪੁਰਾ ਨੂੰ 142274 ਵੋਟਾਂ ਮਿਲੀਆਂ ਹਨ। ਲੁਧਿਆਣਾ ਵਿੱਚ ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਨੂੰ 383795 ਅਤੇ ਲੋਕ ਇਨਸਾਫ ਪਾਰਟੀ ਦੇ ਸਿਮਰਜੀਤ ਸਿੰਘ ਬੈਂਸ ਨੂੰ 307423 ਦੇ ਨਾਲ ਅਕਾਲੀ ਦਲ ਦੇ ਮਹੇਸ਼ਇੰਦਰ ਸਿੰਘ ਗਰੇਵਾਲ ਨੂੰ 299435 ਅਤੇ ਆਮ ਆਦਮੀ ਪਾਰਟੀ ਦੇ ਪ੍ਰੋ: ਟੀ ਪੀ ਸਿੰਘ ਨੂੰ 15945 ਵੋਟਾਂ ਮਿਲੀਆਂ ਹਨ।

ਬਠਿੰਡਾਤੋਂ ਅਕਾਲੀ ਦਲ ਦੀ ਹਰਸਿਮ-ਰਤ ਕੌਰ ਬਾਦਲ ਨੂੰ 492824, ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ 471052, ਆਮ ਆਦਮੀ ਪਾਰਟੀ ਦੀ ਪ੍ਰੋ: ਬਲਜਿੰਦਰ ਕੌਰ ਨੂੰ 134398 ਅਤੇ ਪੰਜਾਬ ਏਕਤਾ ਪਾਰਟੀ ਦੇ ਸੁਖਪਾਲ ਸਿੰਘ ਖਹਿਰਾ ਨੂੰ ਸਿਰਫ 38199 ਵੋਟਾਂ ਮਿਲੀਆਂ। ਜਲੰਧਰ ਤੋਂ ਸੰਤੋਖ ਸਿੰਘ ਚੌਧਰੀ ਨੂੰ 3,85,712 ਵੋਟਾਂ, ਚਰਨਜੀਤ ਸਿੰਘ ਅਟਵਾਲ ਨੂੰ 366221,ਬਸਪਾ ਦੇ ਬਲਵਿੰਦਰ ਕੁਮਾਰ ਨੂੰ 2,04,783ਤੇ ਆਮ ਆਦਮੀ ਪਾਰਟੀ ਦੇ ਜਸਟਿਸ ਜ਼ੋਰਾ ਸਿੰਘ ਨੂੰ 25,467 ਵੋਟਾਂ ਮਿਲੀਆਂ।ਅੰਮ੍ਰਿਤਸਰ ਤੋਂ ਕਾਂਗਰਸ ਦੇ ਗੁਰਜੀਤ ਸਿੰਘਔਜਲਾ ਨੂੰ 445032, ਭਾਜਪਾ ਦੇ ਹਰਦੀਪ ਪੁਰੀ ਨ 345406 ਅਤੇ ਆਮ ਆਦਮੀ ਪਾਰਟੀ ਦੇ ਕੁਲਦੀਪ ਸਿੰਘ ਧਾਲੀਵਾਲ ਨੂੰ 20087 ਤੋਂ ਇਲਾਵਾ ਸੀ ਪੀ ਆਈ ਦੀ ਦਸਵਿੰਦਰ ਕੌਰ ਨੂੰ 16335 ਵੋਟਾਂ ਪਈਆਂ।ਹੁਸ਼ਿਆਰਪੁਰ ਤੋਂ ਭਾਜਪਾ ਦੇ ਸੋਮ ਪ੍ਰਕਾਸ਼ ਨੂੰ 421320 ਵੋਟਾਂ, ਕਾਂਗਰਸ ਦੇ ਡਾ. ਰਾਜ ਕੁਮਾਰ ਚੱਬੇਵਾਲ ਨੂੰ 372790 ਵੋਟਾਂ ਤੇ ਬਸਪਾ ਦੇ ਖ਼ੁਸ਼ੀ ਰਾਮ ਨੂੰ 128564 ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਡਾ: ਰਵਜੋਤ ਸਿੰਘ ਨੂੰ 44914 ਵੋਟਾਂ ਮਿਲੀਆਂ।ਖਡੂਰ ਸਾਹਿਬ ਤੋਂ ਕਾਂਗਰਸ ਦੇ ਜਸਬੀਰ ਸਿੰਘ ਡਿੰਪਾ ਨੂੰ 459710, ਅਕਾਲੀ ਦਲ ਦੀ ਬੀਬੀ ਜਾਗੀਰ ਕੌਰ ਨੂੰ 319137, ਪੀ ਡੀ ਏ ਫਰੰਟ ਦੀ ਬੀਬੀ ਪਰਮਜੀਤ ਕੌਰ ਖਾਲੜਾ ਨੂੰ 214489 ਤੇ ਆਮ ਆਦਮੀ ਪਾਰਟੀ ਦੇ ਮਨਜਿੰਦਰ ਸਿੰਘ ਸਿੱਧੂ ਨੂੰ 13656 ਵੋਟਾਂ ਪਈਆਂ।ਫ਼ਰੀਦਕੋਟ ਤੋਂ ਕਾਂਗਰਸ ਦੇ ਮੁਹੰਮਦ ਸਦੀਕ ਨੇ 419065, ਅਕਾਲੀ ਦਲ ਦੇ ਗੁਲਜ਼ਾਰ ਸਿੰਘ ਰਣੀਕੇ ਨੇ 335809 ਤੇ ਆਮ ਆਦਮੀ ਪਾਰਟੀ ਦੇ ਪ੍ਰੋ: ਸਾਧੂ ਸਿੰਘ ਨੇ115319 ਵੋਟਾਂ ਲਈਆਂ, ਪਰ ਪੀ ਡੀ ਏ ਫਰੰਟ ਦੇ ਮਾਸਟਰ ਬਲਦੇਵ ਸਿੰਘ ਜੈਤੋ ਮਸਾਂ 43932 ਵੋਟਾਂ ਹੀ ਲੈ ਸਕੇ। ਆਨੰਦਪੁਰ ਸਾਹਿਬ ਵਿਚੋਂਕਾਂਗਰਸ ਦੇ ਮਨੀਸ਼ ਤਿਵਾੜੀ ਨੂੰ 428045, ਅਕਾਲੀ ਦਲ ਦੇ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੂੰ 381161, ਬਹੁਜਨ ਸਮਾਜ ਪਾਰਟੀ ਦੇ ਸੋਢੀ ਵਿਕਰਮ ਸਿੰਘ ਨੂੰ 146441, ਆਮ ਆਦਮੀ ਪਾਰਟੀ ਦੇ ਨਰਿੰਦਰ ਸਿੰਘ ਸ਼ੇਰਗਿੱਲ ਨੂੰ 53052 ਵੋਟਾਂ ਦੇ ਇਲਾਵਾ ਸੀਪੀ ਐਮ ਦੇ ਰਘੂਨਾਥ ਸਿੰਘ ਨੂੰ 10665, ਅਕਾਲੀ ਦਲ (ਟਕਸਾਲੀ) ਦੇ ਬੀਰਦਵਿੰਦਰ ਸਿੰਘ ਨੂੰ 10424 ਵੋਟਾਂ ਪਈਆਂ ਹਨ।






## ਕੈਪਟਨ ਅਮਰਿੰਦਰ ਸਿੰਘ ਲੋਕ ਸਭਾ ਦੇ ਨਤੀਜੇ ਤੋਂ ਪਿੱਛੋਂ ਨਵਜੋਤ ਸਿੱਧੂ ਉੱਤੇ ਭੜਕਿਆ

ਚੰਡੀਗੜ੍ਹ, 23 ਮਈ, (ਪੋਸਟ ਬਿਊਰੋ)- ਪੰਜਾਬ ਤੋਂ ਲੋਕ ਸਭਾ ਚੋਣਾਂ ਵਿੱਚ ਭਾਵੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਤਸੱਲੀ ਪ੍ਰਗਟ ਕੀਤੀ ਹੈ, ਪਰ ਬਠਿੰਡਾ, ਗੁਰਦਾਸਪੁਰ, ਫਿਰੋਜ਼ਪੁਰ, ਸੰਗਰੂਰ ਆਦਿ ਵਿਚ ਮਿਲੀ ਹਾਰ ਦਾ ਭਾਂਡਾ ਉਸ ਨੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੱਧੂ ਦੇ ਸਿਰ ਭੰਨਿਆ ਅਤੇ ਕਈ ਸਵਾਲ ਚੁੱਕੇ ਹਨ।

ਅੱਜ ਇਕ ਪ੍ਰੈੱਸ ਕਾਨਫਰੰਸ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਬਠਿੰਡਾ ਦੇ ਲੰਬੀ ਹਲਕੇ ਵਿੱਚ ਜਾ ਕੇ ਨਵਜੋਤ ਸਿੰਘ ਸਿੱਧੂ ਦੇ ਭਾਸ਼ਣਨੇ ਪਾਰਟੀ ਦਾ ਨੁਕਸਾਨ ਕੀਤਾ ਹੈ। ਵਰਨਣ ਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਚੋਣ ਪ੍ਰਚਾਰ ਦੇ ਆਖਰੀ ਦਿਨ ਇਸ ਰੈਲੀ ਵਿੱਚ ‘ਮੈਚ ਫਿਕਸਿੰਗ’ ਦਾ ਬਿਆਨ ਦਿੱਤਾ ਸੀ, ਜਿਸ ਪਿੱਛੋਂਮੁੱਖ ਮੰਤਰੀ ਤੇ ਪੰਜਾਬ ਦੇ ਕਈ ਮੰਤਰੀਆਂ ਨੇ ਉਸ ਦੇ ਖਿਲਾਫ ਮੋਰਚਾ ਖੋਲ੍ਹਦੇ ਅਸਤੀਫਾ ਦੇਣ ਨੂੰ ਕਿਹਾ ਸੀ। ਅੱਜ ਮੁੱਖ ਮੰਤਰੀ ਨੇ ਕਿਹਾ ਕਿ ਜੋ ਕੁਝ ਨਵਜੋਤ ਸਿੰਘ ਸਿੱਧੂ ਨੇ ਬਠਿੰਡਾ ਵਿਚ ਬੋਲਿਆ, ਉਹ ਇਕ ਦਿਨ ਰੁਕ ਕੇ ਬੋਲ ਦਿੰਦੇ ਤਾਂ ਪਾਰਟੀ ਨੂੰ ਇੰਨਾ ਨੁਕਸਾਨ ਨਾ ਹੁੰਦਾ। ਉਨ੍ਹਾਂ ਕਿਹਾ ਕਿ ਜੇ ਉਸ ਦੇ ਮਨ ਵਿਚ ਮੱਤਭੇਦ ਸਨ ਤਾਂ ਇੱਕ ਦਿਨ ਰੁਕ ਵੀ ਸਕਦਾ ਸੀ, ਉਸੇ ਦਿਨ ਕਿਉਂ ਬੋਲਿਆ ਸੀ। ਉਨ੍ਹਾਂ ਨੇ ਸਿੱਧੂ ਉੱਤੇ ਬਰਗਾੜੀ ਬੇਅਦਬੀ ਕਾਂਡ ਤੇ ਗੋਲ਼ੀਕਾਂਡਾਂ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ ਦੇ ਖ਼ਿਲਾਫ਼ ਬਿਆਨਬਾਜ਼ੀ ਦਾ ਵੀ ਬੁਰਾ ਮਨਾਇਆ ਤੇ ਕਿਹਾ ਕਿ ਜਦੋਂ ਟੀਮ ਬਣਾਈ ਤਾਂ ਸਿੱਧੂ ਨੇ ਧੰਨਵਾਦ ਕੀਤਾ ਸੀ। ਇਸ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਸਿੱਧੂ ਦੇ ਪਾਕਿਸਤਾਨ ਦੌਰੇ ਦੌਰਾਨ ਪਾਕਿਸਤਾਨੀ ਫੌਜ ਦੇ ਮੁਖੀ ਨਾਲ ਪਾਈ ਜੱਫੀ ਨੂੰ ਗਲਤ ਕਿਹਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੀ ਫੌਜ ਦੇ ਮੁਖੀ ਦੇ ਇਸ਼ਾਰੇ ਉਤੇ ਸਾਡੇ ਜਵਾਨਾਂ ਦਾ ਖ਼ੂਨ ਵਹਾਇਆ ਜਾਂਦਾ ਹੈ ਅਤੇ ਭਾਰਤੀ ਅਤੇ ਪੰਜਾਬੀ ਲੋਕ ਇਸ ਜੱਫੀ ਅਤੇ ਦੋਸਤੀ ਨੂੰ ਕਦੇ ਮਨਜ਼ੂਰ ਨਹੀਂ ਕਰ ਸਕਦੇ।

## ਮੁਹੰਮਦ ਸਦੀਕ ਵੱਲੋਂ ਕਾਂਗਰਸ ਪਾਰਟੀ ਦੇ ਆਗੂਆਂ, ਵਰਕਰਾਂ ਅਤੇ ਸਮੂਹ ਵੋਟਰਾਂ ਦਾ ਧੰਨਵਾਦ



ਫਰੀਦਕੋਟ 23 ਮਈ (ਗਿਆਨ ਸਿੰਘ )-ਲੋਕ ਸਭਾ ਚੋਣਾਂ ਵਿਚ ਫ਼ਰੀਦਕੋਟ ਲੋਕ ਸਭਾ ਹਲਕੇ ਤੋਂ ਜੇਤੂ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਜਨਾਬ ਮੁਹੰਮਦ ਸਦੀਕ ਨੇ ਆਪਣੀ ਜਿੱਤ ਲਈ ਸਮੂਹ ਵੋਟਰਾਂ, ਆਪਣੇ ਸਮਰਥਕਾਂ ਅਤੇ ਕਾਂਗਰਸ ਪਾਰਟੀ ਦੇ ਆਗੂਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ । ਉਨ੍ਹਾਂ ਕਿਹਾ ਕਿ ਇਹ ਜਿੱਤ ਮੇਰੀ ਨਹੀਂ ਸਗੋਂ ਹਲਕੇ ਦੇ ਵੋਟਰਾਂ ਅਤੇ ਕਾਂਗਰਸ ਪਾਰਟੀ ਅਤੇ ਪਾਰਟੀ ਆਗੂਆਂ ਦੀ ਜਿੱਤ ਹੈ । ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਫ਼ਰੀਦਕੋਟ ਹਲਕੇ ਦੇ ਲੋਕਾਂ ਨੇ ਕਾਂਗਰਸ ਪਾਰਟੀ ਦੀਆਂ ਨੀਤੀਆਂ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਯੋਗ ਅਗਵਾਈ ਵਿੱਚ ਭਰੋਸਾ ਪ੍ਰਗਟ ਕੀਤਾ ਹੈ । ਉਨ੍ਹਾਂ ਕਿਹਾ ਕਿ ਉਹ ਆਪਣੀ ਪਾਰਟੀ ,ਹਲਕੇ ਦੇ ਵੋਟਰਾਂ ਦੇ ਸਦਾ ਰਿਣੀ ਰਹਿਣਗੇ ਅਤੇ ਹਲਕੇ ਦਾ ਸਰਬਪੱਖੀ ਵਿਕਾਸ ਕਰਕੇ ਉਨ੍ਹਾਂ ਦਾ ਕਰਜ਼ ਉਤਾਰਨਗੇ ।

ਫ਼ਰੀਦਕੋਟ ਤੋਂ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੇ ਵੀ ਜਨਾਬ ਮੁਹੰਮਦ ਸਦੀਕ ਦੀ ਸ਼ਾਨਦਾਰ ਜਿੱਤ ਤੇ ਸਮੂਹ ਫ਼ਰੀਦਕੋਟ ਵਾਸੀਆਂ ਅਤੇ ਹਲਕੇ ਦੇ ਵੋਟਰਾਂ ਨੂੰ ਵਧਾਈ ਦਿੱਤੀ ਹੈ । ਉਨ੍ਹਾਂ ਕਿਹਾ ਕਿ ਲੋਕਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪਿਛਲੇ ਸਮੇਂ ਵਿੱਚ ਰਾਜ ਦੇ ਵਿਕਾਸ ਅਤੇ ਲੋਕ ਕਲਿਆਣੀ ਕੰਮਾਂ ਕਾਰਨ ਕਾਂਗਰਸੀ ਉਮੀਦਵਾਰਾਂ ਨੂੰ ਵੱਡੇ ਫਰਕ ਨਾਲ ਜਿਤਾਇਆ ਹੈ । ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਵੋਟਰਾਂ ਨੇ ਕਾਂਗਰਸ ਪਾਰਟੀ ਵਿੱਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਹੈ ਉਸੇ ਤਰ੍ਹਾਂ ਹੀ ਪੰਜਾਬ ਸਰਕਾਰ ਵੱਲੋਂ ਹਲਕੇ ਦੇ ਵਿਕਾਸ ਕਾਰਜ ਕਰਵਾ ਕੇ ਵੋਟਰਾਂ ਦਾ ਕਰਜ ਲਾਹਿਆ ਜਾਵੇਗਾ । ਉਨ੍ਹਾਂ ਕਿਹਾ ਕਿ ਜਨਾਬ ਮੁਹੰਮਦ ਦੀ ਜਿੱਤ ਲਈ ਫ਼ਰੀਦਕੋਟ ਲੋਕ ਸਭਾ ਹਲਕੇ ਦੇ ਸਮੂਹ ਪਾਰਟੀ ਆਗੂਆਂ ਤੇ ਵਰਕਰਾਂ ਵੱਲੋਂ ਦਿਨ ਰਾਤ ਇਕ ਕਰਕੇ ਮਿਹਨਤ ਕੀਤੀ ਗਈ ਹੈ ,ਜਿਸ ਕਾਰਨ ਇਹ ਸ਼ਾਨਦਾਰ ਜਿੱਤ ਪ੍ਰਾਪਤ ਹੋਈ ਹੈ।

## ਅਮਰਿੰਦਰ ਪੰਜਾਬ ਦੇ ਅਸਲ ਕਪਤਾਨ : ਰੰਧਾਵਾ

ਚੰਡੀਗੜ੍ਹ, 23 ਮਈ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਦੇ ਨਤੀਜਿਆਂ ’ਚ ਪੰਜਾਬ ’ਚ ਕਾਂਗਰਸ ਪਾਰਟੀ ਨੂੰ ਮਿਲੀ ਵੱਡੀ ਸਫ਼ਲਤਾ ’ਤੇ ਬੋਲਦਿਆਂ ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਰੰਧਾਵਾ ਨੇ ਇਸ ਦਾ ਸਿਹਰਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਿਰ ਬੰਨ੍ਹਿਆ। ਉਨ੍ਹਾਂ ਕਿਹਾ ਕਿ 13 ’ਚੋਂ 8 ਸੀਟਾਂ ਦੀ ਸ਼ਾਨਦਾਰ ਜਿੱਤ ਨਾਲ ਅਮਰਿੰਦਰ ਸਿੰਘ ਪੰਜਾਬ ਦੇ ਅਸਲ ਕਪਤਾਨ ਸਾਬਤ ਹੋਏ ਜਿਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪਛਾੜਨ ’ਚ ਸਫ਼ਲਤਾ ਹਾਸਲ ਕੀਤੀ। ਰੰਧਾਵਾ ਨੇ ਕਿਹਾ ਕਿ ਅਮਰਿੰਦਰ ਨੇ ਇਕ ਵਾਰ ਸਿੱਧ ਕਰ ਦਿੱਤਾ ਕਿ ਉਨ੍ਹਾਂ ਦੀ ਕਪਤਾਨੀ ਹੇਠ ਪੰਜਾਬ ’ਚ ਕਾਂਗਰਸ ਪਾਰਟੀ ਦਾ ਕਿਲਾ ਹੋਰ ਮਜਬੂਤ ਕੀਤਾ ਹੈ। ਉਨ੍ਹਾਂ ਕਿਹਾ ਕਿ ਦੋ ਸਾਲ ਪਹਿਲਾਂ ਕੈਪਟਨ ਅਮਰਿੰ-ਦਰ ਸਿੰਘ ਦੀ ਅਗਵਾਈ ਵਿਚ ਦੋ ਤਿਹਾਈ ਬਹੁਮਤ ਨਾਲ ਵਿਧਾਨ ਸਭਾ ਚੋਣਾਂ ’ਚ ਆਪਣੀ ਕਾਬਲੀਅਤ ਸਿੱਧ ਕੀਤੀ ਸੀ ਅਤੇ ਹੁਣ ਲੋਕ ਸਭਾ ਚੋਣਾਂ ਵਿੱਚ 8 ਸੀਟਾਂ ਦੀ ਜਿੱਤ ਨਾਲ ਕਾਂਗਰਸ ਨੇ ਪਿਛਲੀਆਂ ਲੋਕ ਸਭਾ ਚੋਣਾਂ ਨਾਲੋਂ ਦੋਗੁਣਾ ਬਿਹਤਰ ਪ੍ਰਦਰਸਨ ਕਰ ਕੇ ਦਿਖਾਇਆ ਹੈ। ਰੰਧਾਵਾ ਨੇ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਦੀ ਵੱਡੀ ਜਿੱਤ ਨਾਲ ਅਕਾਲੀ ਦਲ ਤੇ ਆਪ ਖਾਤਮੇ ਵੱਲ ਵਧੇ ਹਨ। ਅਕਾਲੀ ਦਲ 4 ਵਿੱਚੋਂ 2 ਅਤੇ ਆਪ 4 ਵਿੱਚੋਂ 1 ਸੀਟ ਉਤੇ ਸਿਮਟ ਗਿਆ। ਬਾਦਲਾਂ ਨੇ ਆਪਣੇ ਪਰਿਵਾਰ ਪਿੱਛੇ ਪੂਰੇ ਅਕਾਲੀ ਦਲ ਨੂੰ ਛਿੱਕੇ ਟੰਗ ਦਿੱਤਾ ਅਤੇ ਨਤੀਜੇ ਵੀ ਇਹੋ ਸਾਬਤ ਕਰਦੇ ਹਨ।

## 25 ਮਈ ਤੱਕ ਮੁਕੰਮਲ ਹੋਵੇਗਾ ਕਣਕ ਦੀ ਖ਼ਰੀਦ ਦਾ ਕੰਮ

ਚੰਡੀਗੜ੍ਹ, 23 ਮਈ (ਪੋਸਟ ਬਿਓ*ਰੋ)- ਪੰਜਾਬ ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬੇ ’ਚ ਸਰਕਾਰੀ ਏਜੰਸੀਆਂ ਵਲੋਂ ਚੱਲ ਰਹੀ ਕਣਕ ਦੀ ਖ਼ਰੀਦ 25 ਮਈ, 2019 ਤੱਕ ਕੀਤੀ ਜਾਵੇਗੀ। ਉਹਨਾਂ ਅੱਗੇ ਦੱਸਿਆ ਕਿ ਮੰਡੀਆਂ ਵਿੱਚੋਂ ਖ਼ਰੀਦੀ ਕਣਕ ਦੀ ਚੁਕਾਈ ਪ੍ਰਕਿਰਿਆ ਸੁਚੱਜੇ ਢੰਗ ਨਾਲ ਚੱਲ ਰਹੀ ਹੈ। ਸਰਕਾਰੀ ਏਜੰਸੀਆਂ ਵੱਲੋਂ ਖ਼ਰੀਦੀ ਕੁੱਲ ਕਣਕ ਵਿੱਚੋਂ 95 ਫ਼ੀਸਦ ਕਣਕ ਦੀ ਚੁਕਾਈ ਮੁਕੰਮਲ ਹੋ ਚੁੱਕੀ ਹੈ। ਬਠਿੰਡਾ, ਫ਼ਰੀਦਕੋਟ, ਕਪੂਰਥਲਾ, ਪਟਿਆਲਾ, ਸੰਗਰੂਰ, ਐਸ.ਏ.ਐਸ. ਨਗਰ ਅਤੇ ਮਾਨਸਾ ਵਿੱਚ 99 ਫ਼ੀਸਦ ਕਣਕ ਦੀ ਚੁਕਾਈ ਕੀਤੀ ਜਾ ਚੁੱਕੀ ਹੈ। ਕਿਸਾਨਾਂ ਨੂੰ ਆਪਣੀ ਕਣਕ ਨੂੰ ਜਲਦੀ ਤੋਂ ਜਲਦੀ ਅਨਾਜ ਮੰਡੀਆਂ ਤਕ ਪਹੁੰਚਾਉਣ ਦੀ ਅਪੀਲ ਕਰਦਿਆਂ ਬੁਲਾਰੇ ਨੇ ਕਿਹਾ ਕਿ ਖ਼ੁਰਾਕ ਵਿਭਾਗ ਵੱਲੋਂ 132 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਲਈ ਸਾਰੇ ਪ੍ਰਬੰਧ ਕੀਤੇ ਗਏ ਹਨ। ਉਨਾਂ ਕਿਹਾ ਕਿ ਕਣਕ ਦੀ ਖਰੀਦ ਨਾਲ ਸੂਬੇ ਦੇ 8.20 ਲੱਖ ਕਿਸਾਨਾਂ ਨੂੰ ਲਾਭ ਹੋਇਆ ਹੈ। ਸੂਬਾ ਖਰੀਦ ਏਜੰਸੀਆਂ ਵੱਲੋਂ 22 ਮਈ, 2019 ਤੱਕ 20,000 ਕਰੋੜ ਰੁਪਏ ਤੋਂ ਵੱਧ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ।








**Paramjit Deol** Broker **CELL: 416-993-7378**
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

**Your neighborhood broker, Call Paramjit Deol Today**

**TORONTO $6.99/Sq Ft** — **22 Arrow Rd 1**: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

**Chatham-Kent $85,000** — **2 Chittim Rd 408 :** Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

**TORONTO $140,000** — **45 Four Winds Dr :** Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

**BRAMPTON $169,900** — Photo Not Available — **537 Van Kirk Dr 110 :** Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

**BRAMPTON $195,900** — Photo Not Available — **2070 Steeles Ave 18:** Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

**BRAMPTON $199,900** — Photo Not Available — **8770 The Gore Rd 6 :** Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

**BRAMPTON $199,000** — **25 Cherrycrest Dr:** Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

**BRAMPTON $369,000** — **15 Brisdale Dr 7&8 :** ਹੱਥੋਂ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

**TORONTO $309,000** — **320 Dixon Rd 1715:** Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

**BRAMPTON $349,000** — SUBWAY eat fresh. — **3024 Hurontario St G7 :** Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

**BRAMPTON $449,000** — **315 Royal West Dr F & G :** Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

**MISSISSAUGA $469,000** — Photo Not Available — **349 Rathburn Rd W 1601:** First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

**BRAMPTON $469,000** — Photo Not Available — **537 Van Kirk Dr 110:** For sale Please call 905-405-8484

**BRANTFORD $525,000** — **118&120 Morrell St:** Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

**MISSISSAUGA $629,000** — Photo Not Available — **7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $779,000** — **9 Loftsmoor Dr:** Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019

# ਮੋਦੀ-ਸ਼ਾਹ ਦੀਆਂ ਨੀਤੀਆਂ 'ਤੇ ਲੋਕਾਂ ਨੇ ਲਗਾਈ ਮੋਹਰ : ਸਾਂਪਲਾ



ਚੰਡੀਗੜ੍ਹ, 23 ਮਈ (ਪੋਸਟ ਬਿਊਰੋ)- ਕੇਂਦਰੀ ਰਾਜ ਮੰਤਰੀ ਅਤੇ ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਵਿਜੇ ਸਾਂਪਲਾ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਵਲੋਂ ਅਪਨਾਈਆਂ ਗਈਆਂ ਵਿਕਾਸ ਪੱਖੀ ਨੀਤੀਆਂ 'ਤੇ ਦੇਸ਼ ਦੇ ਲੋਕਾਂ ਨੇ ਮੋਹਰ ਲਗਾ ਦਿੱਤੀ ਹੈ। ਅੱਜ ਇਥੇ ਭਾਜਪਾ ਅਤੇ ਉਸਦੀਆਂ ਸਾਥੀ ਪਾਰਟੀਆਂ ਦੀ ਸ਼ਾਨਦਾਰ ਜਿੱਤ ਦੇ ਬਦਲੇ ਦੇਸ਼ ਦੀ ਜਨਤਾ ਦਾ ਧੰਨਵਾਦ ਕਰਦਿਆਂ ਸਾਂਪਲਾ ਨੇ ਕਿਹਾ ਕਿ ਦੇਸ਼ ਦੀ ਜਨਤਾ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਦੇਸ਼ ਦੇ ਲੋਕ ਹੁਣ ਦਿਲ ਲੁਭਾਵਣੇ ਵਾਅਦਿਆਂ ਨੂੰ ਮਹੱਤਵ ਨਹੀਂ ਦਿੰਦੇ, ਸਗੋਂ ਕੰਮ ਕਰਨ ਵਾਲੀ ਪਾਰਟੀ ਦੇ ਹੱਥ 'ਚ ਹੀ ਦੇਸ਼ ਦਾ ਭਵਿਖ ਸੁਰੱਖਿਅਤ ਸਮਝਦੇ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਦੇਸ਼ ਦੇ ਹਰ ਵਰਗ ਦੇ ਵਿਕਾਸ ਅਤੇ ਦੇਸ਼ ਦੀ ਸੁਰੱਖਿਆ ਲਈ ਵੱਡੇ ਕਦਮ ਚੁੱਕੇ, ਜਿਸ 'ਚ ਲੋਕਾਂ ਨੇ ਮੁੜ ਵਿਸ਼ਵਾਸ ਜਤਾਇਆ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਉਸ ਦੀਆਂ ਸਾਥੀ ਪਾਰਟੀਆਂ ਵਲੋਂ ਅਪਨਾਈ ਗਈ ਰਾਜਨੀਤੀ ਨੂੰ ਦੇਸ਼ ਦੇ ਲੋਕਾਂ ਨੇ ਕਰਾਰੀ ਹਾਰ ਦਿੱਤੀ ਹੈ। ਉਨ੍ਹਾਂ ਸਮੂਹ ਲੀਡਰਸ਼ਿਪ ਸਹਿਤ ਗਠਜੋੜ ਦੇ ਵਰਕਰਾਂ ਨੂੰ ਇਸ ਸ਼ਾਨਦਾਰ ਜਿੱਤ ਲਈ ਵਧਾਈ ਦਿੰਦਿਆਂ ਕਿਹਾ ਕਿ ਇਸ ਬੇ-ਮਿਸਾਲ ਜਿੱਤ ਤੋਂ ਹੁਣ ਵਿਰੋਧੀ ਪਾਰਟੀਆਂ ਨੂੰ ਸਿਖ ਲੈਣੀ ਚਾਹੀਦੀ ਹੈ ਕਿ ਜੋ ਕਿਹਾ ਜਾਂਦਾ ਹੈ, ਉਸ 'ਤੇ ਖਰਾ ਉਤਰਨਾ ਵੀ ਜਰੂਰੀ ਹੁੰਦਾ ਹੈ। ਉਨ੍ਹਾਂ ਨੇ ਪੰਜਾਬ 'ਚ ਅਕਾਲੀ-ਭਾਜਪਾ ਗਠਜੋੜ ਦੇ ਉਮੀਦਵਾਰਾਂ ਦੀ ਸਫ਼ਲਤਾ ਲਈ ਵੋਟਰਾਂ ਦਾ ਧੰਨਵਾਦ ਕਰਦਿਆਂ ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ, ਫਿਰੋਜਪੁਰ ਤੋਂ ਸੁਖਬੀਰ ਸਿੰਘ ਬਾਦਲ, ਗੁਰਦਾ-ਸਪੁਰ ਤੋਂ ਸੰਨੀ ਦਿਓਲ ਅਤੇ ਹੁਸ਼ਿਆਰਪੁਰ ਤੋਂ ਸੋਮ ਪ੍ਰਕਾਸ਼ ਨੂੰ ਜਿੱਤ ਦੀ ਵਧਾਈ ਦਿੱਤੀ।

# ਪੰਜਾਬ ਵਿਚ 'ਘਰ ਦਾ ਜੋਗੀ ਜੋਗੜਾ' ਹੰਸ ਰਾਜ ਹੰਸ ਦਿੱਲੀ ਤੋਂ ਜਿੱਤ ਗਿਆ

## * ਕਰਨਾਲ ਤੋਂ ਭਾਜਪਾ ਉਮੀਦਵਾਰ ਨੇ ਜਿੱਤ ਦਾ ਰਿਕਾਰਡ ਬਣਾਇਆ



ਨਵੀਂ ਦਿੱਲੀ, 23 ਮਈ, (ਪੋਸਟ ਬਿਊਰੋ)- ਪੰਜਾਬੀ ਲੋਕ ਗਾਇਕ ਹੰਸ ਰਾਜ ਹੰਸ ਉੱਤੇ ਉਨ੍ਹਾਂ ਦੇ ਆਪਣੇ ਜੱਦੀ ਹਲਕੇ ਜਲੰਧਰ ਦੇ ਵੋਟਰਾਂ ਨੇ ਭਰੋਸਾ ਨਹੀਂਸੀ ਕੀਤਾ, ਪਰ ਉੱਤਰ ਪੱਛਮੀ ਦਿੱਲੀ ਦੇ ਲੋਕਾਂ ਨੇ ਹੰਸ ਰਾਸ ਹੰਸ ਭਾਰੀ ਵੋਟਾਂ ਨਾਲ ਹਰਾ ਕੇ ਪਾਰਲੀਮੈਂਟ ਵਿੱਚ ਪਹੁੰਚਣ ਦਾ ਹੱਕ ਦੇ ਦਿੱਤਾ ਹੇ। ਚੋਣ ਨਤੀਜਿਆਂ ਮੁਤਾਬਕ ਹੰਸ ਰਾਜ ਹੰਸ ਨੂੰ 848663 ਵੋਟਾਂ ਮਿਲੀਆਂ, ਆਮ ਆਦਮੀ ਪਾਰਟੀ ਦੇ ਗੁਗਨ ਸਿੰਘ ਨੂੰ 294766 ਅਤੇ ਕਾਂਗਰਸ ਦੇ ਰਾਜੇਸ਼ ਲਿਲੋਥੀਆਂ ਨੂੰ 236882 ਵੋਟਾਂ ਮਿਲੀਆਂ। ਵਰਨਣ ਯੋਗ ਹੈ ਕਿ ਦਿੱਲੀ ਵਿੱਚਹੰਸ ਰਾਜ ਹੰਸ ਉੱਤੇ ਮੁਸਲਿਮ ਧਰਮ ਅਪਣਾਉਣ ਦਾ ਦੋਸ਼ ਵੀ ਲੱਗਦਾ ਰਿਹਾ ਸੀ, ਪਰ ਉਨ੍ਹਾਂ ਦੇ ਖਿਲਾਫ ਇਸ ਦੇ ਸੰਬੰਧ ਵਿੱਚ ਕੀਤੀ ਗਈ ਸ਼ਿਕਾਇਤ ਚੋਣ ਚੋਣ ਕਮਿਸ਼ਨ ਨੇ ਨਹੀਂ ਸੀ ਮੰਨੀ।

ਇਸ ਦੌਰਾਨਕਰਨਾਲ ਸੀਟ ਤੋਂ ਪਹਿਲੀ ਵਾਰ ਲੋਕ ਸਭਾ ਦੀ ਚੋਣ ਲੜਨ ਵਾਲੇ ਭਾਜਪਾ ਉਮੀਦਵਾਰ ਸੰਜੇ ਭਾਟੀਆ ਨੇ ਦੇਸ਼ ਦੀ ਸਭ ਤੋਂ ਵੱਡੀ ਜਿੱਤ ਦਾ ਰਿਕਾਰਡ ਤੋੜ ਦਿੱਤਾ ਹੈ। ਉਨ੍ਹਾਂ ਨੇ ਪਿਛਲੀ ਚੋਣ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਿੱਤ ਦੇ ਰਿਕਾਰਡ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਸੰਜੇ ਭਾਟੀਆ ਨੇ 6 ਲੱਖ 54 ਹਜ਼ਾਰ 269 ਵੋਟਾਂ ਨਾਲ ਜਿੱਤ ਦਰਜ ਕੀਤੀ ਹੈ। ਅਜੇ ਤਕ ਲੋਕ ਸਭਾ ਚੋਣ ਵਿਚ ਸਭ ਤੋਂ ਵੱਡੀ ਜਿੱਤ ਦਾ ਰਿਕਾਰਡ ਮਾਰਕਸੀ ਕਮਿਊਨਿਸਟ ਪਾਰਟੀ ਦੇ ਅਨਿਲ ਬਸੂ ਦੇ ਨਾਂ ਸੀ, ਜਿਹੜਾ ਉਨ੍ਹਾਂ ਨੇ 2004 ਦੀ ਲੋਕ ਸਭਾ ਚੋਣ ਵਿਚ ਬਣਾਇਆ ਸੀ। ਸੱਤ ਵਾਰ ਦੇ ਲੋਕ ਸਭਾ ਮੈਂਬਰ ਬਸੂ ਨੇ 2004 ਵਿਚ ਪੱਛਮੀ ਬੰਗਾਲ ਦੀ ਆਰਾਮਬਾਗ ਸੀਟ ਤੋਂ ਆਪਣੇ ਵਿਰੋਧੀ ਭਾਰਤੀ ਜਨਤਾ ਪਾਰਟੀ ਦੇ ਸਵਪਨ ਕੁਮਾਰ ਨੰਦੀ ਨੂੰ 5 ਲੱਖ 92 ਹਜ਼ਾਰ 502 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਕਰਨਾਲ ਦੇ ਸੰਜੇ ਭਾਟੀਆ ਨੇ ਇਸ ਤੋਂ ਵੱਧ ਫਰਕ ਨਾਲ ਸੀਟ ਜਿੱਤੀ ਹੈ। ਫਰੀਦਾਬਾਦ ਵਿਚ ਰਾਜ ਮੰਤਰੀ ਕ੍ਰਿਸ਼ਨਪਾਲ ਗੁਰਜਰ ਪਿਛਲੀ ਚੋਣ 466873 ਵੋਟਾਂ ਦੇ ਫਰਕ ਨਾਲ ਜਿੱਤੀ ਅਤੇ ਉਹ ਰਾਜ ਦੀ ਸਭ ਤੋਂ ਵੱਡੀ ਜਿੱਤ ਸੀ।

ਪਿਛਲੀ ਲੋਕ ਸਭਾ ਚੋਣ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੀ ਪੀ ਐੱਮ ਦੇ ਅਨਿਲ ਬਸੂ ਦੇ ਰਿਕਾਰਡ ਦੇ ਨੇੜੇ ਪੁੱਜ ਗਏ ਸਨ, ਪ੍ਰੰਤੂ ਇਸ ਨੂੰ ਪਾਰ ਨਹੀਂ ਕਰ ਸਕੇ ਸਨ। ਉਹ ਗੁਜਰਾਤ ਦੇ ਵਡੋਦਰਾ ਤੋਂ 5 ਲੱਖ 70 ਹਜ਼ਾਰ 128 ਵੋਟਾਂ ਨਾਲ ਜਿੱਤੇ ਸਨ। ਇਸ ਵਾਰੀ ਕਰਨਾਲ ਤੋਂ ਭਾਜਪਾ ਉਮੀਦਵਾਰ ਸੰਜੇ ਭਾਟੀਆ ਨੂੰ 911594 ਵੋਟ ਮਿਲੇ, ਦੂਜੇ ਨੰਬਰ ਤੋਂ ਕਾਂਗਰਸ ਦੇ ਕੁਲਦੀਪ ਸ਼ਰਮਾ ਨੂੰ 255452 ਵੋਟ ਹੀ ਮਿਲ ਸਕੇ ਹਨ।

# ਮਹਿੰਗੇ ਟੈਸਟਾਂ ਅਤੇ ਇਲਾਜ਼ ਕਾਰਨ ਲੋਕ ਆਪਣੀਆਂ ਜਾਇਦਾਦਾਂ ਵੇਚਣ ਲਈ ਮਜਬੂਰ : ਡਾ. ਉਬਰਾਏ

## ਮੋਗਾ ਵਿੱਚ ਚੈਰੀਟੇਬਲ ਲੈਬਾਰਟਰੀ ਦਾ ਕੀਤਾ ਉਦਘਾਟਨ




ਮੋਗਾ, 23 ਮਈ (ਗਿਆਨ ਸਿੰਘ) : ਪ੍ਰਾਈਵੇਟ ਹਸਪਤਾਲਾਂ ਦੇ ਮਹਿੰਗੇ ਇਲਾਜ਼ ਅਤੇ ਪ੍ਰਾਈਵੇਟ ਲੈਬਾਰਟਰੀਆਂ ਦੇ ਮਹਿੰਗੇ ਟੈਸਟ ਆਮ ਲੋਕਾਂ ਦੀ ਪਹੁੰਚ ਤੋਂ ਕਿਤੇ ਬਾਹਰ ਚਲੇ ਗਏ ਹਨ, ਸਰਕਾਰੀ ਹਸਪਤਾਲਾਂ ਵਿੱਚ ਟੈਸਟ ਚਾਹੇ ਮੁਫਤ ਹਨ ਪਰ ਉਥੋਂ ਦੀਆਂ ਲੰਬੀਆਂ ਲਾਈਨਾਂ ਅਤੇ ਖੱਜਲ ਖੁਆਰੀ ਕਾਰਨ ਮਿਹਨਤਕਸ਼ ਲੋਕਾਂ ਨੂੰ ਕਈ ਕਈ ਦਿਨ ਆਪਣੀ ਦਿਹਾੜੀ ਛੱਡਣੀ ਪੈਂਦੀ ਹੈ, ਜਿਸ ਕਾਰਨ ਕਈ ਵਾਰ ਆਮ ਲੋਕ ਟੈਸਟ ਕਰਵਾਉਣ ਤੋਂ ਹੀ ਕੰਨੀ ਕਤਰਾ ਜਾਂਦੇ ਹਨ ਤੇ ਉਹਨਾਂ ਦੀ ਬਿਮਾਰੀ ਖਤਰਨਾਕ ਸਟੇਜ਼ ਤੇ ਪਹੁੰਚ ਜਾਂਦੀ ਹੈ, ਜਿਸਦੀ ਜਾਂਚ ਅਤੇ ਇਲਾਜ਼ ਲਈ ਆਮ ਲੋਕਾਂ ਨੂੰ ਆਪਣੇ ਘਰ ਅਤੇ ਜਾਇਦਾਦਾਂ ਵੇਚਣੀਆਂ ਪੈ ਰਹੀਆਂ ਹਨ । ਇਸੇ ਕਾਰਨ ਹੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪੰਜਾਬ ਵਿੱਚ ਹੁਣ ਤੱਕ 11 ਲੈਬਾਰਟਰੀਆਂ ਦੀ ਸਥਾਪਨਾ ਕੀਤੀ ਗਈ ਹੈ, ਜੋ ਸੁਬਹ 7 ਵਜੇ ਤੋਂ ਸ਼ਾਮ 5 ਵਜੇ ਤੱਕ ਲੋਕਾਂ ਨੂੰ 20 ਤੋਂ 90 ਪ੍ਰਤੀਸ਼ਤ ਤੱਕ ਘੱਟ ਰੇਟਾਂ ਤੇ ਮੈਡੀਕਲ ਟੈਸਟਾਂ ਦੀ ਸਹੂਲਤ ਉਪਲਬਧ ਕਰਵਾ ਰਹੀਆਂ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਉਬਰਾਏ ਨੇ ਅੱਜ ਬਸਤੀ ਗੋਬਿੰਦਗੜ੍ਹ ਮੋਗਾ ਵਿਖੇ ਸਥਾਪਿਤ ਚੈਰੀਟੇਬਲ ਲੈਬ ਦਾ ਉਦਘਾਟਨ ਕਰਨ ਮੌਕੇ ਕੀਤਾ । ਇਸ ਮੌਕੇ ਉਹਨਾਂ ਦੱਸਿਆ ਕਿ ਟਰੱਸਟ ਦੇ ਸਿਹਤ ਨਾਲ ਸਬੰਧਿਤ ਕਈ ਪ੍ਰੋਜੈਕਟ ਚੱਲ ਰਹੇ ਹਨ, ਜਿਵੇਂ ਡਾਇਲਸਿਸ ਯੂਨਿਟ ਅਤੇ ਲੋੜਵੰਦਾਂ ਨੂੰ ਇਲਾਜ਼ ਵਿਚ ਸਹਾਇਤਾ । ਇਸ ਮੌਕੇ ਰੂਰਲ ਐਨ.ਜੀ.ਓ. ਮੋਗਾ ਦੇ ਪ੍ਰਧਾਨ ਅਤੇ ਟਰੱਸਟ ਦੇ ਕੈਸ਼ੀਅਰ ਮਹਿੰਦਰ ਪਾਲ ਲੂੰਬਾ ਨੇ ਦੱਸਿਆ ਕਿ ਟਰੱਸਟ ਵੱਲੋਂ 2015 ਵਿੱਚ ਸਿਵਲ ਹਸਪਤਾਲ ਮੋਗਾ ਵਿੱਚ ਡਾਇਲਸਿਸ ਮਸ਼ੀਨ ਸਥਾਪਿਤ ਕੀਤੀ ਗਈ ਸੀ, ਜਿਸ ਨਾਲ ਕਾਲੇ ਪੀਲੀਏ ਦੇ ਮਰੀਜਾਂ ਨੂੰ ਭਾਰੀ ਫਾਇਦਾ ਹੋਇਆ ਤੇ ਹੁਣ ਉਹਨਾਂ ਨੂੰ ਫਰੀਦਕੋਟ ਜਾਂ ਲੁਧਿਆਣਾ ਜਾਣ ਦੀ ਜਰੂਰਤ ਨਹੀਂ ਪੈਂਦੀ । ਉਹਨਾਂ ਦੱਸਿਆ ਕਿ ਹੁਣ ਤੱਕ ਟਰੱਸਟ ਵੱਲੋਂ ਮੋਗਾ ਜਿਲ੍ਹੇ ਵਿੱਚ 33 ਲੋੜਵੰਦ ਮਰੀਜਾਂ ਨੂੰ ਇਲਾਜ਼ ਲਈ ਸੁਵਿਧਾ ਪ੍ਰਦਾਨ ਕੀਤੀ ਜਾ ਚੁੱਕੀ ਹੈ । ਇਸ ਮੌਕੇ ਟਰੱਸਟ ਦੀ ਮੋਗਾ ਇਕਾਈ ਦੇ ਪ੍ਰਧਾਨ ਹਰਜਿੰਦਰ ਸਿੰਘ ਚੁਗਾਵਾਂ ਨੇ ਦੱਸਿਆ ਕਿ ਟਰੱਸਟ ਵੱਲੋਂ ਡਾ. ਐਸ.ਪੀ. ਸਿੰਘ ਉਬਰਾਏ ਦੀ ਅਗਵਾਈ ਵਿੱਚ 150 ਤੋਂ ਉਪਰ ਵਿਧਵਾ ਔਰਤਾਂ ਨੂੰ ਮਹੀਨਾਵਾਰ ਪੈਨਸ਼ਨ ਅਤੇ 7 ਲੋੜਵੰਦਾਂ ਨੂੰ ਹਰ ਮਹੀਨੇ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। 29 ਸਕੂਲਾਂ ਵਿੱਚ ਆਰ.ਓ. ਲਗਾਏ ਗਏ ਹਨ । ਪਿਛਲੇ ਪੰਜ ਸਾਲਾਂ ਵਿੱਚ 33 ਅੱਖਾਂ ਦੇ ਮੁਫਤ ਚੈਕਅੱਪ ਅਤੇ ਲੈਂਜ਼ ਕੈਂਪ ਲਗਾਏ ਗਏ ਹਨ, ਤਿੰਨ ਕੰਪਿਊਟਰ ਸੈਂਟਰ ਅਤੇ ਪੰਜ ਸਿਲਾਈ ਸੈਂਟਰ ਮੁਫਤ ਚੱਲ ਰਹੇ ਹਨ । ਉਹਨਾਂ ਮੋਗਾ ਜਿਲ੍ਹੇ ਵਿੱਚ ਚੈਰੀਟੇਬਲ ਲੈਬਾਰਟਰੀ ਖੋਲ੍ਹਣ ਲਈ ਡਾ. ਉਬਰਾਏ ਦਾ ਸਮੂਹ ਮੋਗਾ ਨਿਵਾਸੀਆਂ ਵੱਲੋਂ ਧੰਨਵਾਦ ਕੀਤਾ ਅਤੇ ਉਹਨਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਲੋਈ ਦੇ ਕੇ ਸਨਮਾਨਿਤ ਕੀਤਾ । ਇਸ ਮੌਕੇ ਸਿਹਤ ਸੇਵਾਵਾਂ ਪ੍ਰੋਜੈਕਟ ਦੇ ਇੰਚਾਰਜ ਡਾ. ਕੁਲਦੀਪ ਸਿੰਘ ਗਿੱਲ ਅਤੇ ਟਰੱਸਟ ਦੀ ਪੰਜਾਬ ਇਕਾਈ ਦੇ ਪ੍ਰਧਾਨ ਜੱਸਾ ਸਿੰਘ ਨੇ ਟਰੱਸਟ ਦੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਤੇ ਚਾਨਣਾ ਪਾਇਆ । ਇਸ ਮੌਕੇ ਸਾਬਕਾ ਐਮ.ਪੀ. ਸ. ਕੇਵਲ ਸਿੰਘ, ਐਮ.ਸੀ. ਗੁਰਪ੍ਰੀਤ ਸਚਦੇਵਾ, ਸਾਬਕਾ ਡੀ.ਪੀ.ਆਰ.ਓ. ਗਿਆਨ ਸਿੰਘ, ਖਾਲਸਾ ਸੇਵਾ ਸੁਸਾਇਟੀ ਦੇ ਪ੍ਰਧਾਨ ਪਰਮਜੋਤ ਸਿੰਘ ਖਾਲਸਾ, ਭਾਈ ਘਨਈਆ ਬਲੱਡ ਡੋਨਰ ਸੁਸਾਇਟੀ ਦੇ ਪ੍ਰਧਾਨ ਗੁਰਨਾਮ ਸਿੰਘ, ਸੀਨੀਅਰ ਸਿਟੀਜ਼ਨ ਵੈਲਫੇਅਰ ਕੌਂਸਲ ਦੇ ਵੀ.ਪੀ. ਸੇਠੀ, ਫਿਰੋਜਪੁਰ ਇਕਾਈ ਦੇ ਪ੍ਰਧਾਨ ਹਰਜਿੰਦਰ ਸਿੰਘ ਕਿੱਤਣਾ, ਸੁਖਚੈਨ ਸਿੰਘ ਰਾਮੂਵਾਲੀਆ, ਰਣਜੀਤ ਸਿੰਘ ਟੱਕਰ, ਹਰਪ੍ਰੀਤ ਖੀਵਾ, ਗੁਰਵਿੰਦਰ ਸਿੰਘ ਗੱਗੂ ਦਾਤਾ, ਡਾ. ਕੁਲਦੀਪ ਸਿੰਘ, ਕੇਵਲ ਕ੍ਰਿਸ਼ਨ, ਕੁਲਵਿੰਦਰ ਸਿੰਘ, ਡਾ. ਜਸਵੰਤ ਸਿੰਘ, ਕਰਮਜੀਤ ਘੋਲੀਆ, ਮੇਹਰ ਸਿੰਘ, ਰਮਨਪ੍ਰੀਤ ਬਰਾੜ, ਗੁਰਪ੍ਰੀਤ ਦੁਨੇਕੇ, ਪ੍ਰੇਮ ਕੁਮਾਰ, ਅਮਰੀਕ ਸਿੰਘ ਆਰਸਨ, ਪ੍ਰੇਮ ਪ੍ਰਕਾਸ਼ ਢੰਡ, ਟਰੱਸਟ ਦੀ ਮੋਗਾ ਇਕਾਈ ਦੇ ਚੇਅਰਮੈਨ ਗੁਰਬਚਨ ਸਿੰਘ ਗਗੜਾ, ਸਕੱਤਰ ਦਵਿੰਦਰਜੀਤ ਸਿੰਘ ਗਿੱਲ, ਮੀਤ ਪ੍ਰਧਾਨ ਗੋਕਲ ਚੰਦ, ਕੈਸ਼ੀਅਰ ਮਹਿੰਦਰ ਪਾਲ ਲੂੰਬਾ, ਅਵਤਾਰ ਸਿੰਘ ਘੋਲੀਆ, ਰਣਜੀਤ ਸਿੰਘ ਧਾਲੀਵਾਲ, ਹਰਭਿੰਦਰ ਸਿੰਘ ਜਾਨੀਆਂ, ਸੁਖਦੇਵ ਸਿੰਘ ਬਰਾੜ, ਮੈਡਮ ਜਸਵੀਰ ਕੌਰ, ਸੁਖਵਿੰਦਰ ਕੌਰ, ਰੀਤੂ, ਨਵਦੀਪ ਕੌਰ, ਨਿਰਜੀਤ ਕੌਰ, ਸੁਮਨਦੀਪ ਕੌਰ ਅਤੇ ਅਨੰਤਪਾਲ ਕੌਰ ਆਦਿ ਹਾਜਰ ਸਨ ।

# ਪੰਜਾਬ 'ਚ ਭਾਜਪਾ ਦੀ ਬਿਹਤਰ ਕਾਰਗੁਜਾਰੀ: ਸ਼ਵੇਤ ਮਲਿਕ

## ਕੈਪਟਨ ਅਮਰਿੰਦਰ ਅਸਤੀਫ਼ਾ ਦੇ ਕੇ ਆਪਣਾ ਵਚਨ ਪੂਰਾ ਕਰਨ



ਚੰਡੀਗੜ੍ਹ, 23 ਮਈ (ਪੋਸਟ ਬਿਊਰੋ)- ਪ੍ਰਦੇਸ਼ ਭਾਜਪਾ ਪ੍ਰਧਾਨ ਅਤੇ ਰਾਜ ਸਭਾ ਸਾਂਸਦ ਸ਼ਵੇਤ ਮਲਿਕ ਨੇ ਕੇਂਦਰ 'ਚ ਇਕ ਵਾਰ ਫੇਰ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੇਸ਼ ਦੀ ਸੱਤਾ ਦੀ ਕਮਾਨ ਸੌਂਪਣ ਲਈ ਜਿਥੇ ਦੇਸ਼-ਵਾਸੀਆਂ ਦਾ ਧੰਨਵਾਦ ਕੀਤਾ, ਉਥੇ ਹੀ ਪੰਜਾਬ ਦੀ ਜਨਤਾ ਦਾ ਵੀ ਭਾਰ ਜ਼ਾਹਰ ਕਰਦਿਆਂ ਕਿਹਾ ਕਿ ਪੰਜਾਬ ਭਾਜਪਾ ਨੇ ਪ੍ਰਦੇਸ਼ 'ਚ ਬਿਹਤਰੀਨ ਪ੍ਰਦਰਸ਼ਨ ਕੀਤਾ ਹੈ, ਜਿਸ ਦੇ ਚਲਦੇ ਭਾਜਪਾ ਤਿੰਨ 'ਚੋਂ ਦੋ ਸੀਟਾਂ 'ਤੇ ਜੇਤੂ ਰਹੀ ਹੈ। ਮਲਿਕ ਨੇ ਕਿਹਾ ਕਿ ਪ੍ਰਦੇਸ਼ ਦੀ ਜਨਤਾ ਨੇ ਭਾਜਪਾ ਦੇ ਤਿੰਨ ਉਮੀਦਵਾਰਾਂ 'ਚੋਂ ਹੁਸ਼ਿਆਰਪੁਰ ਤੋਂ ਸੋਮ ਪ੍ਰਕਾਸ਼ ਅਤੇ ਗੁਰਦਾਸਪੁਰ ਤੋਂ ਸੰਨੀ ਦਿਓਲ ਨੂੰ ਜਿਤਾ ਕੇ ਇਕ ਵਾਰ ਫੇਰ ਮੋਦੀ ਸਰਕਾਰ 'ਤੇ ਆਪਣਾ ਭਰੋਸਾ ਜਤਾਇਆ ਹੈ।

ਮਲਿਕ ਨੇ ਕਿਹਾ ਕਿ ਕਾਂਗਰਸ ਦੀ ਮਨਮੋਹਨ ਸਰਕਾਰ ਦੇ ਭ੍ਰਿਸ਼ਟਾਚਾਰ ਤੋਂ ਤੰਗ ਆ ਚੁੱਕੀ ਦੇਸ਼ ਦੀ ਜਨਤਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜ ਸਾਲ ਦੇ ਕਾਰਜਕਾਲ ਦੀ ਸ਼ਲਾਘਾ ਕਰਦਿਆਂ ਇਕ ਵਾਰ ਫੇਰ ਦੇਸ਼ ਦੇ ਸ਼ਾਸਨ ਦੀ ਕਮਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥ 'ਚ ਸੌਂਪ ਕੇ ਇਸ ਗੱਲ ਨੂੰ ਸਿੱਧ ਕਰ ਦਿੱਤਾ ਹੈ ਦੀ ਪ੍ਰਧਾਨ ਮੰਤਰੀ ਮੋਦੀ ਕਿਸੇ ਹੋਰ ਤੋਂ ਜ਼ਿਆਦਾ ਭਰੋਸੇਯੋਗ ਅਤੇ ਤਾਕਤਵਰ ਨੇਤਾ ਹਨ। ਮਲਿਕ ਨੇ ਕਿਹਾ ਕਿ ਦੇਸ਼ ਦੀ ਜਨਤਾ ਨੇ ਮੋਦੀ 'ਤੇ ਆਪਣਾ ਭਰੋਸਾ ਜਤਾਇਆ ਹੈ, ਇਸ ਦਾ ਮੁੱਖ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਦੇਸ਼ ਦੀ ਜਨਤਾ ਲਈ ਸ਼ੁਰੂ ਕੀਤੀਆਂ ਗਈਆਂ ਜਨ-ਕਲਿਆਣਕਾਰੀ ਯੋਜਨਾਵਾਂ ਹਨ, ਜਿਸਦੇ ਚਲਦੇ ਸਾਰੇ ਦੇਸ਼ ਦੀ ਜਨਤਾ ਮੋਦੀ ਨਾਲ ਖੜ੍ਹੀ ਹੋ ਗਈ। ਮਲਿਕ ਨੇ ਕਿਹਾ ਕਿ ਮੋਦੀ ਨਾਮ ਦੀ ਸੁਨਾਮੀ ਨੂੰ ਰੋਕਣ ਲਈ ਕਾਂਗਰਸ ਨੇ ਕਮਜ਼ੋਰ ਨੇਤਾ ਰਾਹੁਲ ਗਾਂਧੀ ਦੀ ਅਗਵਾਈ 'ਚ ਆਪਣੀ-ਆਪਣੀ ਵਿਚਾਰਧਾਰਾ ਦੇ ਉਲਟ ਦੇਸ਼ 'ਚ ਇਕ ਮਹਾਗਠਜੋੜ ਬਣਾਇਆ, ਪਰ ਦੇਸ਼ ਦੀ ਜਨਤਾ ਨੇ ਰਾਹੁਲ ਗਾਂਧੀ ਦੀ ਅਗਵਾਈ ਵਾਲੇ ਇਸ ਮਹਾਗਠਜੋੜ ਨੂੰ ਸਿਰੇ ਤੋਂ ਨਕਾਰ ਕੇ ਇਸ ਗੱਲ ਨੂੰ ਸਾਬਿਤ ਕਰ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੇ ਹੱਥ 'ਚ ਹੀ ਦੇਸ਼ ਸੁਰੱਖਿਅਤ ਹੈ, ਕਿਉਂਕਿ ਮੋਦੀ ਨੇ ਅੱਤਵਾਦ ਨੂੰ ਮੂੰਹ ਤੋੜ ਜਵਾਬ ਦਿੰਦਿਆਂ ਪਾਕਿਸਤਾਨ ਦੀ ਧਰਤੀ 'ਤੇ ਅੰਦਰ ਵੜ ਕੇ ਜਵਾਬ ਦਿੱਤਾ ਹੈ।

ਮਲਿਕ ਨੇ ਕੈ. ਅਮਰਿੰਦਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਕੈਪਟਨ ਨੇ ਪ੍ਰਦੇਸ਼ ਦੀਆਂ 13 ਦੀਆਂ 13 ਸੀਟਾਂ 'ਤੇ ਕਾਂਗਰਸ ਦੇ ਜੇਤੂ ਹੋਣ ਦਾ ਦਾਅਵਾ ਕੀਤਾ ਸੀ, ਪਰ ਉਨ੍ਹਾਂ ਦਾ ਇਹ ਵਚਨ ਜਨਤਾ ਨੇ ਦਰਕਿਨਾਰ ਕਰਕੇ ਕੈਪਟਨ 'ਤੇ ਆਪਣਾ ਭਰੋਸਾ ਨਾ ਹੋਣ ਦਾ ਪ੍ਰਮਾਣ ਦਿੱਤਾ ਹੈ। ਮਲਿਕ ਨੇ ਕੈ. ਅਮਰਿੰਦਰ ਤੋਂ ਅਸਤੀਫ਼ੇ ਦੀ ਮੰਗ ਕੀਤੀ। ਮਲਿਕ ਨੇ ਕਿਹਾ ਕਿ ਦੇਸ਼ ਦੀ ਜਨਤਾ ਨੇ ਅੱਜ ਮੋਦੀ ਨੂੰ ਪਹਿਲਾਂ ਤੋਂ ਵੀ ਜ਼ਿਆਦਾ ਬਹੁਮਤ ਦੇ ਕੇ ਵਿਰੋਧੀ ਪਾਰਟੀਆਂ ਸਹਿਤ ਕਾਂਗਰਸ ਅਤੇ ਰਾਹੁਲ ਗਾਂਧੀ ਦੇ ਮੂੰਹ 'ਤੇ ਅਜਿਹਾ ਤਮਾਚਾ ਮਾਰਿਆ ਹੈ ਕਿ ਲੋਕ ਹੁਣ ਕਾਂਗਰਸ ਅਜ਼ਾਦ ਭਾਰਤ ਚਾਹੁੰਦੇ ਹਨ।

# ਨੌਕਰੀ ਜਾਣ ਦਾ ਖਦਸਾ: ਠੇਕਾ ਮਜ਼ਦੂਰ ਦੇ ਦਿਮਾਗ ਦੀ ਨਸ ਫਟੀ



ਮੋਗਾ, 23 ਮਈ (ਗਿਆਨ ਸਿੰਘ): ਨੈਸਲੇ ਲੇਵਰ ਠੇਕੇਦਾਰਾਂ ਵੱਲੋਂ ਕਰੀਬ 60 ਠੇਕਾ ਵਰਕਰਾਂ ਦੀ ਨੋਕਰੀ ਤੋਂ ਛੁੱਟੀ ਕੀਤੇ ਜਾਣ ਦੀ ਗੱਲ ਕੀਤੀ ਜਾ ਰਹੀ ਹੈ। ਇਸ ਸੰਬੰਧ ਵਿੱਚ ਨੈਸਲੇ ਲੇਵਰ ਠੇਕੇਦਾਰਾਂ ਅਤੇ ਨੈਸਲੇ ਠੇਕੇਦਾਰ ਲੇਵਰ ਯੂਨੀਅਨ ਇੰਟਕ ਦਰਮਿਆਨ ਕਈ ਦੋਰ ਦੀ ਆਪਸੀ ਮੀਟਿੰਗ ਹੋ ਚੁੱਕੀ ਹੈ ਪਰੰਤੂ ਸਾਰੀਆਂ ਮੀਟਿੰਗਾਂ ਬੇਨਤੀਜਾ ਰਹੀਆਂ। ਇਹ ਗੱਲ ਭਾਰਤ ਐਸ ਪੀ ਲੇਵਰ ਠੇਕੇਦਾਰ ਤਹਿਤ ਬੀਤੇ 25 ਸਾਲਾਂ ਤੋਂ ਮਕੈਨੀਕਲ ਦਾ ਕੰਮ ਕਰ ਰਹੇ ਠੇਕਾ ਵਰਕਰ ਪਵਨ ਕੁਮਾਰ ਪੁੱਤਰ ਰਾਜ ਕੁਮਾਰ ਵਾਸੀ ਮੋਗਾ ਨੂੰ ਪਤਾ ਲੱਗਾ ਕਿ ਹੁਣ ਉਸਦੀ ਨੋਕਰੀ ਨਹੀ ਰਹੇਗੀ ਤਾਂ ਸਦਮੇਂ ਵਿਚ ਪਵਨ ਕੁਮਾਰ ਦੀ ਡਿਊਟੀ ਦੌਰਾਨ ਦਿਮਾਗ ਦੀ ਨਸ ਫ਼ਟ ਗਈ। ਪਵਨ ਕੁਮਾਰ ਨੂੰ ਲੁਧਿਆਣਾ ਵਿਖੇ ਅਰੋੜਾ ਨਿਓਰੋ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਜਿੱਥੇ ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਅੱਜ ਨੈਸਲੇ ਠੇਕੇਦਾਰ ਲੇਵਰ ਯੂਨੀਅਨ ਇੰਟਕ ਦੀ ਕਾਰਜਕਾਰਣੀ ਕਮੇਟੀ ਦੀ ਇਕ ਵਿਸੇਸ ਮੀਟਿੰਗ ਯੂਨੀਅਨ ਦਫ਼ਤਰ ਵਿਖੇ ਯੂਨੀਅਨ ਪ੍ਰਧਾਨ ਨਰਿੰਦਰ ਸਿੰਘ ਬਲਖੰਡੀ ਦੀ ਅਗਵਾਈ ਵਿਚ ਹੋਈ। ਮੀਟਿੰਗ ਵਿੱਚ ਜਿਲ੍ਹਾ ਇੰਟਕ ਪ੍ਰਧਾਨ ਵਿਜੇ ਧੀਰ ਐਡਵੋਕੇਟ, ਪ੍ਰਦੇਸ਼ ਇੰਟਕ ਜਨਰਲ ਸਕੱਤਰ ਦਵਿੰਦਰ ਸਿੰਘ ਜੋੜਾਂ ਅਤੇ ਯੂਥ ਇੰਟਕ ਜਨਰਲ ਸਕੱਤਰ ਪ੍ਰਵੀਨ ਕੁਮਾਰ ਸ਼ਰਮਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਪ੍ਰਧਾਨ ਨਰਿੰਦਰ ਸਿੰਘ ਨੇ ਦੱਸਿਆ ਕਿ ਉਹ ਦੇ ਸਾਥੀ ਪਵਨ ਕੁਮਾਰ ਨੂੰ ਬ੍ਰੇਨ ਹੈਮਰੇਜ ਹੋਣ ਦਾ ਕਾਰਣ ਨੈਸਲੇ ਮਨੈਜਮੈਂਟ ਅਤੇ ਲੇਵਰ ਠੇਕੇਦਾਰਾਂ ਵੱਲੋਂ ਕਈ ਦਿਨਾਂ ਤੋਂ ਕਰੀਬ 60 ਮਜ਼ਦੂਰਾਂ ਦੀ ਛੁੱਟੀ ਦਾ ਹਊਆ ਖੜ੍ਹਾ ਕੀਤਾ ਜਾ ਰਿਹਾ ਸੀ ਜਿਸ ਕਾਰਨ ਨੈਸਲੇ ਠੇਕੇਦਾਰ ਵਰਕਰਾਂ ਵਿੱਚ ਗੁੱਸਾ ਪਾਇਆ ਜਾ ਰਿਹਾ ਹੈ। ਨਰਿੰਦਰ ਸਿੰਘ ਨੇ ਕਿਹਾ ਕਿ ਜੇ ਉਹਨਾਂ ਦੇ ਸਾਥੀ ਪਵਨ ਕੁਮਾਰ ਨੂੰ ਕੁਝ ਹੋ ਗਿਆ ਤਾਂ ਇਸ ਦੀ ਜ਼ੁੰਮੇਵਾਰੀ ਨੈਸਲੇ ਮਨੈਜਮੈਂਟ ਅਤੇ ਨੈਸਲੇ ਠੇਕੇਦਾਰਾਂ ਦੀ ਹੋਵੇਗੀ। ਇਸ ਮੌਕੇ ਜ਼ਿਲ੍ਹਾ ਇੰਟਕ ਪ੍ਰਧਾਨ ਵਿਜੇ ਧੀਰ ਐਡਵੋਕੇਟ ਅਤੇ ਪ੍ਰਦੇਸ਼ ਜਨਰਲ ਸਕੱਤਰ ਦਵਿੰਦਰ ਸਿੰਘ ਜੋੜਾਂ ਨੇ ਨੈਸਲੇ ਪ੍ਰਬੰਧਕਾਂ ਅਤੇ ਨੈਸਲੇ ਠੇਕੇਦਾਰਾਂ ਨੂੰ ਨਸੀਹਤ ਦਿੱਤੀ ਕਿ ਉਹ ਨੈਸਲੇ ਠੇਕੇਦਾਰ ਲੇਵਰ ਯੂਨੀਅਨ ਨਾਲ ਸਾਰੇ ਮਸਲੇ ਗੱਲ ਬਾਤ ਨਾਲ਼ ਹੱਲ ਕਰਨ ਤਾਂ ਜੋ ਕਿਸੇ ਤਰ੍ਹਾਂ ਦੀ ਮਜ਼ਦੂਰ ਐਜੀਟੇਸ਼ਨ ਤੋਂ ਬਚਿਆ ਜਾ ਸਕੇ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜਨਰਲ ਸਕੱਤਰ ਗੁਰਭੇਜ ਸਿੰਘ, ਬਿੱਟੂ, ਬੰਟੀ, ਜਸਵਿੰਦਰ, ਅਮਰਜੀਤ ਸਿੰਘ ਅਤੇ ਹਰਪ੍ਰੀਤ ਸਿੰਘ ਸ਼ਾਮਲ ਸਨ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ






ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

# ਚਾਈਲਡ ਕੇਅਰ ਕਟੌਤੀਆਂ ਤੋਂ ਫੋਰਡ ਦਾ ਇਲਾਕਾ ਹੀ ਸੱਭ ਤੋਂ ਵੱਧ ਪ੍ਰਭਾਵਿਤ!





ਟੋਰਾਂਟੋ, 23 ਮਈ (ਪੋਸਟ ਬਿਊਰੋ) : ਅਪਰੈਲ ਵਿੱਚ ਫੋਰਡ ਸਰਕਾਰ ਵੱਲੋਂ ਪ੍ਰੋਵਿੰਸ ਦੇ ਚਾਈਲਡ ਕੇਅਰ ਪ੍ਰੋਗਰਾਮ ਵਿੱਚ ਕੀਤੀਆਂ ਗਈਆਂ ਕਟੌਤੀਆਂ ਨਾਲ ਉਹ ਪਰਿਵਾਰ ਵੀ ਪ੍ਰਭਾਵਿਤ ਹੋਏ ਜਿਹੜੇ ਫੋਰਡ ਦੇ ਆਪਣੇ ਹਲਕੇ ਵਿੱਚ ਰਹਿੰਦੇ ਹਨ। ਇਹ ਖੁਲਾਸਾ ਨਵੇਂ ਸਿਟੀ ਵਿਸ਼ਲੇਸ਼ਣ ਵਿੱਚ ਸਾਹਮਣੇ ਆਇਆ।

ਸਿਟੀ ਮੈਨੇਜਰ ਕ੍ਰਿਸ ਮੁਰੇ ਨੇ ਆਖਿਆ ਕਿ ਟੋਰਾਂਟੋ ਵਿੱਚ ਕੀਤੀਆਂ ਗਈਆਂ ਇਨ੍ਹਾਂ ਕਟੌਤੀਆਂ ਕਾਰਨ 6,166 ਫੀ ਸਬਸਿਡੀਜ਼ ਖਤਮ ਹੋਣ ਕਿਨਾਰੇ ਹਨ। ਇਸ ਤੋਂ ਇਲਾਵਾ 84.8 ਮਿਲੀਅਨ ਡਾਲਰ ਦੀ ਕਟੌਤੀ ਇਸ ਸਾਲ ਚਾਈਲਡ ਕੇਅਰ ਫੰਡਿੰਗ ਵਿੱਚੋਂ ਕੀਤੀ ਗਈ ਹੈ। ਫੋਰਡ ਦੇ ਇਟੋਬੀਕੋ ਨੌਰਥ ਹਲਕੇ ਨੂੰ 455 ਸਬਸਿਡੀਜ਼ ਗੁਆਉਣੀਆਂ ਪੈ ਸਕਦੀਆਂ ਹਨ। ਇਹ ਸਿਟੀ ਦੀ ਦੂਜੀ ਸੱਭ ਤੋਂ ਵੱਡੀ ਕਟੌਤੀ ਹੈ। ਦੁੱਖ ਦੀ ਗੱਲ ਇਹ ਹੈ ਕਿ ਇਹ ਸੱਭ ਉਦੋਂ ਹੋ ਰਿਹਾ ਹੈ ਜਦੋਂ 741 ਬੱਚੇ ਸਬਸਿਡੀ ਲਈ ਉਡੀਕ ਸੂਚੀ ਵਿੱਚ ਹਨ।

ਟੋਰਾਂਟੋ ਦੇ ਮੇਅਰ ਜੌਹਨ ਟੋਰੀ, ਜਿਨ੍ਹਾਂ ਵੱਲੋਂ ਇਨ੍ਹਾਂ ਪ੍ਰੋਵਿੰਸ਼ੀਅਲ ਕਟੌਤੀਆਂ ਦੀ ਆਲੋਚਨਾ ਕੀਤੀ ਗਈ, ਨੇ ਆਖਿਆ ਕਿ ਸਕਾਰਬੌਰੋ ਦੇ ਡੇਅਕੇਅਰ ਸੈਂਟਰ ਉੱਤੇ ਉਨ੍ਹਾਂ ਦੀ ਇੱਕ ਮਾਂ ਨਾਲ ਗੱਲ ਹੋਈ ਸੀ ਜੋ ਇਨ੍ਹਾਂ ਕਟੌਤੀਆਂ ਤੇ ਸਬਸਿਡੀਜ਼ ਦੇ ਖੁੱਸ ਜਾਣ ਤੋਂ ਪਰੇਸ਼ਾਨ ਸੀ। ਉਸ ਨੇ ਆਖਿਆ ਕਿ ਉਹ ਸਿਟੀ ਤੋਂ ਬਾਹਰ ਜਾਣਾ ਚਾਹੁੰਦੀ ਹੈ ਕਿਉਂਕਿ ਇਸ ਤਰ੍ਹਾਂ ਦੇ ਹਾਲਾਤ ਵਿੱਚ ਉਹ ਆਪਣੀ ਮਾਰ-ਗੇਜ ਦੀ ਵੀ ਭਰਪਾਈ ਨਹੀਂ ਕਰ ਪਾਉਣਗੇ।

ਉਨ੍ਹਾਂ ਆਖਿਆ ਕਿ ਉਹ ਚਾਹੁੰਦੇ ਹਨ ਕਿ ਫੋਰਡ ਤੇ ਉਨ੍ਹਾਂ ਦੇ 10 ਟੋਰਾਂਟੋ ਐਮਪੀਪੀਜ਼ ਤੋਂ ਚਾਈਲਡ ਕੇਅਰ, ਪਬਲਿਕ ਹੈਲਥ, ਟਰਾਂਜ਼ਿਟ ਤੇ ਕਈ ਹੋਰ ਕਟੌਤੀਆਂ ਸਬੰਧੀ ਫੈਸਲੇ ਨੂੰ ਵਾਪਿਸ ਲੈਣ ਲਈ ਗੁਜ਼ਾਰਿਸ਼ ਵਾਸਤੇ ਸਿਟੀ ਵੱਲੋਂ ਨਵੀਂ ਆਨਲਾਈਨ ਪਟੀਸ਼ਨ ਉੱਤੇ ਪ੍ਰਭਾਵਿਤ ਮਾਂਵਾਂ ਤੇ ਹੋਰ ਲੋਕ ਵੀ ਦਸਤਖ਼ਤ ਕਰਨ। ਟੋਰੀ ਨੇ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਪਟੀਸ਼ਨ ਉਨ੍ਹਾਂ ਮਾਂਵਾਂ ਤੇ ਹੋਰਨਾਂ ਪ੍ਰਭਾਵਿਤ ਲੋਕਾਂ ਲਈ ਬਹੁਤ ਹੀ ਅਹਿਮ ਮੌਕਾ ਹੈ। ਟੋਰੀ ਨੇ ਆਖਿਆ ਕਿ ਇਸ ਨਾਲ ਸ਼ਾਇਦ ਉਨ੍ਹਾਂ ਪੀਸੀ ਐਮਪੀਪੀਜ਼ ਦੀਆਂ ਆਤਮਾਂਵਾਂ ਵੀ ਝੰਜੋੜੀਆਂ ਜਾਣ ਜਿਹੜੇ ਹੁਣ ਤੱਕ ਇਹ ਸੱਭ ਵੇਖ ਕੇ ਚੁੱਪ ਵੱਟੀ ਬੈਠੇ ਹਨ।


ਟੋਰਾਂਟੋ ਵਾਂਗ ਹੀ ਦੂਜਾ ਪੀਸੀ ਹਲਕਾ ਸਕਾਰਬੌਰੋ ਸੈਂਟਰ ਹੈ ਜਿੱਥੇ 357 ਸਬਸਿਡੀਜ਼ ਖਤਰੇ ਵਿੱਚ ਹਨ, ਸਕਾਰਬੌਰੋ ਐਗਿਨਕੋਰਟ ਵਿੱਚ 268 ਸਬਸਿਡੀਜ਼ ਨੂੰ ਖਤਰਾ ਹੈ। ਇਨ੍ਹਾਂ ਹਲਕਿਆਂ ਵਿੱਚ 1288 ਬੱਚੇ ਸਬਸਿਡੀਜ਼ ਲਈ ਉਡੀਕ ਕਰ ਰਹੇ ਹਨ। ਓਨਟਾਰੀਓ ਕੋਲੀਸ਼ਨ ਫੌਰ ਬੈਟਰ ਚਾਈਲਡ ਕੇਅਰ ਦੀ ਕੈਰੋਲਿਨ ਫਰਨਜ਼ ਨੇ ਆਖਿਆ ਕਿ ਕਿਸੇ ਨੇ ਵੀ ਆਹ ਸੱਭ ਦੇਖਣ ਲਈ ਤਾਂ ਪੀਸੀ ਪਾਰਟੀ ਨੂੰ ਵੋਟ ਨਹੀਂ ਸੀ ਕੀਤਾ। ਉਨ੍ਹਾਂ ਨੂੰ ਇਸ ਸੱਭ ਕਾਸੇ ਨੂੰ ਬੰਦ ਕਰਨਾ ਹੋਵੇਗਾ, ਕਮਿਊਨਿਟੀ ਦੀ ਗੱਲ ਸੁਣਨੀ ਹੋਵੇਗੀ ਤੇ ਇਨ੍ਹਾਂ ਕਟੌਤੀਆਂ ਨੂੰ ਵਾਪਿਸ ਲੈਣਾ ਹੋਵੇਗਾ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਪੰਜਾਬ 'ਚ 1.54 ਲੱਖ ਵੋਟਰਾਂ ਨੇ ਕੀਤਾ ਨੋਟਾ ਦਾ ਪ੍ਰਯੋਗ



ਚੰਡੀਗੜ੍ਹ, 23 ਮਈ (ਪੋਸਟ ਬਿਊਰੋ)- ਲੋਕ ਸਭਾ ਚੋਣਾਂ 'ਚ ਬੇਸ਼ੱਕ ਦੇਸ਼ ਦੇ ਵੋਟਰਾਂ ਨੇ ਐਨ.ਡੀ.ਏ. 'ਤੇ ਭਾਰੀ ਵਿਸ਼ਵਾਸ ਜਤਾਇਆ ਹੈ, ਪਰ ਪੰਜਾਬ ਦੇ 1,53,913 ਵੋਟਰਾਂ ਨੇ ਕਿਸੇ ਵੀ ਉਮੀਦਵਾਰ 'ਤੇ ਵਿਸ਼ਵਾਸ ਨਾ ਜਤਾਉਂਦਿਆਂ 'ਨੋਟਾ' ਦਾ ਪ੍ਰਯੋਗ ਕੀਤਾ ਹੈ। ਸਾਲ 2014 ਦੀਆਂ ਪਿਛਲੀਆਂ ਚੋਣਾਂ 'ਚ ਰਾਜ ਦੇ 58754 ਵੋਟਰਾਂ ਨੇ ਕਿਸੇ ਵੀ ਉਮੀਦਵਾਰ 'ਤੇ ਵਿਸ਼ਵਾਸ ਨਾ ਜਤਾਉਂਦਿਆਂ 'ਨੋਟਾ' ਬਟਨ ਨੂੰ ਦਬਾਇਆ ਸੀ। ਫਰੀਦਕੋਟ ਸੰਸਦੀ ਖੇਤਰ 'ਚ ਇਸ ਵਾਰ ਸਭ ਤੋਂ ਜ਼ਿਆਦਾ 19053 ਵੋਟਰਾਂ ਨੇ ਨੋਟਾ ਦਾ ਪ੍ਰਯੋਗ ਕੀਤਾ ਹੈ। ਹਾਲਾਂਕਿ ਪਿਛਲੀਆਂ ਚੋਣਾਂ 'ਚ ਫਿਰੋਜ਼ਪੁਰ ਸੰਸਦੀ ਖੇਤਰ ਦੇ ਵੋਟਰਾਂ ਨੇ ਸਭ ਤੋਂ ਜ਼ਿਆਦਾ 7685 ਵੋਟਰਾਂ ਨੇ ਨੋਟਾ ਦਾ ਪ੍ਰਯੋਗ ਕੀਤਾ ਸੀ, ਪਰ ਇਸ ਵਾਰ ਇਸ ਖੇਤਰ ਦੇ 14891 ਵੋਟਰਾਂ ਨੇ ਕਿਸੇ ਵੀ ਉਮੀਦਵਾਰ 'ਤੇ ਵਿਸ਼ਵਾਸ ਨਹੀਂ ਜਤਾਇਆ। ਪਿਛਲੀਆਂ ਚੋਣਾਂ 'ਚ ਅੰਮ੍ਰਿਤਸਰ ਸੰਸਦੀ ਖੇਤਰ 'ਚ ਜਿਥੇ 2533 ਵੋਟਰਾਂ ਨੇ ਨੋਟਾ ਦਾ ਪ੍ਰਯੋਗ ਕੀਤਾ ਸੀ, ਉਥੇ ਹੀ ਇਸ ਵਾਰ ਇਸ ਖੇਤਰ 'ਚ 8713 ਵੋਟਰਾਂ ਨੇ ਕਿਸੇ ਵੀ ਉਮੀਦਵਾਰ 'ਤੇ ਵਿਸ਼ਵਾਸ ਨਹੀਂ ਜਤਾਇਆ।

| ਸੰਸਦੀ ਖੇਤਰ | ਨੋਟਾ |
|---|---|
| ਅੰਮ੍ਰਿਤਸਰ | 8713 |
| ਸ਼੍ਰੀ ਆਨੰਦਪੁਰ ਸਾਹਿਬ | 17135 |
| ਬਠਿੰਡਾ | 13323 |
| ਫਰੀਦਕੋਟ | 19053 |
| ਫ਼ਤਿਹਗੜ੍ਹ ਸਾਹਿਬ | 12976 |
| ਫਿਰੋਜ਼ਪੁਰ | 14891 |
| ਗੁਰਦਾਸਪੁਰ | 9474 |
| ਹੁਸ਼ਿਆਰਪੁਰ | 12868 |
| ਜਲੰਧਰ | 12324 |
| ਖਡੂਰ ਸਾਹਿਬ | 5082 |
| ਲੁਧਿਆਣਾ | 10538 |
| ਪਟਿਆਲਾ | 11110 |
| ਸੰਗਰੂਰ | 6426 |
| ਕੁਲ | 153913 |

ਰਾਜ ਦੀਆਂ 13 ਸੰਸਦੀ ਖੇਤਰਾਂ 'ਚ ਸਭ ਤੋਂ ਘੱਟ ਵੋਟਾਂ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਦੀ ਸੂਚੀ 'ਚ ਅੰਮ੍ਰਿਤਸਰ ਸੰਸਦੀ ਖੇਤਰ ਤੋਂ ਆਜ਼ਾਦ ਉਮੀਦਵਾਰ ਦੇ ਰੂਪ 'ਚ ਚੋਣ ਮੈਦਾਨ 'ਚ ਉਤਰੇ ਚੰਦ ਕੁਮਾਰ ਦਾ ਨਾਮ ਸਭ ਤੋਂ ਪਹਿਲੇ ਨੰਬਰ 'ਤੇ ਹੈ। ਚੰਦ ਕੁਮਾਰ ਨੂੰ ਸਿਰਫ 233 ਵੋਟਾਂਪਈਆਂ ਹਨ।

## ਕੌਮਾਂਤਰੀ ਪੱਧਰ ਉੱਤੇ ਟਰੇਨਡ ਨਿਊਕਮਰਜ਼ ਨੂੰ ਰੋਜ਼ਗਾਰ ਲੱਭਣ ਵਿੱਚ ਮਦਦ ਕਰ ਰਹੀ ਹੈ ਕੈਨੇਡਾ ਸਰਕਾਰ

ਮਿਸੀਸਾਗਾ, 23 ਮਈ (ਪੋਸਟ ਬਿਊਰੋ) : ਹੁਨਰਮੰਦ ਨਿਊਕਮਰਜ਼ ਨੂੰ ਅਕਸਰ ਇੱਧਰ ਆ ਕੇ ਆਪਣੇ ਖੇਤਰ ਵਿੱਚ ਕੰਮ ਲੱਭਣ ਵਿੱਚ ਮੁਸ਼ਕਲ ਆਉਂਦੀ ਹੈ ਕਿਉਂਕਿ ਵਿਦੇਸ਼ ਵਿੱਚ ਹਾਸਲ ਕੀਤੀ ਗਈ ਸਿੱਖਿਆ ਤੇ ਟਰੇਨਿੰਗ ਨੂੰ ਇੱਧਰ ਮਾਨਤਾ ਨਹੀਂ ਮਿਲਦੀ। ਇਹ ਯਕੀਨੀ ਬਣਾਉਣ ਲਈ ਕਿ ਹੁਨਰਮੰਦ, ਪ੍ਰਤੀਯੋਗੀ ਨੂੰ ਕੰਮ ਮਿਲੇ, ਕੈਨੇਡਾ ਸਰਕਾਰ ਕੌਮਾਂਤਰੀ ਪੱਧਰ ਉੱਤੇ ਟਰੇਨਡ ਨਿਊਕਮਰਜ਼ ਨੂੰ ਰੋਜ਼ਗਾਰ ਲੱਭਣ, ਚੰਗੇ ਪੈਸੇ ਵਾਲੀਆਂ ਨੌਕਰੀਆਂ ਲੱਭਣ ਵਿੱਚ ਮਦਦ ਕਰ ਰਹੀ ਹੈ। ਅਰਥਚਾਰੇ ਨੂੰ ਹੁਲਾਰਾ ਦੇਣ, ਮੱਧਵਰਗ ਦੇ ਹੱਥ ਮਜ਼ਬੂਤ ਕਰਨ ਤੇ ਭਵਿੱਖ ਵਿੱਚ ਕੈਨੇਡਾ ਦੀ ਮੁਕਾਬਲੇਬਾਜ਼ੀ ਨੂੰ ਯਕੀਨੀ ਬਣਾਉਣ ਲਈ ਇਹ ਸਾਡੀ ਸਰਕਾਰ ਦੀ ਯੋਜਨਾ ਹੈ।

ਇੰਪਲਾਇਮੈਂਟ, ਵਰਕਫੋਰਸ ਡਿਵੈਲਪਮੈਂਟ ਐਂਡ ਲੇਬਰ ਮੰਤਰੀ ਪੈਟੀ ਹਾਜ਼ਦੂ ਨੇ ਇੱਕ ਨਵੇਂ ਪ੍ਰੋਜੈਕਟ ਦਾ ਐਲਾਨ ਕੀਤਾ। ਜਿਸ ਤਹਿਤ ਮਿਸੀਸਾਗਾ ਤੇ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਕੌਮਾਂਤਰੀ ਪੱਧਰ ਉੱਤੇ ਟਰੇਨਡ 1200 ਨਿਊਕਮਰਜ਼ ਦੇ ਵਿਦੇਸ਼ਾਂ ਵਿੱਚ ਹਾਸਲ ਕੀਤੇ ਦਸਤਾਵੇਜ਼ਾਂ ਨੂੰ ਮਾਨਤਾ ਦਿੱਤੀ ਜਾ ਰਹੀ ਹੈ ਤਾਂ ਕਿ ਜੌਬ ਮਾਰਕਿਟ ਵਿੱਚ ਉਨ੍ਹਾਂ ਨੂੰ ਜਲਦ ਤੋਂ ਜਲਦ ਕੰਮ ਮਿਲ ਸਕੇ ਤੇ ਉਹ ਸਾਰੇ ਤੇਜ਼ੀ ਨਾਲ ਵਿਕਸਤ ਹੋ ਰਹੇ ਸਾਡੇ ਅਰਥਚਾਰੇ ਵਿੱਚ ਯੋਗਦਾਨ ਪਾ ਸਕਣ।

ਕੈਨੇਡਾ ਸਰਕਾਰ ਦ ਸੈਂਟਰ ਫੌਰ ਐਜੂਕੇਸ਼ਨ ਐਂਡ ਟਰੇਨਿੰਗ (ਟੀਸੀਈਟੀ) ਵੱਲੋਂ ਲਿਆਂਦੇ ਗਏ ਐਕਸਲਰੇਟਿੰਗ ਕਰੀਅਰ ਐਡਵਾਂਸਮੈਂਟ ਪ੍ਰੋਜੈਕਟ ਵਿੱਚ ਅਗਲੇ 8 ਸਾਲਾਂ ਵਿੱਚ 3.8 ਮਿਲੀਅਨ ਡਾਲਰ ਨਿਵੇਸ਼ ਕਰ ਰਹੀ ਹੈ। ਇਸ ਨਿਵੇਸ਼ ਨਾਲ ਟੀਸੀਈਟੀ ਨਵੇਂ ਕੈਨੇਡੀਅਨਾਂ ਨੂੰ ਉਨ੍ਹਾਂ ਦੀ ਮਹਾਰਤ ਵਾਲੇ ਖੇਤਰ ਵਿੱਚ ਮਿਆਰੀ ਨੌਕਰੀ ਲੱਭਣ ਵਿੱਚ ਮਦਦ ਕਰੇਗੀ। ਫੌਰਨ ਕ੍ਰੀਡੈਂਸ਼ੀਅਲ ਰੈਕੋਗਨੀਸ਼ਨ ਪ੍ਰੋਗਰਾਮ (ਐਫਸੀਆਰਪੀ), ਪ੍ਰੋਵਿੰਸ਼ੀਅਲ ਤੇ ਟੈਰੀਟੋਰੀਅਲ ਸਰਕਾਰਾਂ, ਰੈਗੂਲੇਟਰੀ ਬੌਡੀਜ਼, ਨੈਸ਼ਨਲ ਐਸੋਸਿਏਸ਼ਨਜ਼ ਤੇ ਕ੍ਰੀਡੈਂਸ਼ੀਅਲ ਅਸੈੱਸਮੈਂਟ ਏਜੰਸੀਜ਼ ਨੂੰ ਫੰਡਿੰਗ ਮੁਹੱਈਆ ਕਰਵਾਉਂਦਾ ਹੈ। ਸਰਕਾਰਾਂ ਤੇ ਆਰਗੇਨਾਈਜ਼ੇਸ਼ਨਜ਼ ਅਜਿਹੇ ਪ੍ਰੋਜੈਕਟਾਂ ਲਈ ਫੰਡਿੰਗ ਦੀ ਵਰਤੋਂ ਵਿਦੇਸ਼ੀ ਕ੍ਰੀਡੈਂਸ਼ੀਅਲ ਰੈਕੋਗਨੀਸ਼ਨ ਪ੍ਰਕਿਰਿਆ ਪੂਰੀ ਕਰਨ ਲਈ ਕਰਦੀਆਂ ਹਨ। ਐਫਸੀਆਰਪੀ ਨਿਊਕਮਰਜ਼ ਨੂੰ ਆਪਣੇ ਹੁਨਰ ਤੇ ਟਰੇਨਿੰਗ ਨੂੰ ਮਾਨਤਾ ਦਿਵਾਉਣ ਲਈ ਆਉਣ ਵਾਲੇ ਖਰਚੇ ਨੂੰ ਬਰਦਾਸ਼ਤ ਕਰਨ ਵਾਸਤੇ ਲੋਨ ਵੀ ਮੁਹੱਈਆ ਕਰਵਾਉਂਦਾ ਹੈ।

## ਹਰਮਨਜੀਤ ਚਾਹਲ ਨੂੰ ਸਦਮਾ

### ਮਾਤਾ ਜੀ ਗੁਰਨਾਮ ਕੌਰ ਚਾਹਲ ਅਚਨਚੇਤ ਸਵਰਗਵਾਸ



ਪੰਜਾਬੀ ਭਾਈਚਾਰੇ ਵਿਚ ਜਾਣੀ ਪਹਿਚਾਣੀ ਸ਼ਖਸੀਅਤ ਓਂਟਾਰੀਓ ਖਾਲਸਾ ਦਰਬਾਰ ਓਕੇਡੀ ਕਬੱਡੀ ਕਲੱਬ ਦੇ ਹਰਮਨਜੀਤ ਸਿੰਘ ਚਾਹਲ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ, ਜਦ ਉਨ੍ਹਾਂ ਦੇ ਮਾਤਾ ਜੀ ਅਚਾਨਕ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾਂ ਦਾ ਅੰਤਮ ਸੰਸਕਾਰ ਮਿਤੀ 26 ਮਈ ਦਿਨ ਐਤਵਾਰ ਨੂੰ ਦੁਪਹਿਰ 2:30 ਵਜੇ ਤੋ 4:30 ਵਜੇ ਤੱਕ 30 Bramwin Court, Brampton, Ontario, L6T 5G2 ਵਿਖੇ ਕੀਤਾ ਜਾ ਰਿਹਾ ਹੈ। ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੋਣ ਲਈ ਹਰਮਨਜੀਤ ਸਿੰਘ ਚਾਹਲ ਨਾਲ 416-648-5050 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਚੋਣ ਨਤੀਜੇ ਨਿਰਣਾਇਕ ਲੀਡਰਸ਼ਿਪ ਲਈ ਫਤਵਾ: ਬਾਦਲ

### ਸੁਖਬੀਰ ਬਾਦਲ ਨੇ ਵੀ ਦਿੱਤੀ ਮੋਦੀ ਨੂੰ ਵਧਾਈ




ਚੰਡੀਗੜ੍ਹ, 23 ਮਈ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪਰਕਾਸ਼ ਸਿੰਘ ਬਾਦਲ ਅਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਭਾਜਪਾ ਦੀ ਅਗਵਾਈ ਵਾਲੇ ਗਠਜੋੜ ਐਨਡੀਏ ਨੂੰ ਲੋਕ ਸਭਾ ਚੋਣਾਂ 'ਚ ਮਿਲੀ ਸ਼ਾਨਦਾਰ ਅਤੇ ਇਤਿਹਾਸਕ ਜਿੱਤ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੂੰ ਵਧਾਈਆਂ ਦਿੱਤੀਆਂ ਹਨ। ਆਪਣੇ ਵਧਾਈ ਸੰਦੇਸ਼ ਵਿਚ ਪਰਕਾਸ਼ ਸਿੰਘ ਬਾਦਲ ਨੇ ਚੋਣ ਨਤੀਜਿਆਂ ਨੂੰ ਨਿਰਣਾਇਕ, ਮਜ਼ਬੂਤ ਅਤੇ ਦੇਖ-ਭਾਲ ਕਰਨ ਵਾਲੀ ਲੀਡਰਸ਼ਿਪ ਨੂੰ ਮਿਲਿਆ ਨੂੰ ਇਕ ਫੈਸਲਾਕੁੰਨ ਅਤੇ ਮਜ਼ਬੂਤ ਫਤਵਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੀ ਸਭ ਦਾ ਵਿਕਾਸ ਪ੍ਰਤੀ ਵਚਨਬੱਧਤਾ ਲਈ ਸਭ ਕਾ ਸਾਥ ਅਤੇ ਸਭ ਕਾ ਵਿਸ਼ਵਾਸ ਮਿ-ਲਆ ਹੈ। ਬਾਦਲ ਨੇ ਕਿਹਾ ਕਿ ਹੁਣ ਇਕ ਮਜ਼ਬੂਤ ਅਤੇ ਇਕਜੁਟ ਭਾਰਤ ਦਾ ਸਮਾਂ ਆ ਗਿਆ ਹੈ, ਜਿਸ ਵਿਚ ਹਰ ਭਾਰਤੀ ਬਰਾਬਰ ਦਾ ਯੋਗਦਾਨ ਪਾਉਣ ਵਾਲਾ ਅਤੇ ਹਿੱਸੇਦਾਰ ਹੈ।

ਪ੍ਰਧਾਨ ਮੰਤਰੀ ਨੂੰ ਭੇਜੇ ਆਪਣੇ ਵਧਾਈ ਸੰਦੇਸ਼ ਵਿਚ ਅਕਾਲੀ ਦਲ ਪ੍ਰਧਾਨ ਸੁਖਬੀਰ ਬਾਦਲ ਨੇ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੀ ਸਪੱਸ਼ਟ, ਨਿਰਣਾਇਕ ਅਤੇ ਦੂਰਅੰਦੇਸ਼ੀ ਲੀਡਰਸ਼ਿਪ ਨੂੰ ਮਿਲੇ ਇਸ ਸ਼ਾਨਦਾਰ ਅਤੇ ਇਤਿਹਾਸਕ ਫਤਵੇ ਲਈ ਵਧਾਈ ਦਿੱਤੀ। ਬਾਦਲ ਨੇ ਕਿਹਾ ਕਿ ਸਾਰੇ ਦੇਸ਼ ਨੇ ਜਾਤਾਂ, ਵਰਗਾਂ, ਭਾਈਚਾਰਿਆਂ ਦੀਆਂ ਹੱਦਬੰਦੀਆਂ ਤੋਂ ਉੱਪਰ ਉੱਠ ਕੇ ਇਕ ਧਰਮ-ਨਿਰਪੱਖ ਅਤੇ ਸਰਬਸੰਮਤੀ ਵਾਲਾ ਫੈਸਲਾ ਦਿੱਤਾ ਹੈ। ਪ੍ਰਧਾਨ ਮੰਤਰੀ ਅਤੇ ਭਾਜਪਾ ਪ੍ਰਧਾਨ ਨੂੰ ਦਿੱਤੇ ਵਧਾਈ ਸੰਦੇਸ਼ ਵਿਚ ਉਨ੍ਹਾਂ ਕਿਹਾ ਕਿ ਭਾਰਤ ਦਾ ਭਵਿਖ ਰੌਸ਼ਨਮਈ ਹੈ।
















# ਇੱਕ ਵਿਰਾਟ ਸ਼ਖਸੀਅਤ ਸਨ ਅਟਲ ਬਿਹਾਰੀ ਵਾਜਪਾਈ

-ਕ੍ਰਿਸ਼ਨ ਮੋਹਨ ਸਿੰਘ-


ਅਟਲ ਬਿਹਾਰੀ ਵਾਜਪਾਈ ਇੱਕ ਵਿਰਾਟ ਸ਼ਖਸੀਅਤ ਸਨ। ਜਿਹੜਾ ਵੀ ਪੱਤਰਕਾਰ, ਸਿਆਸਤਦਾਨ ਪਿਛਲੇ ਛੇ ਦਹਾਕਿਆਂ ਤੋਂ ਦਿੱਲੀ, ਲਖਨਊ, ਭੋਪਾਲ ਅਤੇ ਜੈਪੁਰ ਵਿੱਚ ਸਰਗਰਮ ਰਿਹਾ ਹੈ, ਹੋ ਨਹੀਂ ਸਕਦਾ ਕਿ ਉਹ ਇਸ ਵਿਰਾਟ ਸ਼ਖਸੀਅਤ ਤੋਂ ਅਛੂਤਾ ਰਿਹਾ ਹੋਵੇ। ਤੁਸੀਂ ਵਾਜਪਾਈ ਨੂੰ ਸਤਿਕਾਰ ਯੋਗ ਮੰਨੋ ਜਾਂ ਦੁਸ਼ਮਣ, ਉਨ੍ਹਾਂ ਨਾਲ ਪਿਆਰ ਕਰੋ ਜਾਂ ਨਫਰਤ, ਉਨ੍ਹਾਂ ਨਾਲ ਸਹਿਮਤ ਹੋਵੋ ਜਾਂ ਅਸਹਿਮਤ, ਚੰਗੇ ਮੰਨੋ ਜਾਂ ਬੁਰੇ, ਤੁਸੀਂ ਉਨ੍ਹਾਂ ਨੂੰ ਖਾਰਜ ਨਹੀਂ ਕਰ ਸਕਦੇ। ਇਹ ਇਸ ਸ਼ਖਸ ਦੀ ਜ਼ਿੰਦਗੀ ਦੀ ਸਫਲਤਾ ਦਾ ਸਬੂਤ ਹੈ। ਖੁਦ ਨੂੰ ਪਸੰਦ ਨਾ ਕਰਨ ਵਾਲੇ ਘੋਰ ਵਿਰੋਧੀ ਨੂੰ ਵੀ ਵਿਹਾਰ ਨਾਲ ਮੋਹਿਤ ਕਰ ਲੈਣ ਵਾਲੇ ਅਤੇ ਉਸ ਨਾਲ ਸਹਿਜ ਸੰਬੰਧ ਬਣਾ ਲੈਣ ਦੀ ਸਮਰੱਥਾ ਭਾਰਤੀ ਸਿਆਸੀ ਸਿਖਰ ਦੇ ਜਿਹੜੇ ਕੁਝ ਕੁ ਗਿਣੇ ਚੁਣੇ ਨੇਤਾਵਾਂ ਵਿੱਚ ਰਹੀ ਹੈ, ਉਨ੍ਹਾਂ 'ਚ ਅਟਲ ਬਿਹਾਰੀ ਵਾਜਪਾਈ ਦਾ ਨਾਂਅ ਵੀ ਆਉਂਦਾ ਹੈ। ਕੋਈ ਕਿੰਨੀ ਵੀ ਕੌੜੀ ਗੱਲ ਕਹੇ, ਵਾਜਪਾਈ ਉਸ ਦਾ ਹੱਸਦੇ ਹੋਏ ਜਵਾਬ ਦੇ ਦਿੰਦੇ ਸਨ। ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਉਨ੍ਹਾਂ ਨੂੰ 'ਗੁਰੂਦੇਵ' ਕਹਿੰਦੇ ਸਨ, ਪਰ ਕਈ ਵਾਰ ਵਾਜਪਾਈ ਜੀ ਨੂੰ ਅਜਿਹੇ ਕੌੜੇ ਸ਼ਬਦ ਕਹਿ ਦਿੰਦੇ ਕਿ ਉਹ ਭੜਕ ਉਠਦੇ ਸਨ, ਪਰ ਜਵਾਬ ਸਹਿਜ ਸ਼ਬਦਾਂ ਵਿੱਚ ਹੀ ਦਿੰਦੇ ਸਨ।

ਇੱਕ ਵਾਰ ਵਾਜਪਾਈ ਨੇ ਜਾਰਜ ਫਰਨਾਂਡੀਜ਼ ਦਾ ਕੇਂਦਰੀ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਲੈ ਲਿਆ ਤਾਂ ਚੰਦਰ ਸ਼ੇਖਰ ਨੇ ਉਨ੍ਹਾਂ ਨੂੰ ਫੋਨ ਕਰ ਕੇ ਕਿਹਾ, 'ਗੁਰੂਦੇਵ, ਕੀ ਬਲੀ ਦਾ ਬੱਕਰਾ ਬਣਾਉਣ ਲਈ ਜਾਰਜ ਹੀ ਸੀ?' ਵਾਜਪਾਈ ਨੇ ਕਿਹਾ, 'ਨਹੀਂ, ਚੰਦਰਸ਼ੇਖਰ ਜੀ, ਅਜਿਹਾ ਨਹੀਂ। ਕੁਝ ਸਮੇਂ ਬਾਅਦ ਉਹ ਫਿਰ ਮੰਤਰੀ ਮੰਡਲ ਵਿੱਚ ਵਾਪਸ ਆ ਜਾਣਗੇ।'

ਇੱਕ ਹੋਰ ਘਟਨਾ ਚੰਦਰ ਸ਼ੇਖਰ ਨਾਲ ਜੁੜਦੀ ਹੈ। ਪਾਰਲੀਮੈਂਟ ਚੱਲ ਰਹੀ ਸੀ ਤੇ ਚੰਦਰ ਸ਼ੇਖਰ ਲੋਕ ਸਭਾ ਵਿੱਚ ਸਨ। ਦੂਜੇ ਪਾਸੇ ਗੁੜਗਾਓਂ ਦੇ ਉਨ੍ਹਾਂ ਦੇ ਭੋਂਡਸੀ ਆਸ਼ਰਮ ਜਾਣ ਦਾ ਰਾਹ ਸੀ ਆਰ ਪੀ ਐੱਫ ਨੇ ਬੈਰੀਕੇਡ ਲਾ ਕੇ ਬੰਦ ਕਰ ਦਿੱਤਾ ਸੀ (ਭੋਂਡਸੀ ਆਸ਼ਰਮ ਜਾਣ ਦਾ ਰਾਹ ਸੀ ਆਰ ਪੀ ਐੱਫ ਦੇ ਖੇਤਰ ਵਿੱਚੋਂ ਲੰਘਦਾ ਸੀ) ਇਸ ਲਈ ਆਸ਼ਰਮ ਜਾਣਾ ਔਖਾ ਸੀ। ਆਸ਼ਰਮ ਵਿੱਚ ਰਹਿਣ ਵਾਲਿਆਂ ਨੇ ਚੰਦਰ ਸ਼ੇਖਰ ਦੀ ਰਿਹਾਇਸ਼ ਸਾਊਥ ਐਵੇਨਿਊ ਵਿੱਚ ਫੋਨ ਕਰ ਕੇ ਇਸ ਬਾਰੇ ਸੂਚਨਾ ਦਿੱਤੀ ਤੇ ਇਹ ਗੱਲ ਚੰਦਰ ਸ਼ੇਖਰ ਤੱਕ ਪੁਚਾਉਣ ਲਈ ਕਿਹਾ। ਲੋਕ ਸਭਾ ਵਿੱਚ ਜਾ ਕੇ ਇੱਕ ਪਾਰਲੀਮੈਂਟ ਮੈਂਬਰ ਨੇ ਚੰਦਰ ਸ਼ੇਖਰ ਨੂੰ ਸਾਰੀ ਗੱਲ ਦੱਸੀ, ਤਾਂ ਉਹ ਉਥੋਂ ਉਠ ਕੇ ਸਿੱਧੇ ਪ੍ਰਧਾਨ ਮੰਤਰੀ ਦੇ ਕਮਰੇ ਵਿੱਚ ਗਏ। ਉਥੇ ਵਾਜਪਾਈ ਬੈਠੇ ਹੋਏ ਸਨ। ਚੰਦਰ ਸ਼ੇਖਰ ਨੇ ਉਨ੍ਹਾਂ ਨੂੰ ਕਿਹਾ, 'ਅਤੁਹਾਡੇ ਗ੍ਰਹਿ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਮੇਰੇ ਭੋਂਡਸੀ ਆਸ਼ਰਮ ਨੂੰ ਜਾਣ ਦਾ ਰਾਹ ਸੀ ਆਰ ਪੀ ਐੱਫ ਤੋਂ ਬੰਦ ਕਰਵਾ ਦਿੱਤਾ ਹੈ, ਮੈਂ ਉਥੇ ਜਾ ਰਿਹਾ ਹਾਂ, ਉਨ੍ਹਾਂ ਨੂੰ ਕਹਿ ਦਿਓ ਰੋਕਣ।' ਇਹ ਕਹਿ ਕੇ ਚੰਦਰ ਸ਼ੇਖਰ ਤੇਜ਼ੀ ਨਾਲ ਬਾਹਰ ਨਿਕਲ ਗਏ। ਹੈਰਾਨ ਹੋਏ ਵਾਜਪਾਈ ਕਹਿੰਦੇ ਰਹਿ ਗਏ, 'ਚੰਦਰ ਸ਼ੇਖਰ ਜੀ, ਇੱਕ ਮਿੰਟ ਰੁਕੋ, ਮੈਂ ਸੀ ਆਰ ਪੀ ਐੱਫ ਦੇ ਚੀਫ ਨੂੰ ਫੋਨ ਕਰ ਕੇ ਰਸਤਾ ਖੁੱਲ੍ਹਵਾਉਂਦਾ ਅਤੇ ਪੁੱਛਦਾ ਹਾਂ ਕਿ ਕਿਸ ਦੇ ਕਹਿਣ ਉੱਤੇ ਅਤੇ ਕਿਵੇਂ ਰਸਤਾ ਰੋਕਿਆ ਗਿਆ?'

ਚੰਦਰ ਸ਼ੇਖਰ ਪਾਰਲੀਮੈਂਟ ਭਵਨ ਵਿੱਚੋਂ ਬਾਹਰ ਨਿਕਲ ਕੇ ਕਾਰ ਵਿੱਚ ਬੈਠੇ ਤੇ ਸਿੱਧੇ ਭੋਂਡਸੀ ਆਸ਼ਰਮ ਲਈ ਚੱਲ ਪਏ। ਉਥੇ ਗਏ ਤਾਂ ਰਸਤਾ ਖੁੱਲ੍ਹਾ ਮਿਲਿਆ ਅਤੇ ਸੀ ਆਰ ਪੀ ਐਫ ਵਾਲਿਆਂ ਨੇ ਉਨ੍ਹਾਂ ਤੋਂ ਮੁਆਫੀ ਮੰਗੀ। ਅਸਲ ਵਿੱਚ ਉਨ੍ਹੀਂ ਦਿਨੀਂ ਅਡਵਾਨੀ ਜੀ ਦੇ ਪਰਵਾਰ ਵਿੱਚ ਨੂੰਹ ਦਾ ਝਗੜਾ ਚੱਲ ਰਿਹਾ ਸੀ ਤੇ ਉਹ ਚੰਦਰ ਸ਼ੇਖਰ ਦੇ ਇੱਕ ਮਿੱਤਰ ਦੀ ਬੇਟੀ ਸੀ। ਅਡਵਾਨੀ ਨੂੰ ਲੱਗਦਾ ਸੀ ਕਿ ਉਨ੍ਹਾਂ ਦੀ ਨੂੰਹ ਚੰਦਰ ਸ਼ੇਖਰ ਦੀ ਸ਼ਹਿ ਉੱਤੇ ਪ੍ਰੇਸ਼ਾਨ (ਮੁਕੱਦਮਾ) ਕਰ ਰਹੀ ਹੈ।

ਇੱਕ ਘਟਨਾ ਹੋਰ ਹੈ। ਕੇਂਦਰ ਵਿੱਚ ਵਾਜਪਾਈ ਦੀ ਸਰਕਾਰ ਸੀ। ਉਦੋਂ ਕਾਸ਼ੀ ਹਿੰਦੂ ਯੂਨੀਵਰਸਿਟੀ (ਬੀ ਐਚ ਯੂ) ਵਾਰਾਣਸੀ ਵਿੱਚ ਇੱਕ ਵਿਦਿਆਰਥੀ ਦੀ ਮੌਤ ਹੋਣ ਕਰ ਕੇ ਵਿਦਿਆਰਥੀ ਭੜਕੇ ਹੋਏ ਸਨ। ਉਥੋਂ ਦੇ ਵਾਈਸ ਚਾਂਸਲਰ ਸਨ ਗੌਤਮ, ਜਿਨ੍ਹਾਂ ਦਾ ਕਾਰਜਕਾਲ ਮੁੱਕ ਚੁੱਕਾ ਸੀ, ਪਰ ਦੂਜੀ ਟਰਮ ਦੇਣ ਲਈ ਫਾਈਲ ਅੱਗੇ ਵਧਾ ਦਿੱਤੀ ਗਈ ਸੀ।



ਡਾਕਟਰ ਮੁਰਲੀ ਮਨੋਹਰ ਜੋਸ਼ੀ ਉਦੋਂ ਮਨੁੱਖੀ ਸੋਮਿਆਂ ਦੇ ਵਿਕਾਸ ਬਾਰੇ ਮੰਤਰੀ ਸਨ। ਸਮਾਜਵਾਦੀ ਪਾਰਟੀ ਦੇ ਆਗੂ ਅਤੇ ਉਦੋਂ ਗਾਜ਼ੀਪੁਰ ਤੋਂ ਪਾਰਲੀਮੈਂਟ ਮੈਂਬਰ ਓਮ ਪ੍ਰਕਾਸ਼ ਨੇ ਇਹ ਮੁੱਦਾ ਪਾਰਲੀਮੈਂਟ ਵਿੱਚ ਉਠਾਇਆ ਸੀ, ਪਰ ਡਾਕਟਰ ਜੋਸ਼ੀ ਤਾਂ ਗੌਤਮ ਨੂੰ ਇੱਕ ਹੋਰ ਟਰਮ ਦੇਣ ਉੱਤੇ ਅੜੇ ਹੋਏ ਸਨ। ਉਸ ਤੋਂ ਬਾਅਦ ਕੁਝ ਪਾਰਲੀਮੈਂਟ ਮੈਂਬਰਾਂ ਨੇ ਗੌਤਮ ਨੂੰ ਦੂਜੀ ਟਰਮ ਨਾ ਦੇਣ ਦੀ ਚਿੱਠੀ ਰਾਸ਼ਟਰਪਤੀ ਕੇ ਆਰ ਨਾਰਾਇਣਨ ਨੂੰ ਲਿਖੀ। ਸਮਾਜਵਾਦੀ ਪਾਰਟੀ ਦੇ ਉਦੋਂ ਦੇ ਸੀਨੀਅਰ ਆਗੂ ਅਤੇ ਲੋਕ ਸਭਾ ਮੈਂਬਰ ਮੋਹਨ ਸਿੰਘ ਉਹ ਚਿੱਠੀ ਲੈ ਕੇ ਰਾਸ਼ਟਰਪਤੀ ਕੋਲ ਗਏ ਤੇ ਬੇਨਤੀ ਕੀਤੀ ਕਿ ਬੀ ਐਚ ਯੂ ਵਿੱਚ ਗੌਤਮ ਨੂੰ ਦੂਜੀ ਟਰਮ ਨਾ ਦਿੱਤੀ ਜਾਵੇ। ਉਸ ਤੋਂ ਬਾਅਦ ਰਾਸ਼ਟਰਪਤੀ ਨੇ ਗੌਤਮ ਦੀ ਫਾਈਲ ਕੇਂਦਰ ਕੋਲ ਵਾਪਸ ਭੇਜ ਦਿੱਤੀ, ਪਰ ਡਾਕਟਰ ਜੋਸ਼ੀ ਅਜੇ ਵੀ ਅੜੇ ਹੋਏ ਸਨ। ਉਹ ਦੁਬਾਰਾ ਗੌਤਮ ਦਾ ਨਾਂਅ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜਣ ਵਾਲੇ ਸਨ ਤੇ ਇਸ ਬਾਰੇ ਓਮ ਪ੍ਰਕਾਸ਼ ਚਿੰਤਤ ਸਨ ਕਿਉਂਕਿ ਉਹ ਬੀ ਐਚ ਯੂ ਵਿਦਿਆਰਥੀ ਸੰਘ ਦੇ ਜਨਰਲ ਸਕੱਤਰ ਰਹਿ ਚੁੱਕੇ ਸਨ ਤੇ ਬੀ ਐਚ ਯੂ ਦੇ ਵਿਦਿਆਰਥੀਆਂ ਨੇ ਉਨ੍ਹਾਂ 'ਤੇ ਦਬਾਅ ਬਣਾਇਆ ਹੋਇਆ ਸੀ। ਉਨ੍ਹਾਂ ਨੇ ਮੇਰੇ (ਲੇਖਕ) ਕੋਲੋਂ ਸਲਾਹ ਮੰਗੀ ਕਿ ਕੀ ਕਰਨਾ ਚਾਹੀਦਾ ਹੈ। ਮੈਂ ਕਿਹਾ ਕਿ ਪਾਰਲੀਮੈਂਟ ਭਵਨ ਵਿੱਚ ਪ੍ਰਧਾਨ ਮੰਤਰੀ ਦੇ ਕਮਰੇ ਵਿੱਚ ਜਾਓ ਅਤੇ ਵਾਜਪਾਈ ਜੀ ਦੇ ਪੈਰ ਫੜ ਲਓ। ਉਨ੍ਹਾਂ ਨੂੰ ਦੱਸ ਦੇਣਾ ਕਿ ਬੀ ਐੱਚ ਯੂ ਵਿੱਚ ਇੱਕ ਵਿਦਿਆਰਥੀ ਦੀ ਮੌਤ ਹੋ ਗਈ ਹੈ, ਜਿਸ ਨਾਲ ਵਿਦਿਆਰਥੀ ਭੜਕੇ ਹੋਏ ਹਨ ਤੇ ਉਹ ਵਾਈਸ ਚਾਂਸਲਰ ਗੌਤਮ ਨੂੰ ਦੂਜੀ ਟਰਮ ਦੇਣ ਦਾ ਵਿਰੋਧ ਕਰ ਰਹੇ ਹਨ। ਰਾਸ਼ਟਰਪਤੀ ਨੇ ਵੀ ਗੌਤਮ ਦੀ ਮੁੜ ਨਿਯੁਕਤੀ ਵਾਲੀ ਫਾਈਲ ਵਾਪਸ ਭੇਜ ਦਿੱਤੀ ਹੈ, ਪਰ ਜੋਸ਼ੀ ਉਨ੍ਹਾਂ ਨੂੰ ਦੂਜੀ ਟਰਮ ਦੇਣ 'ਤੇ ਉਤਾਰੂ ਹਨ। ਓਮ ਪ੍ਰਕਾਸ਼ ਨੇ ਇਹੋ ਕਿਹਾ ਅਤੇ ਵਾਜਪਾਈ ਜੀ ਨੇ ਉਨ੍ਹਾਂ ਦੀ ਪੂਰੀ ਗੱਲ ਸੁਣੀ ਤੇ ਕਿਹਾ, ''ਜੋਸ਼ੀ ਜੀ ਵੀ ਗਜ਼ਬ ਕਰਦੇ ਹਨ। ਮੈਂ ਦੇਖਦਾ ਹਾਂ, ਤੁਸੀਂ ਜਾਓ ਤੇ ਬੱਚਿਆਂ ਨੂੰ ਕਹਿ ਦਿਓ ਕਿ ਗੌਤਮ ਨੂੰ ਦੂਜੀ ਟਰਮ ਨਹੀਂ ਮਿਲੇਗੀ।'' ਇਹੋ ਹੋਇਆ।

ਵਾਜਪਾਈ ਜੀ ਨੂੰ ਵਿਰੋਧੀ ਪਾਰਟੀਆਂ ਦੇ ਨੌਜਵਾਨ ਪਾਰਲੀਮੈਂਟ ਮੈਂਬਰ 'ਗੁਰੂ ਜੀ' ਕਹਿੰਦੇ ਸਨ, ਕਿਉਂਕਿ ਉਹ ਕੋਈ ਵੀ ਚੰਗਾ ਕੰਮ ਲੈ ਕੇ ਉਨ੍ਹਾਂ ਕੋਲ ਜਾਂਦੇ ਤਾਂ ਵਾਜਪਾਈ ਮਨ੍ਹਾ ਨਹੀਂ ਕਰਦੇ ਸਨ। ਕਦੇ ਕਦੇ ਕੁਝ ਮੁੱਦਿਆਂ 'ਤੇ ਪਿਆਰ ਭਰੀ ਝਿੜਕ ਜ਼ਰੂਰ ਸੁਣਨ ਨੂੰ ਮਿਲਦੀ ਸੀ ਕਿ ਤੁਸੀਂ ਲੋਕ ਮਿਹਨਤ ਨਹੀਂ ਕਰਦੇ, ਅਧਿਐਨ ਹੀ ਕਰਦੇ ਹੋ। ਸਮਾਜਵਾਦੀ ਆਗੂ ਓਮ ਪ੍ਰਕਾਸ਼ ਨੇ ਦੱਸਿਆ ਕਿ 'ਇੱਕ ਵਾਰ ਲਖਨਊ ਵਿੱਚ ਵਾਜਪਾਈ ਜੀ ਦੀ ਸਭਾ ਸੀ ਤੇ ਉਦੋਂ ਉੱਤਰ ਪ੍ਰਦੇਸ਼ ਵਿੱਚ ਮੁਲਾਇਮ ਸਿੰਘ ਯਾਦਵ ਦੀ ਸਰਕਾਰ ਸੀ। ਮੈਂ (ਓਮ ਪ੍ਰਕਾਸ਼) ਵਿਧਾਇਕ ਸੀ। ਮੈਂ ਅਤੇ ਕੁਝ ਹੋਰ ਵਿਧਾਇਕਾਂ ਨੇ ਤੈਅ ਕੀਤਾ ਕਿ ਵਾਜਪਾਈ ਦੀ ਸਭਾ ਵਿੱਚ ਨਾਅਰੇਬਾਜ਼ੀ ਕੀਤੀ ਜਾਵੇ। ਇਸ ਦੀ ਸੂਚਨਾ ਨੇਤਾ ਜੀ (ਮੁਲਾਇਮ ਸਿੰਘ ਯਾਦਵ) ਨੂੰ ਮਿਲ ਗਈ। ਉਨ੍ਹਾਂ ਨੇ ਮੈਨੂੰ ਬੁਲਾਇਆ ਤੇ ਕਿਹਾ ਕਿ ਵਾਜਪਾਈ ਜੀ ਦੇਸ਼ ਦੇ ਵੱਡੇ ਨੇਤਾ ਹਨ, ਤੁਹਾਨੂੰ ਉਨ੍ਹਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲੇਗਾ। ਇਸ ਲਈ ਉਨ੍ਹਾਂ ਦੀ ਸਭਾ ਵਿੱਚ ਜਾਓ ਤੇ ਚੁੱਪਚਾਪ ਬੈਠ ਕੇ ਉਨ੍ਹਾਂ ਦਾ ਭਾਸ਼ਣ ਸੁਣੋ। ਉਨ੍ਹਾਂ ਤੋਂ ਸਿੱਖੋ ਕਿ ਭਾਸ਼ਣ ਕਿਵੇਂ ਦਿੱਤਾ ਜਾਂਦਾ ਹੈ, ਕਿਸੇ ਮੁੱਦੇ 'ਤੇ ਕਿਵੇਂ ਬੋਲਿਆ ਜਾਂਦਾ ਹੈ।'' ਇਹ ਹੈ ਵਾਜਪਾਈ ਦੀ ਸ਼ਖਸੀਅਤ। ਅੱਖੜ ਸੁਭਾਅ ਦੇ ਚੰਦਰ ਸ਼ੇਖਰ ਉਨ੍ਹਾਂ ਨੂੰ ਉਂਝ ਹੀ 'ਗੁਰੂਦੇਵ' ਨਹੀਂ ਕਹਿੰਦੇ ਸਨ।

# ਪਹੁ ਫੁੱਟਣ ਤੋਂ ਪਹਿਲਾਂ ਮੱਛਰਾਂ ਦੇ 'ਸ਼ਿਕਾਰ' ਉਤੇ ਨਿਕਲਦੇ ਹਨ ਇਹ ਮੁਲਾਜ਼ਮ

ਐਮ ਗਾਡਗਿਲ ਅਤੇ ਐਮ ਕੇ ਮੈਨਨ

ਸਵੇਰ ਨੂੰ ਪਹੁ ਫੁੱਟਣ ਤੋਂ ਪਹਿਲਾਂ ਵਾਲੀ ਸ਼ਾਂਤੀ ਦੌਰਾਨ ਮੁੰਬਈ ਦੇ ਬਾਂਦਰਾ ਈਸਟ ਵਿੱਚ ਸਥਿਤ ਖੇਰਵਾੜੀ ਦੀ ਝੌਂਪੜਪੱਟੀ ਵਿੱਚ ਰੋਹਿਦਾਸ ਓਵਾਲਕਰ ਨੇ ਇਕ ਘਰ ਦਾ ਬੂਹਾ ਖੜਕਾਇਆ। ਇਕ ਵਿਅਕਤੀ ਨੇ ਦਰਵਾਜ਼ਾ ਖੋਲ੍ਹਿਆ ਤੇ ਓਵਾਲਕਰ ਨੂੰ ਅੰਦਰ ਸੱਦਿਆ। ਉਥੇ ਆਸ ਪਾਸ ਦੇ ਸਾਰੇ ਲੋਕ ਓਵਾਲਕਰ ਨੂੰ ਜਾਣਦੇ ਹਨ, ਜੋ 1980 ਦੇ ਦਹਾਕੇ ਦੇ ਆਖਰੀ ਦਿਨਾਂ ਤੋਂ ਇਥੇ ਇਕ ਜਾਣਿਆ ਪਛਾਣਿਆ ਚਿਹਰਾ ਹਨ, ਜਦੋਂ ਉਨ੍ਹਾਂ ਨੇ ਬ੍ਰਿਹਨ ਮੁੰਬਈ ਨਗਰ ਨਿਗਮ (ਬੀ ਐਮ ਸੀ) ਵਿੱਚ ਕੀੜੇ ਮਕੌੜੇ ਫੜਨ ਵਾਲੇ ਵਜੋਂ ਆਪਣੀ ਨੌਕਰੀ ਸ਼ੁਰੂ ਕੀਤੀ। ਓਵਾਲਕਰ ਤੇ ਉਨ੍ਹਾਂ ਦੇ ਸਹਿਯੋਗੀ ਪ੍ਰਾਣ ਮੌਕਾਲ ਆਪਣੀ ਪਿੱਠ ਉੱਤੇ ਟੰਗੇ ਬੈਗ 'ਚੋਂ ਸਕਸ਼ਨ ਟਿਊਬਾਂ ਕੱਢ ਕੇ ਝੌਂਪੜੀ ਦੇ ਕੋਨਿਆਂ ਵਿੱਚ ਦੇਖਣ ਲੱਗਦੇ ਹਨ ਤੇ ਇਕ ਮਿੰਟ ਤੋਂ ਘੱਟ ਸਮੇਂ ਵਿੱਚ ਉਨ੍ਹਾਂ ਨੂੰ ਆਪਣੇ ਸ਼ਿਕਾਰ (ਮੱਛਰ) ਨਜ਼ਰ ਆ ਜਾਂਦੇ ਹਨ, ਜੋ ਉਥੇ ਵੱਡੀ ਗਿਣਤੀ ਵਿੱਚ ਹਨ। ਮੱਛਰ ਕੱਪੜਿਆਂ, ਕੰਧਾਂ 'ਤੇ ਬੈਠੇ ਹੋਏ ਹਨ, ਇਥੋਂ ਤੱਕ ਮਕੜੀ ਦੇ ਜਾਲਿਆਂ ਵਿੱਚ ਫਸੇ ਹੋਏ ਹਨ।

ਦਿਨ ਦਾ ਉਨ੍ਹਾਂ ਦਾ ਏਜੰਡਾ ਮੱਛਰਾਂ ਨੂੰ ਫੜਨਾ ਹੈ, ਸੁਭਾਵਿਕ ਤੌਰ 'ਤੇ ਮਾਦਾ ਮੱਛਰਾਂ ਨੂੰ, ਜੋ ਫਿਲੇਰੀਆ ਦੀ ਵਜ੍ਹਾ ਬਣਦੀਆਂ ਹਨ। ਓਵਾਲਕਰ ਨੇ ਦੱਸਿਆ ਕਿ ਜ਼ਿਆਦਾਤਰ ਮੱਛਰ ਰਾਤ ਨੂੰ ਖੂਨ ਚੂਸਣ ਤੋਂ ਬਾਅਦ ਸਵੇਰ ਦੇ ਸਮੇਂ ਸੁਸਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਫੜਨਾ ਮੁਸ਼ਕਿਲ ਨਹੀਂ ਹੁੰਦਾ। ਉਨ੍ਹਾਂ ਦੀ ਸਕਸ਼ਨ ਟਿਊਬ ਇਕ ਟੈਸਟ ਟਿਊਬ ਨਾਲ ਜੁੜੀ ਹੁੰਦੀ ਹੈ ਅਤੇ ਮੱਛਰਾਂ ਨੂੰ ਮੂੰਹ ਵਿੱਚ ਖਿੱਚ ਲਏ ਜਾਣ ਤੋਂ ਬਚਣ ਲਈ ਇਨ੍ਹਾਂ ਦੋਵਾਂ ਨੂੰ ਇਕ ਜਾਲੀ ਦੇ ਜ਼ਰੀਏ ਅੱਡ ਕੀਤਾ ਜਾਂਦਾ ਹੈ। ਓਵਾਲਕਰ ਆਪਣੀ ਸਕਸ਼ਨ ਟਿਊਬ ਨੂੰ ਸੰਭਾਵੀ ਨਿਸ਼ਾਨੇ 'ਚ ਘੁੰਮਾਉਂਦੇ ਹਨ ਅਤੇ ਫਿਰ ਜਿਵੇਂ ਬਬਲ-ਟੀ ਪੀ ਰਹੇ ਹੋਈਏ, ਮੱਛਰਾਂ ਨੂੰ ਅੰਦਰ ਖਿੱਚ ਲੈਂਦੇ ਹਨ। ਇਸੇ ਤਰ੍ਹਾਂ ਉਹ ਆਪਣਾ ਧਿਆਨ ਹੋਰਨਾਂ ਸ਼ਿਕਾਰਾਂ 'ਤੇ ਕੇਂਦਰਿਤ ਕਰ ਲੈਂਦੇ ਹਨ। ਉਹ ਸਮੇਂ-ਸਮੇਂ 'ਤੇ ਆਪਣੀ ਟੈਸਟ ਟਿਊਬ ਬਦਲਦੇ ਹਨ।

ਕਈ ਕਾਲੋਨੀਆਂ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਝੌਂਪੜ ਪੱਟੀਆਂ ਹਨ, ਵਿੱਚ ਚੱਕਰ ਲਾਉਣ ਤੋਂ ਬਾਅਦ ਦੁਪਹਿਰ ਨੂੰ ਉਹ ਦਿਨ ਵੇਲੇ ਫੜੇ ਆਪਣੇ ਸ਼ਿਕਾਰਾਂ ਨੂੰ ਗਰਾਂਟ ਰੋਡ 'ਤੇ ਸਥਿਤ ਬੀ ਐਮ ਸੀ ਦੀ ਲੈਬਰਾਟਰੀ ਵਿੱਚ ਜਮ੍ਹਾ ਕਰਵਾ ਦਿੰਦੇ ਹਨ। ਇਨ੍ਹਾਂ ਪੈਦਲ ਸੈਨਿਕਾਂ, ਜੋ ਗਿਣਤੀ ਵਿੱਚ ਕੁੱਲ 9 ਹਨ ਅਤੇ ਬੀ ਐਮ ਸੀ ਦੇ ਦੁਨੀਆ ਦੇ ਸਭ ਤੋਂ ਖਤਰਨਾਕ ਜੀਵ ਮੱਛਰ ਵਿਰੁੱਧ ਮੁਹਿੰਮ ਚਲਾ ਰਹੇ ਹਨ, ਨੂੰ ਬਿਹਤਰ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ, ਕਿਉਂਕਿ ਉਨ੍ਹਾਂ ਨੂੰ ਨੌਕਰੀ ਦੇਣ ਵਾਲਾ ਇਹ ਦੇਸ਼ ਦਾ ਸਭ ਤੋਂ ਅਮੀਰ ਨਗਰ ਨਿਗਮ ਹੈ (ਬਾਰਸੀਲੋਨਾ 'ਚ ਇੰਸਟੀਚਿਊਟ ਫਾਰ ਗਲੋਬਲ ਹੈਲਥ ਅਨੁਸਾਰ ਮੱਛਰ ਦੁਨੀਆ ਵਿੱਚ ਹਰ ਸਾਲ ਲਗਭਗ ਸੱਤ ਲੱਖ ਲੋਕਾਂ ਦੀ ਜਾਨ ਲੈ ਲੈਂਦੇ ਹਨ)।

ਰਾਜਨ ਨਰਿੰਗਨੇਕਰ ਨੇ ਦੱਸਿਆ ਕਿ ਸਵੇਰ ਸਮੇਂ ਮੱਛਰ ਫੜਨ ਵਾਲੇ ਸਿਰਫ ਉਨ੍ਹਾਂ ਮੱਛਰਾਂ 'ਤੇ ਧਿਆਨ ਕੇਂਦਰਿਤ ਕਰਦੇ ਹਨ, ਜੋ ਫਿਲੇਰੀਆ ਅਤੇ ਡੇਂਗੂ ਦਾ ਕਾਰਨ ਬਣਦੇ ਹਨ। ਉਹ ਛੇ ਮਹੀਨਿਆਂ 'ਚ ਇਕ ਵਾਰ ਇਨਫੈਕਸ਼ਨ ਵਾਲੇ ਮੱਛਰਾਂ ਦੇ ਸੈਂਪਲ ਲੈਂਦੇ ਹਨ, ਪਰ ਉਹ ਕੋਈ ਜੋਖਮ ਨਹੀਂ ਉਠਾਉਂਦੇ ਅਤੇ ਰੋਜ਼ ਦੇ ਆਧਾਰ 'ਤੇ ਇਸ 'ਤੇ ਨਜ਼ਰ ਰੱਖਦੇ ਹਨ। ਜੇ ਉਨ੍ਹਾਂ ਨੂੰ ਇਨਫੈਕਸ਼ਨ ਵਾਲਾ ਕੋਈ ਮੱਛਰ ਮਿਲਦਾ ਹੈ ਤਾਂ ਉਹ ਤੁਰੰਤ ਉਥੇ ਤੇ ਆਸ ਪਾਸ ਦੇ ਇਲਾਕਿਆਂ ਵਿੱਚ ਉਨ੍ਹਾਂ ਦੇ ਪ੍ਰਜਣਨ ਖੇਤਰਾਂ ਨੂੰ ਨਸ਼ਟ ਕਰ ਦਿੰਦੇ ਹਨ।

ਇਹ ਪੁੱਛਣ 'ਤੇ ਕਿ ਮਲੇਰੀਆ ਫੈਲਾਉਣ ਵਾਲੇ ਐਨੋਫੇਲੀਜ਼ ਮੱਛਰਾਂ ਦਾ ਕੀ ਕੀਤਾ ਜਾਂਦਾ ਹੈ, ਨਰਿੰਗਨੇਕਰ ਨੇ ਦੱਸਿਆ ਕਿ ਫਿਲਹਾਲ ਉਹ ਫਿਲੇਰੀਆ ਅਤੇ ਡੇਂਗੂ ਫੈਲਾਉਣ ਵਾਲੇ ਮੱਛਰਾਂ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ, ਕਿਉਂਕਿ ਮੁੰਬਈ ਵਿੱਚ ਫਿਲੇਰੀਆ ਨਹੀਂ ਹੈ ਅਤੇ ਉਹ ਇਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਇਸ ਸਥਿਤੀ ਵਿੱਚ ਤਬਦੀਲੀ ਨਾ ਆਵੇ, ਪਰ ਜਿਥੋਂ ਤੱਕ ਮਲੇਰੀਏ ਦੀ ਗੱਲ ਹੈ, ਉਹ ਜਾਣਦੇ ਹਨ ਕਿ ਇਹ ਮੁੰਬਈ ਵਿੱਚ ਹੈ ਤੇ ਜਦੋਂ ਕਦੇ ਉਨ੍ਹਾਂ ਨੂੰ ਇਨ੍ਹਾਂ ਮੱਛਰਾਂ ਦੇ ਪ੍ਰਜਣਨ ਵਾਲੀਆਂ ਥਾਵਾਂ ਦਾ ਪਤਾ ਲੱਗਦਾ ਹੈ, ਉਹ ਉਨ੍ਹਾਂ ਨੂੰ ਨਸ਼ਟ ਕਰ ਦਿੰਦੇ ਹਨ।

ਆਪਣੇ ਸੀਨੀਅਰ ਅਧਿਕਾਰੀਆਂ ਵਾਂਗ ਓਵਾਲਕਰ ਅਤੇ ਮੋਕਾਲਵੀ ਬੈਟਰੀ ਨਾਲ ਚੱਲਣ ਵਾਲੇ ਐਸਪੀਰੇਟਰਾਂ ਦੀ ਜਾਣਕਾਰੀ ਨਹੀਂ ਰੱਖਦੇ ਅਤੇ ਟੈਸਟ ਟਿਊਬਾਂ ਤੋਂ ਖੁਸ਼ ਹਨ। ਉਨ੍ਹਾਂ ਨੇ ਹਫਤੇ ਦੇ ਛੇ ਦਿਨ ਪਹੁ ਫੁੱਟਣ ਤੋਂ ਪਹਿਲਾਂ ਜਾਗਣਾ ਹੁੰਦਾ ਹੈ, ਪਰ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਆਪਣੇ ਕੰਮ ਤੋਂ ਖੁਸ਼ ਹਨ। ਉਨ੍ਹਾਂ ਨੂੰ ਇਕ ਹੀ ਸ਼ਿਕਾਇਤ ਹੈ ਕਿ ਉਥੇ ਉਨ੍ਹਾਂ ਨੂੰ ਗੰਦਗੀ ਨਾਲ ਨਜਿੱਠਣਾ ਪੈਂਦਾ ਹੈ, ਖਾਸ ਕਰਕੇ ਜਦੋਂ ਮੀਂਹ ਪੈ ਰਿਹਾ ਹੋਵੇ।

# ਸੇਵਾਮੁਕਤੀ ਦਾ ਝੋਰਾ ਤੇ ਖੁਸ਼ੀ

-ਗੁਰਦੀਪ ਸਿੰਘ-

ਸੇਵਾਮੁਕਤੀ ਦਾ ਸਿੱਧਾ ਸੰਬੰਧ ਨੌਕਰੀ ਨਾਲ ਹੁੰਦਾ ਹੈ। ਇਨਸਾਨ ਦੀ ਜ਼ਿੰਦਗੀ ਚਾਰ ਮੁੱਖ ਪੜਾਵਾਂ ਵਿੱਚੋਂ ਲੰਘਦੀ ਹੈ ਜਿਵੇਂ ਜਨਮ, ਵਿਆਹ, ਸੇਵਾਮੁਕਤੀ ਤੇ ਮੌਤ। ਇਸ ਲਈ ਹਰ ਨੌਕਰੀ ਪੇਸ਼ਾ ਵਿਅਕਤੀ ਨੂੰ ਸੇਵਾ ਮੁਕਤੀ ਆਪਣੇ ਚੰਗੇ ਨਸੀਬ ਨਾਲ ਮੰਨ ਕੇ ਸਵੀਕਾਰ ਕਰਨੀ ਚਾਹੀਦੀ ਹੈ, ਕਿਉਂਕਿ ਇਹ ਦਿਨ ਵੀ ਚੰਗੇ ਭਾਗਾਂ ਨਾਲ ਮਿਲਦਾ ਹੈ। ਕਈ ਵਿਚਾਰੇ ਇਸ ਮੌਕੇ ਨੂੰ ਮਾਨਣ ਤੋਂ ਪਹਿਲਾਂ ਹੀ ਇਸ ਸੰਸਾਰ ਤੋਂ ਕੂਚ ਕਰ ਜਾਂਦੇ ਹਨ।



ਮੈਂ ਬਹੁਤ ਸਾਰੇ ਅਜਿਹੇ ਇਨਸਾਨ ਵੇਖੇ ਹਨ, ਜੋ ਇਸ ਸੁਭਾਗੇ ਸਮੇਂ ਨੂੰ ਵੀ ਸਵੀਕਾਰ ਨਹੀਂ ਕਰਦੇ ਸਗੋਂ ਅੰਦਰੋਂ-ਅੰਦਰੀ ਕੁੜ੍ਹਦੇ ਰਹਿੰਦੇ ਹਨ, ਜਿਵੇਂ ਉਨ੍ਹਾਂ ਨਾਲ ਬਹੁਤ ਅਣਹੋਣੀ ਵਾਪਰ ਰਹੀ ਹੋਵੇ ਤੇ ਉਹ ਜਿੱਥੋਂ ਸੇਵਾਮੁਕਤ ਹੁੰਦੇ ਹਨ, ਉਥੇ ਵਾਰ ਵਾਰ ਜਾ ਕੇ ਵੇਖਦੇ ਹਨ। ਜਦੋਂ ਇਹ ਵੇਖਦੇ ਹਨ ਕਿ ਇਥੇ ਪਹਿਲਾਂ ਵਾਂਗ ਹੀ ਸਾਰਾ ਕੰਮ ਕਾਜ ਠੀਕ ਚੱਲ ਰਿਹਾ ਹੈ ਤਾਂ ਪ੍ਰੇਸ਼ਾਨੀ ਵਿੱਚ ਘਿਰ ਜਾਂਦੇ ਹਨ। ਉਹ ਇਹ ਨਹੀਂ ਸਮਝਦੇ ਕਿ ਇਸੇ ਥਾਂ ਤੋਂ ਪਹਿਲਾਂ ਵੀ ਬਹੁਤ ਮਹੱਤਵ ਪੂਰਨ ਲੋਕ ਸੇਵਾਮੁਕਤ ਹੋ ਚੁੱਕੇ ਹਨ। ਕਈਆਂ ਨੂੰ ਕੁਰਸੀ ਮੋਹ ਕਾਰਨ ਯਾਦ ਹੀ ਨਹੀਂ ਰਹਿੰਦਾ ਕਿ ਇੱਕ ਦਿਨ ਇਹ ਅਹੁਦਾ, ਦਫਤਰ ਤੇ ਮਿਲੀਆਂ ਹੋਈਆਂ ਸਭ ਸੁੱਖ ਸਹੂਲਤਾਂ ਛੱਡਣੀਆਂ ਪੈਣੀਆਂ ਹਨ ਤੇ ਜਦੋਂ ਪਤਾ ਲੱਗਦਾ ਹੈ ਕਿ ਇਹ ਦਿਨ ਬਹੁਤ ਨੇੜੇ ਆ ਗਿਆ ਹੈ ਤਾਂ ਫਿਰ ਸੇਵਾਕਾਲ ਵਿੱਚ ਵਾਧੇ ਲਈ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੰਦੇ ਹਨ। ਮੈਂ ਉਨ੍ਹਾਂ ਨੂੰ ਕਿਸਮਤ ਵਾਲੇ ਮੰਨਦਾ ਹਾਂ, ਜੋ ਇਸ ਦਿਨ ਨੂੰ ਸੁਭਾਗਾ ਤੇ ਖੁਸ਼ੀ ਖੁਸ਼ੀ ਸਵੀਕਾਰ ਕਰਦੇ ਹਨ।

ਇਹ ਆਮ ਵੇਖਣ ਵਿੱਚ ਆਉਂਦਾ ਹੈ ਕਿ ਆਦਮੀਆਂ ਨੂੰ ਆਪਣੇ ਕੰਮ ਵਾਲੀ ਜਗ੍ਹਾ ਨਾਲ ਬਹੁਤ ਲਗਾਅ ਹੁੰਦਾ ਹੈ, ਜਦੋਂ ਕਿ ਇਸਤਰੀਆਂ ਨੂੰ ਆਪਣੇ ਕੰਮ ਨਾਲ ਘਰੇਲੂ ਜ਼ਿੰਮੇਵਾਰੀਆਂ ਵੱਧ ਹੋਣ ਕਾਰਨ ਉਹ ਸੇਵਾਮੁਕਤੀ ਨੂੰ ਚਾਈਂ-ਚਾਈਂ ਉਡੀਕਦੀਆਂ ਹਨ। ਸੇਵਾਮੁਕਤੀ ਤੋਂ ਬਾਅਦ ਆਦਮੀਆਂ ਦੇ ਜੀਵਨ ਵਿੱਚ ਭਾਰੀ ਤਬਦੀਲੀ ਆਉਂਦੀ ਹੈ, ਕਿਉਂਕਿ ਉਨ੍ਹਾਂ ਦਾ ਜੋ ਰੋਹਬ ਦਫਤਰ ਵਿੱਚ ਚੱਲਦਾ ਸੀ, ਉਹ ਘਰ ਵਿੱਚ ਨਹੀਂ ਚੱਲ ਸਕਦਾ। ਜਿਹੜਾ ਆਦਮੀ ਚੰਗਾ ਸਮਝਦਾਰ ਬਣ ਕੇ ਘਰ ਵਿੱਚ ਵਿਚਰਦਾ ਹੈ ਉਹੀ ਕਾਮਯਾਬ ਰਹਿੰਦਾ ਹੈ। ਨਹੀਂ ਤਾਂ ਉਦਾਸੀ ਦੀ ਘੁੰਮਣਘੇਰੀ ਆ ਘੇਰਦੀ ਹੈ ਤੇ ਕਈ ਬਿਮਾਰੀਆਂ ਸਹੇੜ ਲੈਂਦਾ ਹੈ। ਜੋ ਵਿਅਕਤੀ ਦਿਨ ਦੇ ਸਾਰੇ ਸਮੇਂ ਨੂੰ ਸਹੀ ਤਰੀਕੇ ਨਾਲ ਵੰਡ ਲੈਂਦਾ ਹੈ, ਉਹੀ ਸੇਵਾਮੁਕਤੀ ਤੋਂ ਬਾਅਦ ਵੀ ਬਾਕੀ ਜ਼ਿੰਦਗੀ ਚੰਗੀ ਤਰ੍ਹਾਂ ਗੁਜ਼ਾਰਦਾ ਹੈ। ਇਸ ਉਮਰ ਵਿੱਚ ਸਿਹਤ ਪ੍ਰਤੀ ਬਹੁਤ ਜਾਗਰੂਕ ਹੋਣਾ ਪੈਂਦਾ ਹੈ। ਸੈਰ ਦਾ ਸਮਾਂ ਨਿਰਧਾਰਤ ਕਰਨ ਵਾਲਾ ਤੰਦਰੁਸਤੀ ਵਿੱਚ ਜੀਵਨ ਗੁਜ਼ਾਰਦਾ ਹੈ। ਇਹ ਆਮ ਕਿਹਾ ਜਾਂਦਾ ਹੈ ਕਿ ਤੁਸੀਂ ਜਿੰਨੀ ਵੱਧ ਸੈਰ ਕਰੋਗੇ, ਤੁਹਾਡੀ ਸਿਹਤ, ਓਨੀ ਹੀ ਚੰਗੀ ਹੋਵੇਗੀ।

ਕੁਝ ਸਮਾਂ ਪਹਿਲਾਂ ਦੀ ਗੱਲ ਹੈ ਕਿ ਫੌਜ ਦੇ ਇੱਕ ਸੇਵਾਮੁਕਤ ਕਰਨਲ ਮੈਨੂੰ ਸਵੇਰ ਦੀ ਸੈਰ ਸਮੇਂ ਆਮ ਹੀ ਮਿਲ ਜਾਂਦੇ ਸਨ। ਇੱਕ ਦਿਨ ਗੱਲਾਂ ਕਰਦਿਆਂ ਪਤਾ ਲੱਗਾ ਕਿ ਉਹ ਵੀ ਮੋਗਾ ਵਿਖੇ ਮੇਰੇ ਵਾਲੇ ਕਾਲਜ ਤੋਂ ਪੜ੍ਹੇ ਹੋਏ ਹਨ, ਪਰ ਉਹ ਮੇਰੇ ਨਾਲੋਂ 8-10 ਸਾਲ ਪਹਿਲਾਂ ਪੜ੍ਹੇ ਹੋਏ ਸਨ। ਫਿਰ ਸਾਡੀ ਸਾਂਝ ਬਣ ਗਈ। ਉਹ ਜਦੋਂ ਵੀ ਕਦੇ ਸਵੇਰੇ ਸੈਰ ਸਮੇਂ ਮੈਨੂੰ ਮਿਲੇ ਜਾਂਦੇ ਤਾਂ ਅਕਸਰ ਮੈਨੂੰ ਆਖਦੇ; ਗੁਰਦੀਪ 'ਜਿਤਨੀ ਜੁੱਤੀ ਘਸਾ ਲਵੇਂਗਾ ਉਤਨੀ ਹੀ ਜੇਬ ਬਚਾਅ ਲਵੇਂਗਾ।' ਸੇਵਾਮੁਕਤੀ ਤੋਂ ਬਾਅਦ ਜਦੋਂ ਵੀ ਸਮਾਂ ਮਿਲੇ ਤਾਂ ਪਤਨੀ ਨਾਲ ਘਰੇਲੂ ਕੰਮਾਂ ਵਿੱਚ ਹੱਥ ਵਟਾਉਣ ਨਾਲ ਇੱਕ ਸਮਾਂ ਚੰਗਾ ਲੰਘਦਾ ਹੈ, ਦੂਸਰਾ ਇਨਸਾਨ ਤਣਾਅ-ਮੁਕਤ ਵੀ ਰਹਿੰਦਾ ਹੈ ਕਿਉਂਕਿ ਇਕਾਂਤ ਤੇ ਵਿਹਲਾਪਣ ਉਸ 'ਤੇ ਭਾਰੂ ਨਹੀਂ ਪੈਂਦਾ। ਜਿਸ ਦਿਨ ਮੈਂ ਸੇਵਾਮੁਕਤ ਹੋਇਆ ਤਾਂ ਉਸ ਦਿਨ ਮੇਰੇ ਮਾਤਹਿਤ ਅਫਸਰਾਂ ਵੱਲੋਂ ਮੇਰੇ ਸਾਰੇ ਔਗੁਣਾਂ ਨੂੰ ਭੁਲਾ ਕੇ ਸਿਰਫ ਮੇਰੀਆਂ ਨੇਕੀਆਂ ਦਾ ਵਰਣਨ ਵਿਸਥਾਰ ਪੂਰਵਕ ਕੀਤਾ ਗਿਆ ਸੀ ਤੇ ਵਿਦਾਇਗੀ ਪਾਰਟੀ ਦੇ ਦਿਨ ਮੈਨੂੰ ਇੱਕ ਬਹੁਤ ਹੀ ਵਧੀਆ ਅਫਸਰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਕਈਆਂ ਨੇ ਅਜਿਹੇ ਜਜ਼ਬਾਤ ਵਿਖਾਏ, ਜਿਵੇਂ ਮੈਂ ਮਹਿਕਮੇ ਵਿੱਚੋਂ ਨਹੀਂ, ਦੁਨੀਆ ਵਿੱਚੋਂ ਜਾ ਰਿਹਾ ਹਾਂ।

ਪੰਜਾਬੀ ਦੇ ਇੱਕ ਉਘੇ ਲੇਖਕ ਦੱਸ ਰਹੇ ਸਨ ਕਿ ਇੱਕ ਵਾਰ ਸੈਰ ਦੌਰਾਨ ਉਨ੍ਹਾਂ ਨੂੰ ਇੱਕ ਸੇਵਾਮੁਕਤ ਹੈਡਮਾਸਟਰ ਮਿਲੇ, ਜੋ ਹਾਲੇ ਵੀ ਆਪਣੇ ਜੀਵਨ ਨੂੰ ਇਕੱਤੀ ਐਤਵਾਰਾਂ ਵਾਲਾ ਮਹੀਨਾ ਦੱਸ ਰਹੇ ਸਨ। ਨਾਲ ਹੀ ਕਹਿ ਰਹੇ ਸਨ ਕਿ ਪਹਿਲਾਂ ਕੰਮ ਕਰਨ ਦੀ ਮਿਹਨਤ ਹਰ ਮਹੀਨੇ ਮਿਲਦੀ ਸੀ, ਅੱਜ ਕੱਲ੍ਹ ਆਰਾਮ ਕਰਨ ਦੀ ਤਨਖਾਹ ਮਿਲਦੀ ਹੈ। ਕਹਿਣ ਲੱਗੇ ਕਿ ਉਹ ਆਮ ਤੌਰ 'ਤੇ ਇਕੱਲਿਆਂ ਸੈਰ ਕਰਦੇ ਸਨ। ਇੱਕ ਦਿਨ ਕਹਿਣ ਲੱਗੇ ਕਿ ਦੰਦ ਚਲੇ ਗਏ, ਨਜ਼ਰ ਵੀ ਚਲੀ ਗਈ ਹੈ, ਗੋਡੇ ਤੇ ਮੋਢੇ ਵੀ ਨਹੀਂ ਰਹੇ। ਅਸੀਂ ਵੀ ਤਿਆਰ ਹਾਂ ਤੇ ਬੜੀ ਪ੍ਰਸੰਨਤਾ ਨਾਲ ਕਹਿ ਰਹੇ ਸਨ ਕਿ ਸ਼ਮਸ਼ਾਨਘਾਟ ਤੱਕ ਹੀ ਲੋਕਾਂ ਨੇ ਨਾਲ ਜਾਣਾ ਹੈ, ਅਗਲਾ ਸਫਰ ਇਕੱਲਿਆਂ ਕਰਨਾ ਹੈ। ਇਸੇ ਲਈ ਅਭਿਆਸ ਵਾਸਤੇ ਮੈਂ ਇਕੱਲਾ ਹੀ ਸੈਰ 'ਤੇ ਜਾਂਦਾ ਹਾਂ। ਇਸ ਨਾਲ ਮਨ ਤਕੜਾ ਹੁੰਦਾ ਹੈ। ਵੇਖਿਆ ਗਿਆ ਹੈ ਕਿ ਇੱਕ ਪੈਨਸ਼ਨਰ ਦੂਸਰੇ ਪੈਨਸ਼ਨਰ ਨੂੰ ਮਿਲ ਕੇ ਬਹੁਤ ਖੁਸ਼ ਹੁੰਦਾ ਹੈ, ਕਿਉਂਕਿ ਇੱਕ ਦੂਸਰੇ ਪ੍ਰਤੀ ਕੋਈ ਸਵਾਰਥ ਨਹੀਂ ਹੁੰਦਾ। ਇਸ ਤੋਂ ਇਲਾਵਾ ਸੈਰ ਕਰਨ ਵਾਲਿਆਂ ਦੀਆਂ ਖੁੱਲ੍ਹੀਆਂ ਥਾਵਾਂ ਪਾਰਕਾਂ ਵਿੱਚ ਮਿਲਣ ਬੈਠਣ 'ਤੇ ਭਾਈਚਾਰਕ ਸਾਂਝ ਬਣ ਜਾਂਦੀ ਹੈ। ਫਿਰ ਇੱਕ ਦੂਜੇ ਨੂੰ ਪਹਿਲਾ ਸਵਾਲ ਇਹੋ ਕਰਦੇ ਹਨ-ਵੇਖ ਲਵੋ ਅਜੇ ਤੱਕ ਸਰਕਾਰ ਨੇ ਆਪਾਂ ਨੂੰ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਨਹੀਂ ਦਿੱਤੀਆਂ ਤੇ ਨਾ ਰਹਿੰਦੀਆਂ ਕਿਸ਼ਤਾਂ ਦਾ ਬਕਾਇਆ ਦਿੱਤਾ ਹੈ। ਪਤਾ ਨਹੀਂ ਕਦੋਂ ਰਿਲੀਜ਼ ਕਰੇਗੀ? ਫਿਰ ਕੁਝ ਚਿਰ ਲਈ ਸਾਰੇ ਪਾਸੇ ਖਾਮੋਸ਼ੀ ਛਾ ਜਾਂਦੀ ਹੈ।

## ਬਿਊਟੀ ਟਿਪਸ

# ਸ਼ਿਮਰ ਮੇਕਅਪ

ਕੀ ਹੁੰਦਾ ਹੈ ਸ਼ਿਮਰ : ਸ਼ਿਮਰ ਇੱਕ ਚਮਕੀਲਾ ਡ੍ਰਾਈ ਪਾਊਡਰ ਹੁੰਦਾ ਹੈ, ਜੋ ਅੱਖਾਂ ਨੂੰ ਸਪਾਰਕਲ ਇਫੈਕਟ ਦਿੰਦਾ ਹੈ, ਪਰ ਇਸ ਨੂੰ ਪਲਕਾਂ 'ਤੇ ਇਸਤੇਮਾਲ ਕਰਦੇ ਸਮੇਂ ਬੇਹੱਦ ਸਾਵਧਾਨੀ ਵਰਤਣੀ ਚਾਹੀਦੀ ਹੈ। ਸ਼ਿਮਰ ਨੂੰ ਗਲ, ਨੱਕ ਅਤੇ ਆਈ ਸ਼ੈਡੋ ਦੇ ਮੇਕਅਪ ਲਈ ਇਸਤੇਮਾਲ ਕੀਤਾ ਜਾਂਦਾ ਹੈ।

ਮਾਰਕੀਟ ਵਿੱਚ ਸ਼ਿਮਰ ਪਾਊਡਰ, ਕ੍ਰੀਮ ਤੇ ਲਿਕੁਇਡ ਤਿੰਨੋਂ ਰੂਪਾਂ 'ਚ ਆਸਾਨੀ ਨਾਲ ਮਿਲ ਜਾਂਦਾ ਹੈ, ਪਰ ਤਿੰਨਾਂ ਨੂੰ ਵੱਖ-ਵੱਖ ਉਦੇਸ਼ ਲਈ ਇਸਤੇਮਾਲ ਕੀਤਾ ਜਾਂਦਾ ਹੈ। ਲੋਸ਼ਨ ਸ਼ਿਮਰ ਦੀ ਵਰਤੋਂ ਸਿਰਪ ਸ਼ਿਮਰ ਦਾ ਟੱਚ ਦੇਣ ਲਈ ਕੀਤੀ ਜਾਂਦੀ ਹੈ।

ਕ੍ਰੀਮੀ ਸ਼ਿਮਰ ਦਾ ਇਸਤੇਮਾਲ ਮੀਡੀਅਮ ਟੱਚ ਲਈ ਕੀਤਾ ਜਾਂਦਾ ਹੈ। ਪਾਊਡਰ ਸ਼ਿਮਰ ਦਾ ਇਸਤੇਮਾਲ ਚਿਹਰੇ ਦੇ ਕਿਸੇ ਹਿੱਸੇ ਨੂੰ ਆਕਰਸ਼ਣ ਦਾ ਕੇਂਦਰ ਬਣਾਉਣ ਲਈ ਕੀਤਾ ਜਾਂਦਾ ਹੈ।

ਟਿਪਸ

* ਸ਼ਿਮਰ ਦੀ ਵਰਤੋਂ ਕਰਦੇ ਸਮੇਂ ਤੁਸੀਂ ਆਪਣੀ ਸਕਿਨ ਟੋਨ ਦਾ ਜ਼ਰੂਰ ਧਿਆਨ ਰੱਖੋ। ਜੇ ਤੁਹਾਡਾ ਰੰਗ ਗੋਰਾ ਹੈ ਤਾਂ ਸਿਲਵਰ ਤੇ ਪਿੰਕ ਕਲਰ ਦਾ ਸ਼ਿਮਰ ਇਸਤੇਮਾਲ ਕਰਨ ਨਾਲ ਤੁਹਾਡੇ ਚਿਹਰੇ 'ਤੇ ਨਿਖਾਰ ਆਏਗਾ।
* ਜੇ ਤੁਹਾਡੀ ਸਕਿਨ ਡਰਾਈ ਹੈ ਤਾਂ ਗੋਲਡਨ ਤੇ ਬ੍ਰਾਊਨਜ਼ ਸ਼ਿਮਰ ਦਾ ਇਸਤੇਮਾਲ ਚਿਹਰੇ ਨੂੰ ਆਕਰਸ਼ਕ ਬਣਾ ਦਿੰਦਾ ਹੈ।
* ਜੇ ਤੁਹਾਡੀ ਚਮੜੀ ਦਾ ਰੰਗ ਕਣਕ ਵੰਨਾ ਹੈ ਤਾਂ ਸਿਲਵਰ ਕਲਰ ਦਾ ਇਸਤੇਮਾਲ ਚਿਹਰੇ ਦੀ ਖੂਬਸੂਰਤੀ ਨੂੰ ਹੋਰ ਵਧਾ ਦਿੰਦਾ ਹੈ।
* ਚਿਹਰੇ ਨੂੰ ਹਾਈਲਾਈਟ ਕਰਨ ਵਾਲੇ ਕੁਝ ਹੋਰ ਹਿੱਸਿਆਂ, ਜਿਵੇਂ ਗਲ, ਮੱਥਾ, ਠੋਡੀ, ਆਈਬ੍ਰੋਅ ਅਤੇ ਬੋਂਸ ਆਦਿ 'ਤੇ ਵੀ ਤੁਸੀਂ ਸ਼ਿਮਰ ਇਸਤੇਮਾਲ ਕਰ ਸਕਦੇ ਹੋ।
* ਜੇ ਤੁਸੀਂ ਸ਼ਿਮਰ ਨੂੰ ਫਾਊਂਡੇਸ਼ਨ 'ਚ ਮਿਲਾ ਕੇ ਲਾਉਣਾ ਚਾਹੁੰਦੇ ਹੋ ਤਾਂ ਲਿਕੁਇਡ ਜਾਂ ਕਰੀਮੀ ਸ਼ਿਮਰ ਦਾ ਇਸਤੇਮਾਲ ਕਰੋ।
* ਕੱਪੜਿਆਂ ਦੇ ਰੰਗ ਨੂੰ ਧਿਆਨ ਵਿੱਚ ਰੱਖ ਕੇ ਸ਼ਿਮਰ ਇਸਤੇਮਾਲ ਕਰੋ।
* ਕ੍ਰੀਮ ਵਿੱਚ ਦੋ ਬੂੰਦ ਲਿਕੁਇਡ ਸ਼ਿਮਰ ਨੂੰ ਪਾ ਕੇ ਮਿਕਸ ਕਰ ਲਓ। ਤੁਸੀਂ ਜਦੋਂ ਕਿਤੇ ਬਾਹਰ ਜਾਓ ਤਾਂ ਥੋੜ੍ਹੀ ਜਿਹੀ ਕ੍ਰੀਮ ਨੂੰ ਗਰਦਨ ਜਾਂ ਬਾਹਾਂ 'ਤੇ ਲਾ ਸਕਦੇ ਹੋ, ਇਸ ਨਾਲ ਤੁਹਾਡੀ ਸਕਿਨ ਚਮਕਣ ਲੱਗਦੀ ਹੈ।
* ਸ਼ਿਮਰ ਦਾ ਸਭ ਤੋਂ ਵਧੀਆ ਇਸਤੇਮਾਲ ਕਰਨ ਲਈ ਤੁਸੀਂ ਕ੍ਰੀਮ, ਲੋਸ਼ਨ ਜਾਂ ਪਾਊਡਰ 'ਚ ਸ਼ਿਮਰ ਮਿਲਾ ਕੇ ਲਾਓ, ਇਸ ਨਾਲ ਤੁਹਾਡੇ ਚਿਹਰੇ 'ਤੇ ਨੂਰ ਵਰ੍ਹੇਗਾ।

ਮੇਕਅਪ ਕਰਦੇ ਸਮੇਂ ਧਿਆਨ ਰੱਖੋ

* ਡ੍ਰਾਈ ਸਕਿਨ ਵਾਲੀਆਂ ਔਰਤਾਂ ਸ਼ਿਮਰ ਇਸਤੇਮਾਲ ਕਰਨ ਤੋਂ ਪਹਿਲਾਂ ਮੁਆਇਸਚੁਰਾਈਜ਼ਰ ਜ਼ਰੂਰ ਲਾਉਣ, ਜਿਸ ਨਾਲ ਸ਼ਿਮਰ ਜ਼ਿਆਦਾ ਦੇਰ ਤੱਕ ਟਿਕ ਸਕੇ।
* ਜੇ ਤੁਹਾਡੀ ਚਮੜੀ 'ਤੇ ਰੈਸ਼ੇਜ ਹਨ ਤਾਂ ਸ਼ਿਮਰ ਦਾ ਇਸਤੇਮਾਲ ਕਰਨ ਤੋਂ ਬਚੋ।
* ਜੇ ਤੁਹਾਡੀ ਸਕਿਨ ਆਇਲੀ ਹੈ ਤਾਂ ਤੁਸੀਂ ਲਿਕੁਇਡ ਜਾਂ ਜੈਲ ਸ਼ਿਮਰ ਇਸਤੇਮਾਲ ਨਾ ਕਰੋ।
* ਪੂਰਾ ਮੇਕਅਪ ਕਰਨ ਤੋਂ ਬਾਅਦ ਹੀ ਸ਼ਿਮਰ ਇਸਤੇਮਾਲ ਕਰੋ।


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224



GREAT OPPOURTUNITY TO INVEST IN NIAGRA FALLS




- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment


(416) 970-5005

Century 21 President Realty Inc Brokerage

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਰਾਜਨੀਤੀ ਨੇ ਦਿੱਲੀ ਕਮੇਟੀ ਦੀ ਛਬੀ ਤੇ ਸਾਖ 'ਤੇ ਮਾਰੀ ਸੱਟ?



ਜਸਵੰਤ ਸਿੰਘ 'ਅਜੀਤ'

ਬੀਤੇ ਦਿਨੀਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖੀਆਂ ਵਲੋਂ ਗੁਰਦੁਆਰਾ ਪ੍ਰਬੰਧ ਵਿੱਚ ਸੁਧਾਰ ਅਤੇ ਉਸਦੇ ਕੰਮ-ਕਾਜ ਵਿੱਚ ਪਾਰਦਰਸ਼ਤਾ ਲਿਆਉਣ ਦੇ ਉਦੇਸ਼ ਨੂੰ ਮੁੱਖ ਰਖਦਿਆਂ ਦਿੱਲੀ ਦੇ ਪਤਵੰਤੇ ਸਿੱਖਾਂ ਨਾਲ ਉਚ-ਪੱਧਰੀ ਵਿਚਾਰ-ਵਟਾਂਦਰਾ ਕਰਨ ਲਈ ਇੱਕ ਬੈਠਕ ਦਾ ਅਯੋਜਨ ਕੀਤਾ ਗਿਆ। ਦਸਿਆ ਗਿਐ ਕਿ ਇਸ ਬੈਠਕ ਵਿੱਚ ਫੈਸਲਾ ਲਿਆ ਗਿਆ ਹੈ ਕਿ ਗੁਰਦੁਆਰਾ ਕਮੇਟੀ ਨਾਲ ਸੰਬੰਧਤ ਸਾਰੀਆਂ (ਵੱਖ-ਵੱਖ) ਸੇਵਾਵਾਂ ਲਈ ਕੌਂਸਲਾਂ ਦਾ ਗਠਨ ਕੀਤਾ ਜਾਏ ਅਤੇ ਇਨ੍ਹਾਂ ਕੌਂਸਲਾਂ ਵਿੱਚ ਗੁਰ-ਦੁਆਰਾ ਕਮੇਟੀ ਦੇ ਮੈਂਬਰਾਂ ਦੇ ਨਾਲ-ਨਾਲ ਗੈਰ-ਮੈਂਬਰ ਸਿੱਖ ਮੁੱਖੀਆਂ ਨੂੰ ਵੀ ਪ੍ਰਤੀਨਿਧਤਾ ਦਿੱਤੀ ਜਾਏ। ਇਸਦੇ ਨਾਲ ਹੀ ਇਹ ਵੀ ਫੈਸਲਾ ਕੀਤਾ ਗਿਆ ਕਿ ਕੌਂਸਲਾਂ ਵਿੱਵ ਸ਼ਾਮਲ ਗੈਰ-ਮੈਂਬਰ ਸਿੱਖ ਮੁੱਖੀਆਂ ਨੂੰ ਗੁਰ-ਦੁਆਰਾ ਕਮੇਟੀ ਦੇ ਮੈਂਬਰਾਂ ਨਾਲੋਂ ਵੱਧੇਰੇ ਅਧਿਕਾਰ ਦਿੱਤੇ ਜਾਣ। ਜਿਥੋਂ ਤਕ ਇਹ ਬੈਠਕ ਅਯੋਜਿਤ ਕੀਤੇ ਜਾਣ ਅਤੇ ਇਸ ਵਿੱਚ ਲਏ ਗਏ ਫੈਸਲਿਆਂ ਦਾ ਸੰਬੰਧ ਹੈ, ਇਸ ਗਲ ਵਿੱਚ ਕਿਸੇ ਤਰ੍ਹਾਂ ਦੀ ਸ਼ੰਕਾ ਹੋਣ ਦੀ ਕੋਈ ਸੰਭਾਵਨਾ ਵਿਖਾਈ ਨਹੀਂ ਦਿੰਦੀ ਕਿ ਗੁਰਦੁਆਰਾ ਕਮੇਟੀ ਦੇ ਮੁੱਖੀ ਕਮੇਟੀ ਦੀ ਲਗਾਤਾਰ ਵਿਗੜ ਰਹੀ ਛੱਬੀ ਅਤੇ ਉਸਦੀ ਡਿਗਦੀ ਜਾ ਰਹੀ ਸਾਖ ਤੋਂ ਬਹੁਤ ਚਿੰਤਤ ਹਨ ਅਤੇ ਉਸ ਵਿੱਚ ਸੁਧਾਰ ਲਿਆਉਣ ਪ੍ਰਤੀ ਗੰਭੀਰ ਅਤੇ ਈਮਾਨਦਾਰ ਹਨ।

ਪ੍ਰਤੀਕ੍ਰਿਆ : ਇਸ ਬੈਠਕ ਵਿੱਚ ਸ਼ਾਮਲ ਗੁਰਦੁਆਰਾ ਕਮੇਟੀ ਦੇ ਇੱਕ ਸਾਬਕਾ ਮੈਂਬਰ, ਜੋ ਗੁਰਦੁਆਰਾ ਪ੍ਰਬੰਧ ਨਾਲ ਲੰਮੇ ਸਮੇਂ ਤਕ ਜੁੜੇ ਰਹੇ, ਨੇ ਨਿਜੀ ਗਲਬਾਤ ਵਿੱਚ ਦਸਿਆ ਕਿ ਜਿਸ ਉਦੇਸ਼ ਨੂੰ ਲੈ ਕੇ, ਇਸ ਬੈਠਕ ਦਾ ਅਯੋਜਨ ਕੀਤਾ ਗਿਆ ਦਸਿਆ ਜਾ ਰਿਹਾ ਹੈ, ਉਹ ਇੱਕ ਵਿਖਾਵਾ ਮਾਤ੍ਰ ਹੈ। ਉਨ੍ਹਾਂ ਨੇ ਕੁਝ ਹੋਰ ਕਹਿਣ ਤੋਂ ਪਹਿਲਾਂ ਪੁਛਿਆ ਕਿ ਇਸਤੋਂ ਪਹਿਲਾਂ ਵੀ ਤਾਂ ਗੁਰਦੁਆਰਾ ਕਮੇਟੀ ਦੇ ਪ੍ਰਬੰਧਕਾਂ ਵਲੋਂ ਵੱਡੇ-ਵੱਡੇ ਦਾਅਵਿਆਂ ਦੇ ਨਾਲ ਕਮੇਟੀ ਦੀਆਂ ਵਿਦਿਅਕ ਸੰਸਥਾਵਾਂ ਨੂੰ ਵਰਤਮਾਨ ਸੰਕਟ ਵਿਚੋਂ ਉਭਾਰਨ ਅਤੇ ਗੁਰਦੁਆਰਾ ਬਾਲਾ ਸਾਹਿਬ ਵਿੱਖੇ 500 ਬਿਸਤਰਿਆਂ ਦੇ ਹਸਪਤਾਲ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰ, ਚਲਾਏ ਜਾਣ ਦੇ ਮੁਦਿਆਂ ਨੂੰ ਲੈ ਕੇ ਦਿੱਲੀ ਦੇ ਪਤਵੰਤੇ ਸਿੱਖਾਂ ਨਾਲ ਸਲਾਹ-ਮਸ਼ਵਰਾ ਕਰਨ ਲਈ ਬੈਠਕਾਂ ਕੀਤੀਆਂ ਗਈਆਂ ਸਨ ਅਤੇ ਉਨ੍ਹਾਂ ਬੈਠਕਾਂ ਦੀ ਸਫਲਤਾ ਨੂੰ ਲੈ ਕੇ ਬਗਲਾਂ ਵੀ ਵਜਾਈਆਂ ਗਈਆਂ। ਇਤਨਾ ਹੀ ਨਹੀਂ ਉਨ੍ਹਾਂ ਬੈਠਕਾਂ ਵਿੱਚ ਲਏ ਗਏ ਫੈਸਲਿਆਂ ਪੁਰ ਜਲਦੀ-ਤੋਂ-ਜਲਦੀ ਅਮਲ ਕੀਤੇ ਜਾਣ ਦੇ ਦਾਅਵੇ ਵੀ ਕੀਤੇ ਗਏ ਸਨ। ਪਰ ਹੋਇਆ ਕੀ? 'ਖੋਤੀ ਬੋਹੜ ਥਲੇ ਹੀ' ਰਹੀ'!

ਮੁੱਖ ਸੁਆਲ : ਮੰਨਿਆ ਜਾਂਦਾ ਹੈ ਕਿ ਇਸ ਸਮੇਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਹਮਣੇ ਮੁਖ ਸੁਆਲ ਇਹ ਨਹੀਂ ਕਿ ਗੁਰਦੁਆਰਾ ਕਮੇਟੀ ਦੀ ਲਗਾਤਾਰ ਵਿਗੜ ਰਹੀ ਛੱਬੀ ਅਤੇ ਡਿਗਦੀ ਚਲੀ ਜਾ ਰਹੀ ਸਾਖ ਨੂੰ ਕਿਵੇਂ ਸੰਭਾਲਿਆ ਜਾਏ? ਸਗੋਂ ਉਸਦੇ ਸਾਹਮਣੇ ਸੋਚਣ-ਸਮਝਣ ਅਤੇ ਵਿਚਾਰਨ ਦਾ ਸਭ ਤੋਂ ਵੱਡਾ ਅਤੇ ਮੁੱਖ ਸੁਆਲ ਇਹ ਹੈ ਕਿ ਆਖਿਰ ਉਹ ਕਿਹੜੇ ਕਾਰਣ ਹਨ, ਜਿਨ੍ਹਾਂ ਦੇ ਚਲਦਿਆਂ ਗੁਰਦੁਆਰਾ ਕਮੇਟੀ ਨੂੰ ਵਰਤਮਾਨ ਸੰਕਟਪੂਰਣ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਨ੍ਹਾਂ ਦੇ ਚਲਦਿਆਂ ਨਾ ਤਾਂ ਪ੍ਰਬੰਧ ਵਿੱਚ ਸੁਧਾਰ ਆ ਰਿਹਾ ਹੈ ਤੇ ਨਾ ਹੀ ਲੀਹੋਂ ਲੱਥੇ ਹਾਲਾਤ ਕਾਬੂ ਵਿੱਚ ਆ ਰਹੇ ਹਨ। ਜਿਸ ਕਾਰਣ ਉਸਦੀ ਛੱਬੀ ਲਗਾਤਾਰ ਵਿਗੜਦੀ ਅਤੇ ਸਾਖ ਡਿਗਦੀ ਚਲੀ ਜਾ ਰਹੀ ਹੈ? ਪ੍ਰਬੰਧਕਾਂ ਵਲੋਂ ਇਹ ਸੁਆਲ ਸ਼ਾਇਦ ਇਸ ਕਰਕੇ ਵਿਚਾਰ-ਅਧੀਨ ਨਹੀਂ ਲਿਆਂਦਾ ਜਾਂਦਾ, ਉਨ੍ਹਾਂ ਨੂੰ ਪਤਾ ਹੈ ਕਿ ਜੇ ਇਸ ਮੁੱਦੇ ਨੂੰ ਵਿਚਾਰ-ਅਧੀਨ ਲਿਆਂਦਾ ਤਾਂ ਉਹ ਆਪ ਹੀ ਨੰਗੇ ਹੋ ਜਾਣਗੇ! ਕਿਉਂਕਿ ਉਹ ਜਾਣਦੇ ਹਨ ਕਿ ਉਨ੍ਹਾਂ ਗੁਰਦੁਆਰਾ ਪ੍ਰਬੰਧ ਅਤੇ ਗੁਰਦੁਆਰਿਆਂ ਦੀ ਮਰਿਆਦਾ ਨੂੰ ਕਾਇਮ ਰਖਣ ਦੀ ਬਜਾਏ ਆਪਣਾ ਸਾਰਾ ਧਿਆਨ ਆਪਣੀ ਅਤੇ ਆਪਣੇ ਆਕਾਵਾਂ ਦੀ ਰਾਜਸੀ ਛੱਬੀ ਨੂੰ ਸੁਧਾਰਣ ਵਿੱਚ ਲਗਾ ਰਹਿੰਦਾ ਹੈ, ਜਿਸਦੇ ਫਲਸਰੂਪ ਗੁਰਦੁਆਰਾ ਕਮੇਟੀ ਦੇ ਪ੍ਰਬੰਧ ਅਤੇ ਉਸਦੀ ਸਾਖ ਪੁਰ ਬੁਰਾ ਪ੍ਰਭਾਵ ਪੈ ਰਿਹਾ ਹੈ। ਇਸਲਈ ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਆਪਣੇ 'ਗੁਨਾਹਾਂ' ਤੋਂ ਪਰਦਾ ਉਠੇ ਤੇ ਉਨ੍ਹਾਂ ਦੇ ਜਗ-ਜਾਹਿਰ ਹੋ ਜਾਣ ਨਾਲ ਉਨ੍ਹਾਂ ਨੂੰ ਦਿੱਲੀ ਦੀਆਂ ਸੰਗਤਾਂ ਸਾਹਮਣੇ ਸ਼ਰਮਸਾਰ ਹੋਣਾ ਪੈ ਜਾਏ। ਇਹੀ ਕਾਰਣ ਹੈ ਕਿ ਉਹ ਇਧਰ-ਉਧਰ ਦੀਆਂ ਗਲਾਂ ਵਿੱਚ ਭਟਕਾ, ਸੱਚਾਈ ਨੂੰ ਛੁਪਾਈ ਰਖਣਾ ਚਾਹੁੰਦੇ ਹਨ।

ਲੋਕੀ ਪੁਛਦੇ ਹਨ : ਕੀ ਸੱਚਮੁਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖੀਆਂ ਨੂੰ ਇਹ ਨਹੀਂ ਪਤਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਛੱਬੀ ਪ੍ਰਭਾਵਤ ਹੋਣ ਦਾ ਇੱਕ ਮੁੱਖ ਕਾਰਣ ਉਨ੍ਹਾਂ ਦੇ ਪ੍ਰਬੰਧ-ਅਧੀਨ ਚਲਣ ਵਾਲੀਆਂ ਵਿਦਿਅਕ ਸੰਸਥਾਵਾਂ ਦੇ ਸਟਾਫ ਨੂੰ ਤਿੰਨ-ਤਿੰਨ ਮਹੀਨੇ ਤਨਖਾਹ ਦਾ ਨਾ ਮਿਲਣਾ ਵੀ ਹੈ, ਜਿਸਦੇ ਚਲਦਿਆਂ ਉਨ੍ਹਾਂ ਨੂੰ ਪ੍ਰੇਸ਼ਾਨ ਅਤੇ ਦੁਖੀ ਹੋ ਪ੍ਰਬੰਧਕਾਂ ਵਿਰੁਧ ਸੜਕਾਂ ਪੁਰ ਉਤਰ ਪ੍ਰਦਰਸ਼ਨ ਕਰਨ ਅਤੇ ਆਪਣੀ ਤਨਖਾਹ ਵਸੂਲਣ ਲਈ ਅਦਾਲਤਾਂ ਦਾ ਦਰਵਾਜ਼ਾ ਖਟਖਟਾਣ ਤੇ ਮਜਬੂਰ ਹੋਣਾ ਪੈ ਰਿਹਾ ਹੈ। ਮੰਨਿਆ ਜਾਂਦਾ ਹੈ ਕਿ ਸੱਚਾਈ ਤਾਂ ਇਹ ਹੈ ਕਿ ਗੁਰਦੁਆਰਾ ਕਮੇਟੀ ਦੇ ਮੁੱਖੀਆਂ ਨੇ ਗੁਰਦੁਆਰਾ ਕਮੇਟੀ ਨੂੰ ਆਪਣੀ ਰਾਜਸੀ ਲਾਲਸਾ ਨੂੰ ਪੂਰਿਆਂ ਕਰਨ ਦਾ ਸਾਧਨ ਬਣਾ ਰਖਿਆ ਹੈ। ਜਿਸ ਕਾਰਣ ਉਹ ਗੁਰਦੁਆਰਾ ਪ੍ਰਬੰਧ ਨੂੰ ਧਾਰਮਕ ਸਿੱਖ ਮਾਨਤਾਵਾਂ, ਮਰਿਆਦਾਵਾਂ ਅਤੇ ਪਰੰਪਰਾਵਾਂ ਦੇ ਅਧਾਰ ਪੁਰ ਚਲਾਣ ਦੀ ਬਜਾਏ, ਉਸਨੂੰ ਨਿਜੀ ਰਾਜਸੀ ਸਵਾਰਥ ਨੂੰ ਪੂਰਿਆਂ ਕਰਨ ਦੇ ਉਦੇਸ਼ ਨੂੰ ਮੁੱਖ ਰਖ ਕੇ ਚਲਾ ਰਹੇ ਹਨ। ਇਸੇ ਕਾਰਣ ਇਹ ਵੀ ਮੰਨਿਆ ਜਾਂਦਾ ਹੈ ਕਿ ਗੁਰਦੁਆਰਾ ਕਮੇਟੀ ਵਿੱਚ ਪ੍ਰਬੰਧ-ਹੀਨਤਾ ਹੋਣ ਦੇ ਨਾਲ ਹੀ ਭ੍ਰਿਸ਼ਟਾਚਾਰ ਦਾ ਵੀ ਬੋਲਬਾਲਾ ਹੈ। ਇਹੀ ਕਾਰਣ ਹੈ ਕਿ ਆਮ ਸਿੱਖਾਂ ਵਲੋਂ ਇਹ ਸਵਾਲ ਉਠਾਇਆ ਜਾ ਰਿਹਾ ਹੈ ਕਿ ਸਰਬ-ਸਾਂਝੀਵਾਲਤਾ ਦੀ ਪ੍ਰਤੀਕ ਧਾਰਮਕ ਸਿੱਖ ਸੰਸਥਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਧਨਾਂ ਦੀ ਲੋਕਸਭਾ ਚੋਣਾਂ ਵਿੱਚ ਕਿਸੇ ਪਾਰਟੀ ਵਿਸ਼ੇਸ਼ ਦੇ ਉਮੀਦਵਾਰਾਂ ਦੇ ਹਕ ਵਿੱਚ ਵਰਤੋਂ ਕੀਤੇ ਜਾਣ ਦਾ ਕੀ ਮਤਲਬ ਹੈ? ਜਿਸਦੇ ਚਲਦਿਆਂ ਕਮੇਟੀ ਦੇ ਸਾਧਨਾਂ ਨਾਲ ਉਸਦੇ ਮੈਂਬਰ ਅਤੇ ਸਟਾਫ-ਮੈਂਬਰ ਲਗਾਤਾਰ ਕਈ ਦਿਨ ਪੰਜਾਬ ਵਿੱਚ ਡੇਰਾ ਪਾਈ ਬੈਠੇ ਰਹੇ? ਸੁਆਲ ਉਠਦਾ ਹੈ ਕਿ ਇਸਤਰ੍ਹਾਂ ਪੰਜਾਬ ਚੋਣਾਂ ਵਿੱਚ ਦਿੱਲੀ ਦੇ ਗੁਰਦੁਆਰਿਆਂ ਦੀ ਜੋ ਗੋਲਕ ਖਰਚ ਕੀਤੀ ਗਈ ਹੈ, ਕੀ ਉਹ ਸੰਬੰਧਤ ਉਮੀਦਵਾਰਾਂ ਦੇ ਚੋਣ-ਖਰਚ ਵਿੱਚ ਜੋੜੀ ਜਾਇਗੀ ਅਤੇ ਇਸਦੇ ਵੇਰਵੇ ਚੋਣ ਕਮਿਸ਼ਨ ਨੂੰ ਦਿੱਤੇ ਜਾਣਗੇ? ਗੁਰਦੁਆਰਾ ਪ੍ਰਬੰਧ ਨਾਲ ਜੁੜੇ ਚਲੇ ਆ ਰਹੇ ਸਿੱਖ ਮੁੱਖੀਆਂ ਦੀ ਮਾਨਤਾ ਹੈ ਕਿ ਜੇ ਦਿੱਲੀ ਗੁਰਦੁਆਰਾ ਕਮੇਟੀ ਦੀ ਛੱਬੀ ਵਿੱਚ ਸੁਧਾਰ ਲਿਆਉਣ ਅਤੇ ਡਿਗ ਰਹੀ ਸਾਖ ਨੂੰ ਉਭਾਰਨ ਪ੍ਰਤੀ ਈਮਾਨਦਾਰੀ ਅਤੇ ਗੰਭੀਰਤਾ ਹੈ ਤਾਂ ਉਸਨੂੰ ਰਾਜਸੀ ਪ੍ਰਭਾਵ ਤੋਂ ਮੁਕਤ ਕਰਨਾ ਹੋਵੇਗਾ। ਜੇ ਅਜਿਹਾ ਕਰਨ ਪ੍ਰਤੀ ਕੋਈ ਈਮਾਨਦਾਰੀ ਨਹੀਂ ਤਾਂ ਸੁਧਾਰ ਦੇ ਨਾਂ ਪੁਰ ਬੈਠਕਾਂ ਕਰਨ ਦਾ ਢੌਂਗ ਬੰਦ ਹੋਣਾ ਚਾਹੀਦਾ ਹੈ।

ਦਿੱਲੀ ਕਮੇਟੀ 550 ਸਿੱਖ ਵਿਦਿਆਰਥੀਆਂ ਨੂੰ ਗੋਦ ਲਏਗੀ? : ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਮਨਜਿੰਦਰ ਸਿੰਘ ਸਿਰਸਾ ਨੇ ਐਲਾਨ ਕੀਤਾ ਹੈ ਕਿ ਗੁਰਦੁਆਰਾ ਕਮੇਟੀ ਵਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਮੌਕੇ ਤੇ ਲੋੜਵੰਦ ਅੰਮ੍ਰਿਤਧਾਰੀ ਸਿੱਖ ਪਰਿਵਾਰਾਂ ਦੇ 550 ਬਚਿਆਂ ਨੂੰ ਅਪਨਾਇਆ ਜਾਇਗਾ, ਜਿਨ੍ਹਾਂ ਦੀ ਪੜ੍ਹਾਈ ਦੀ ਸਾਰੀ ਜ਼ਿਮੇਂਦਾਰੀ ਉਸ ਵਲੋਂ ਉਠਾਈ ਜਾਇਗੀ। ਉਨ੍ਹਾਂ ਇਹ ਵੀ ਦਸਿਆ ਕਿ ਅਜਿਹੇ ਬਚਿਆਂ ਦੀ ਚੋਣ ਗੁਰਦ-ਆਰਾ ਕਮੇਟੀ ਦੀ ਐਜੁਕੇਸ਼ਨ ਕਮੇਟੀ ਵਲੋਂ ਕੁਝ ਨਿਸ਼ਚਿਤ ਸ਼ਰਤਾਂ ਦੇ ਅਧਾਰ ਤੇ ਕੀਤੀ ਜਾਇਗੀ। ਭਾਵੇਂ ਦਿੱਲੀ ਗੁਰਦੁਆਰਾ ਕਮੇਟੀ ਦਾ ਇਹ ਫੈਸਲਾ ਬਹੁਤ ਹੀ ਪ੍ਰਸ਼ੰਸਾਯੋਗ ਹੈ। ਪਰ ਸੁਆਲ ਉਠਦਾ ਹੈ ਕਿ ਜੋ ਕਮੇਟੀ ਆਪਣੇ ਪ੍ਰਬੰਧ ਅਧੀਨ ਚਲ ਰਹੀਆਂ ਵਿਦਿਅਕ ਸੰਸਥਾਵਾਂ ਦੇ ਸਟਾਫ ਨੂੰ ਤਿੰਨ-ਤਿੰਨ ਮਹੀਨੇ ਤਨਖਾਹ ਨਹੀਂ ਦੇ ਪਾ ਰਹੀ, ਕੀ ਉਹ 550 ਬਚਿਆਂ ਦੀ ਪੜ੍ਹਾਈ ਦਾ ਖਰਚ ਚੁਕਣ ਦੇ ਸਮਰਥ ਹੋਵੇਗੀ?

...ਅਤੇ ਅੰਤ ਵਿੱਚ : ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਸਕੱਤਰ ਜਨਰਲ ਸ. ਹਰਵਿੰਦਰ ਸਿੰਘ ਸਰਨਾ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖੀਆਂ ਪੁਰ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਰਾਜਸੀ ਸੁਆਰਥ ਨੂੰ ਪੂਰਿਆਂ ਕਰਨ ਲਈ ਗੁਰਦੁਆਰਾ ਕਮੇਟੀ ਦੀ ਗੋਲਕ ਨੂੰ ਨਾ ਕੇਵਲ ਆਪ ਦੋਹਾਂ ਹੱਥਾਂ ਨਾਲ ਲੁਟਿਐ, ਸਗੋਂ ਉਸਨੂੰ ਦੂਸਰਿਆਂ ਨੂੰ ਲੁਟਾਇਆ ਵੀ ਹੈ। ਉਨ੍ਹਾਂ ਦਸਿਆ ਕਿ ਜਦੋਂ ਸੰਨ-2013 ਵਿੱਚ ਗੁਰਦੁਆਰਾ ਕਮੇਟੀ ਦੇ ਪ੍ਰਬੰਧ ਵਿੱਚ ਤਬਦੀਲੀ ਆਈ, ਤਾਂ ਉਸ ਸਮੇਂ ਪ੍ਰਬੰਧ ਤੋਂ ਵਿਦਾਇਗੀ ਲੈਂਦਿਆਂ ਗੁਰਦੁਆਰਾ ਕਮੇਟੀ ਦੇ ਉਸ ਸਮੇਂ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਮੇਟੀ ਦੇ ਖਾਤਿਆਂ ਵਿੱਚ ਲਗਭਗ 123 ਕਰੋੜ ਰੁਪਏ ਛੱਡੇ ਸਨ। ਉਨ੍ਹਾਂ ਦਸਿਆ ਕਿ ਗੁਰਦੁਆਰਾ ਕਮੇਟੀ ਦੇ ਇੱਕ ਵਰਤਮਾਨ ਅਹੁਦੇਦਾਰ ਨੇ ਬੀਤੇ ਦਿਨੀਂ ਦਾਅਵਾ ਕੀਤਾ ਕਿ ਉਨ੍ਹਾਂ ਇੱਕ ਸਾਧਾਰਣ ਮਹੀਨੇ ਵਿੱਚ ਕਮੇਟੀ ਦੇ ਸਾਰੇ ਆਮ ਖਰਚ ਪੂਰੇ ਕਰਦਿਆਂ ਦੋ ਕਰੋੜ ਰੁਪਏ ਦੀ ਮਿਆਦੀ ਜਮ੍ਹਾਂ ਕਰਵਾਈ ਹੈ। ਜੇ ਉਨ੍ਹਾਂ ਦੇ ਇਸ ਦਾਅਵੇ ਨੂੰ ਸਵੀਕਾਰ ਕਰ ਲਿਆ ਜਾਏ ਤਾਂ ਉਨ੍ਹਾਂ ਦੇ ਸਤਾ-ਕਾਲ ਦੇ ਪਿਛਲੇ 6 ਵਰ੍ਹਿਆਂ ਵਿੱਚ ਡੇਢ ਸੌ ਕਰੋੜ ਤੋਂ ਵੱਧ ਦੀ ਬਚਤ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹੈਰਾਨੀ ਇਸ ਗਲ ਦੀ ਹੈ ਕਿ ਇਤਨੀ ਬਚਤ ਹੋਣ ਦਾ ਦਾਅਵਾ ਕਰਨ ਵਾਲੇ ਗੁਰਦੁਆਰਾ ਕਮੇਟੀ ਦੇ ਮੁੱਖੀ ਆਪਣੇ ਪ੍ਰਬੰਧ ਹੇਠਲੇ ਸਕੂਲਾਂ ਦੇ ਸਟਾਫ ਨੂੰ ਤਿੰਨ-ਤਿੰਨ ਮਹੀਨਿਆ ਦੀ ਤਨਖਾਹ ਤਕ ਨਹੀਂ ਦੇ ਪਾ ਰਹੇ? ਉਨ੍ਹਾਂ ਨੇ ਸ਼ੰਕਾ ਪ੍ਰਗਟ ਕੀਤੀ ਕਿ ਕਿਧਰੇ ਦਿੱਲੀ ਦੇ ਗੁਰਦੁਆਰਿਆਂ ਦੀ ਗੋਲਕ ਉਨ੍ਹਾਂ ਵਲੋਂ ਪੰਜਾਬ ਵਿਚਲੇ ਆਪਣੇ ਅਕਾਲੀ ਆਕਾਵਾਂ (ਨੇਤਾਵਾਂ) ਦੀ ਛੱਬੀ ਨੂੰ ਉਭਾਰਨ ਲਈ ਤਾਂ ਨਹੀਂ ਲੁਟਾਈ ਜਾ ਰਹੀ?

ਮੋਬਾ:: +91 95 82 71 98 90

# ਪੰਜਾਬ ਦੇ ਨੌਜਵਾਨਾਂ ਦੀ ਵਿਦੇਸ਼ ਉਡਾਰੀ ਰੋਕਣ ਲਈ ਰਣਨੀਤੀ ਬਣਾਏ ਸਰਕਾਰ

-ਜੇ ਐੱਸ ਕੁਮਾਰ-

ਪੰਜਾਬ ਦੇ ਨੌਜਵਾਨਾਂ 'ਚ ਵਿਦੇਸ਼ ਜਾ ਕੇ ਪੜ੍ਹਾਈ ਕਰਨ ਅਤੇ ਕੈਨੇਡਾ, ਅਮਰੀਕਾ, ਆਸਟਰੇਲੀਆ ਵਰਗੇ ਦੇਸ਼ਾਂ ਵਿੱਚ ਸੈਟਲ ਹੋਣ ਦਾ ਰੁਝਾਨ ਵਧ ਰਿਹਾ ਹੈ, ਜਿਸ ਕਾਰਨ ਪੰਜਾਬ ਤੇਜ਼ੀ ਨਾਲ ਖਾਲੀ ਹੋ ਰਿਹਾ ਹੈ। ਨੌਜਵਾਨਾਂ ਦੀ ਵਿਦੇਸ਼ ਉਡਾਰੀ ਨੂੰ ਰੋਕਣ ਲਈ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ। ਪੰਜਾਬੀ ਨੌਜਵਾਨ ਮੁੰਡੇ-ਕੁੜੀਆਂ ਇੰਝ ਹੀ ਵਿਦੇਸ਼ਾਂ ਵੱਲ ਜਾਂਦੇ ਰਹੇ ਤਾਂ ਇੱਕ ਦਿਨ ਅਜਿਹਾ ਆਵੇਗਾ, ਜਦੋਂ ਪੰਜਾਬ ਦੀ ਆਬਾਦੀ ਬੜੀ ਘੱਟ ਹੋ ਜਾਵੇਗੀ, ਕਿਉਂਕਿ ਬੱਚਿਆਂ ਦੇ ਵਿਦੇਸ਼ਾਂ ਵਿੱਚ ਸੈਟਲ ਹੋਣ ਤੋਂ ਬਾਅਦ ਪੰਜਾਬ ਵਿੱਚ ਰਹਿੰਦੇ ਉਨ੍ਹਾਂ ਦੇ ਭੈਣ-ਭਰਾ ਅਤੇ ਮਾਂ-ਪਿਓ ਵੀ ਇੱਕ ਦਿਨ ਉਨ੍ਹਾਂ ਕੋਲ ਚਲੇ ਜਾਂਦੇ ਅਤੇ ਉਥੇ ਸੈਟਲ ਹੋ ਜਾਂਦੇ ਹਨ। ਇੱਕ ਸਮਾਂ ਅਜਿਹਾ ਸੀ, ਜਦੋਂ ਪੰਜਾਬ ਦੇ ਸਾਰੇ ਕਾਲਜ ਭਰੇ ਹੁੰਦੇ ਸਨ ਅਤੇ ਚੰਗੇ ਕਾਲਜਾਂ ਵਿੱਚ ਬੱਚਿਆਂ ਨੂੰ ਦਾਖਲ ਕਰਵਾਉਣ ਲਈ ਲੋਕਾਂ ਨੂੰ ਉਡੀਕ ਕਰਨੀ ਪੈਂਦੀ ਸੀ। ਕਈ ਵਾਰ ਸਿਫਾਰਸ਼ਾਂ ਲੱਭਣੀਆਂ ਪੈਂਦੀਆਂ ਸਨ। ਅੱਜਕੱਲ੍ਹ ਅਜਿਹੇ ਕਾਲਜਾਂ ਵਿੱਚ ਦਾਖਲੇ 50 ਤੋਂ ਲੈ ਕੇ ਸੱਤਰ ਫੀਸਦੀ ਤੱਕ ਘੱਟ ਜਾਣ ਕਾਰਨ ਕਾਲਜਾਂ ਲਈ ਖਰਚੇ ਕੱਢਣਾ ਮੁਸ਼ਕਲ ਹੋ ਗਿਆ ਹੈ। ਦੂਜੇ ਪਾਸੇ ਭਵਿੱਖ ਨੂੰ ਸੰਵਾਰਨ ਦਾ ਸੁਫਨਾ ਲੈ ਕੇ ਵਿਦੇਸ਼ ਜਾਣ ਵਾਲੇ ਨੌਜਵਾਨਾਂ ਨਾਲ ਪੰਜਾਬ ਭਰ ਦੇ ਆਈਲੈਟਸ ਸੈਂਟਲ ਭਰੇ ਪਏ ਹਨ।

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਆਪਣਾ ਸੂਬਾ, ਘਰ-ਬਾਰ ਛੱਡ ਕੇ ਵਿਦੇਸ਼ ਕਿਉਂ ਦੌੜ ਰਹੀ ਹੈ? ਜਦੋਂ ਕੋਈ ਬੱਚਾ 12ਵੀਂ ਪਾਸ ਕਰ ਕੇ ਆਪਣੇ ਮਾਂ-ਪਿਓ ਕੋਲ ਵਿਦੇਸ਼ ਜਾ ਕੇ ਪੜ੍ਹਾਈ ਕਰਨ ਦੀ ਇੱਛਾ ਪ੍ਰਗਟਾਉਂਦਾ ਹੈ ਤਾਂ ਮਾਂ-ਪਿਓ ਦੀ ਚਿੰਤਾ ਇਸ ਗੱਲ ਬਾਰੇ ਵਧ ਜਾਂਦੀ ਹੈ ਕਿ ਆਖਰ ਇਸ ਦੇ ਲਈ ਲੱਖਾਂ ਰੁਪਏ ਕਿੱਥੋਂ ਲਿਆਉਣਗੇ, ਪਰ ਬੱਚਿਆਂ ਦੀ ਜ਼ਿੱਦ ਅੱਗੇ ਝੁਕਦੇ ਕਈ ਮਾਂ-ਬਾਪ ਆਪਣੀਆਂ ਜ਼ਮੀਨਾਂ ਤੱਕ ਵੇਚ ਦਿੰਦੇ ਅਤੇ ਕਈ ਬੈਂਕਾਂ ਤੋਂ ਕਰਜ਼ੇ ਲੈ ਕੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਦੇ ਹਨ।




ਵਿਦੇਸ਼ਾਂ ਵਿੱਚ ਪੜ੍ਹਨ ਗਏ ਅਤੇ ਉਥੇ ਸੈਟਲ ਹੋਏ ਕੁਝ ਨੌਜਵਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਥੇ ਝੂਠੇ ਪੁਲਸ ਮੁਕੱਦਮੇ ਦਰਜ ਹੋਣ ਦਾ ਡਰ ਨਹੀਂ ਅਤੇ ਉਹ ਕਾਨੂੰਨ ਦੀ ਪਾਲਣਾ ਕਰਨ ਦੇ ਨਾਲ ਨਾਲ ਦਿਨ-ਰਾਤ ਮਿਹਨਤ ਵੀ ਕਰਦੇ ਹਨ। ਕਾਨੂੰਨ ਦੀ ਪਾਲਣਾ ਕਰਨ ਵਾਲਿਆਂ ਨੂੰ ਉਥੇ ਕੋਈ ਪ੍ਰੇਸ਼ਾਨ ਨਹੀਂ ਕਰਦਾ ਅਤੇ ਜੀ-ਜਾਨ ਨਾਲ ਮਿਹਨਤ ਕਰ ਕੇ ਉਹ ਚੰਗੀ ਜ਼ਿੰਦਗੀ ਬਿਤਾਉਂਦੇ ਹਨ। ਜਿੰਨਾ ਉਹ ਕੰਮ ਕਰਦੇ ਹਨ, ਉਥੇ ਉਨ੍ਹਾਂ ਨੂੰ ਓਨੇ ਪੈਸੇ ਮਿਲਦੇ ਹਨ ਕਿਉਂਕਿ ਇਨਸਾਨ ਤੇ ਉਸ ਦੇ ਕੰਮ ਦੀ ਕਦਰ ਹੈ। ਰਿਸ਼ਵਤਖੋਰੀ ਜਾਂ ਸਿਆਸਤ ਦਾ ਸ਼ਿਕਾਰ ਨਹੀਂ ਹੋਣਾ ਪੈਂਦਾ। ਯੋਗਤਾ ਮੁਤਾਬਕ ਬਿਨਾਂ ਕਿਸੇ ਸਿਫਾਰਸ਼ ਦੇ ਕੰਮ ਮਿਲਦਾ ਹੈ। ਸਾਫ-ਸੁਥਰਾ ਪਾਣੀ ਹੈ, ਸ਼ੁੱਧ ਵਾਤਾਵਰਣ ਹੈ, ਉਥੇ ਲੋਕ ਸੱਚ ਬੋਲਣਾ ਅਤੇ ਸੱਚ ਸੁਣਨਾ ਪਸੰਦ ਕਰਦੇ ਹਨ। ਇਨਸਾਨਾਂ ਤਾਂ ਕੀ, ਉਥੇ ਪਸ਼ੂਆਂ-ਪੰਛੀਆਂ ਅਤੇ ਜੀਵ-ਜੰਤੂਆਂ ਦੀ ਵੀ ਸੰਭਾਲ ਹੁੰਦੀ ਹੈ।

ਵਿਦੇਸ਼ ਰਹਿੰਦੇ ਨੌਜਵਾਨਾਂ ਮੁਤਾਬਕ ਉਥੇ ਮਿਹਨਤ ਕਰ ਕੇ ਹਰ ਮਨੁੱਖ ਅਮੀਰ ਹੋ ਸਕਦਾ ਹੈ, ਆਪਣੇ ਸੁਫਨੇ ਪੂਰੇ ਕਰ ਸਕਦਾ ਹੈ। ਪੁਲਸ ਦੀ ਕੋਈ ਦੁਰਵਰਤੋਂ ਨਹੀਂ ਹੁੰਦੀ ਅਤੇ ਲੋਕਾਂ ਦੇ ਟੈਕਸਾਂ ਦਾ ਇੱਕ-ਇੱਕ ਪੈਸਾ ਸਰਕਾਰਾਂ ਆਪਣੇ ਦੇਸ਼ ਅਤੇ ਉਥੇ ਰਹਿੰਦੇ ਲੋਕਾਂ ਦੀ ਭਲਾਈ 'ਤੇ ਖਰਚ ਕਰਦੀਆਂ ਹਨ। ਵਿਦੇਸ਼ਾਂ ਵਿੱਚ ਪ੍ਰਧਾਨ ਮੰਤਰੀ ਆਮ ਨਾਗਰਿਕਾਂ ਵਾਂਗ ਕੰਮ ਕਰਦੇ ਹਨ। ਵਿਦੇਸ਼ਾਂ ਵਿੱਚ ਟਰੈਫਿਕ ਨਿਯਮਾਂ ਦੀ ਪਾਲਣਾ ਅਤੇ ਸੜਕਾਂ ਸਾਫ-ਸੁਥਰੀਆਂ ਹੋਣ ਕਰ ਕੇ ਸੜਕ ਹਾਦਸੇ ਬਹੁਤ ਘੱਟ ਹੁੰਦੇ ਹਨ ਅਤੇ ਹਾਦਸਿਆਂ ਵਿੱਚ ਮੌਤਾਂ ਬਹੁਤ ਘੱਟ ਹੁੰਦੀਆਂ ਹਨ। ਓਥੇ ਸੈਟਲ ਹੋਏ ਨੌਜਵਾਨ ਆਪਣੇ ਸੂਬੇ ਪੰਜਾਬ ਦੀ ਸਿਆਸਤ, ਵਧਦੇ ਨਸ਼ਿਆਂ, ਝੂਠੇ ਮੁਕੱਦਮਿਆਂ, ਭ੍ਰਿਸ਼ਟਾਚਾਰ, ਸਰਕਾਰੀ ਪੈਸੇ ਦੀ ਦੁਰਵਰਤੋਂ, ਰੇਤ ਮਾਫੀਆ ਤੇ ਲੈਂਡ ਮਾਫੀਆ ਨੂੰ ਨਫਰਤ ਕਰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬ ਦਾ ਪੌਣ-ਪਾਣੀ ਦੂਸ਼ਿਤ ਹੋ ਚੁੱਕਾ ਹੈ ਤੇ ਬਦਲੇ ਦੀ ਸਿਆਸਤ ਨੇ ਸੂਬੇ ਨੂੰ ਬਰਬਾਦ ਕਰ ਦਿੱਤਾ ਹੈ।

ਫਿਰ ਵੀ ਅਮਰੀਕਾ, ਕੈਨੇਡਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਵਿੱਚ ਵੱਸੇ ਨੌਜਵਾਨਾਂ ਨੂੰ ਆਪਣਿਆਂ ਦੀ ਅਤੇ ਪੰਜਾਬ ਦੀ ਚਿੰਤਾ ਸਤਾਉਂਦੀ ਹੈ। ਜੇ ਪੰਜਾਬ ਵਿੱਚ ਬਣਦੀਆਂ ਸਰਕਾਰਾਂ, ਸਿਆਸਤਦਾਨਾਂ ਅਤੇ ਬੁੱਧੀਜੀਵੀਆਂ ਨੇ ਪੰਜਾਬ ਦੇ ਮਾਹੌਲ ਨੂੰ ਛੇਤੀ ਠੀਕ ਨਾ ਕੀਤਾ ਅਤੇ ਨੌਜਵਾਨ ਵਰਗ ਦੇ ਭਵਿੱਖ ਲਈ ਕੋਈ ਨੀਤੀ ਨਾ ਬਣਾਈ ਤਾਂ ਆਉਣ ਵਾਲੇ 10 ਦਿਨਾਂ ਵਿੱਚ ਪੰਜਾਬ ਦੇ ਲੱਖਾਂ ਪਰਵਾਰ ਅਤੇ ਬਜ਼ੁਰਗ ਮਾਂ-ਪਿਓ ਆਪਣੇ ਬੱਚਿਆਂ ਕੋਲ ਵਿਦੇਸ਼ਾਂ ਵਿੱਚ ਸ਼ਿਫਟ ਹੋ ਜਾਣਗੇ ਤੇ ਪੰਜਾਬ ਹਰ ਖੇਤਰ ਵਿੱਚ ਬੁਰੀ ਤਰ੍ਹਾਂ ਪੱਛੜ ਜਾਵੇਗਾ। ਪੰਜਾਬ ਦੀ ਕੈਪਟਨ ਸਰਕਾਰ ਅਤੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਪੀਲ ਹੈ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਦੇ ਸੁਨਹਿਰੀ ਭਵਿੱਖ ਲਈ ਉਹ ਕੁਝ ਅਜਿਹਾ ਕਰਨ ਕਿ ਨੌਜਵਾਨਾਂ ਨੂੰ ਆਪਣਾ ਘਰ ਅਤੇ ਆਪਣਾ ਸੂਬਾ ਛੱਡ ਕੇ ਵਿਦੇਸ਼ ਉਡਾਰੀ ਮਾਰਨ ਦੀ ਲੋੜ ਹੀ ਨਾ ਪਵੇ।

# ਇਹੋ ਜਿਹੀ ਸੀ ਸਾਡੀ ਭੂਆ ਜਵਾਲੀ

-ਦਇਆ ਸਿੰਘ ਸੰਧੂ

ਵੱਡੇ ਬਾਬੇ (ਪੜਦਾਦਾ ਜੀ) ਦੇ ਦੱਸਣ ਮੁਤਾਬਕ ਉਨ੍ਹਾਂ ਦੀ ਇੱਕ ਭੂਆ ਹੁੰਦੀ ਸੀ, 'ਭੂਆ ਜਵਾਲੀ'। ਪੰਜ ਭਰਾਵਾਂ ਦੀ ਇੱਕੋ ਇੱਕ ਭੈਣ, ਜੋ ਪੰਜਾਂ ਤੋਂ ਵੱਡੀ ਸੀ। ਬਾਪ ਵੱਲੋਂ ਪੁੱਤਰਾਂ ਨਾਲੋਂ ਵੀ ਵੱਧ ਲਾਡ ਨਾਲ ਪਾਲੀ ਧੀ ਦਾ ਕੱਦ ਛੇ ਫੁੱਟ ਰੰਗ ਗੋਰਾ। ਅੱਜਕੱਲ੍ਹ ਦੇ ਸਮੇਂ ਹੁੰਦੀ ਤਾਂ ਇੰਟਰਨੈਸ਼ਨਲ ਖਿਡਾਰਨ ਹੋਣੀ ਸੀ। ਪੰਜ ਸੱਤ ਮੱਝਾਂ ਦੀਆਂ ਧਾਰਾਂ ਕੱਢਣ ਵਾਲੀ। ਧਾਰ ਕਢਦੀ-ਕਢਦੀ ਮੱਝ ਦੇ ਥਣ ਨੂੰ ਮੂੰਹ ਲਾ ਕੇ ਦੁੱਧ ਵੀ ਪੀ ਜਾਂਦੀ। ਭਰਾਵਾਂ ਤੇ ਪੂਰਾ ਰੋਹਬ ਰਖਦੀ। ਬਾਪ ਦੀ ਲਾਡਲੀ ਧੀ ਸੀ। ਮਜਾਲ ਏ ਕਿਸੇ ਦੀ ਕਿ ਕੋਈ ਘਰ ਦਾ ਜੀਅ ਉਸ ਅੱਗੇ ਬੋਲ ਵੀ ਸਕੇ। ਖੈਰ! ਛੇਤੀ ਹੀ 15 ਕੁ ਸਾਲ ਦੀ ਉਮਰ ਵਿੱਚ ਹੀ ਵਿਆਹੁਣ ਯੋਗ ਹੋ ਗਈ। ਉਨ੍ਹਾਂ ਸਮਿਆਂ ਵਿੱਚ ਨਾਈ ਰਿਸ਼ਤੇ ਜੋੜਦੇ ਸਨ।

ਨਾਈ ਨੂੰ ਪੱਕੀ ਤਾਕੀਦ ਕੀਤੀ ਗਈ ਕਿ 'ਜਵਾਲੀ' ਦਾ ਵਰ ਬਰਾਬਰ ਦਾ ਮਿਲੇ। ਕਾਫੀ ਨੱਠ ਭੱਜ ਪਿੱਛੋਂ ਲਾਹੌਰ ਦੇ ਨੇੜੇ ਇੱਕ ਰਿਸ਼ਤਾ ਮਿਲਿਆ। 'ਬਖਤੌਰਾ' ਨਾਮ ਸੀ ਉਸ ਗੱਭਰੂ ਦਾ। ਭੂਆ ਜਵਾਲੀ ਦੇ ਬਿਲਕੁਲ ਹਾਣ ਦਾ ਸੀ। ਛੇ ਫੁੱਟ ਤੋਂ ਵੀ ਉਚਾ ਕੱਦ ਤੇ 16 ਸਾਲ ਦੀ ਉਮਰ ਵਿੱਚ ਜਵਾਲੀ ਤੇ ਬਖਤੌਰੇ ਦਾ ਵਿਆਹ ਹੋ ਗਿਆ। ਲਾੜੇ ਨੂੰ ਢੁਕਾਅ ਵੇਲੇ ਜਦ ਪਿੰਡ ਵਾਲਿਆਂ ਵੇਖਿਆ ਤਾਂ ਸਾਰੇ ਪਿੰਡ ਨੂੰ ਚਾਅ ਚੜ੍ਹ ਗਿਆ। ਦੋ ਰਾਤਾਂ ਬਰਾਤ ਰੱਖੀ ਗਈ। ਇੱਕ ਕੁਇੰਟਲ ਬੂਰਾ ਖੰਡ ਤੇ ਪੀਪੇ ਦੇਸੀ ਘਿਓ ਦੇ ਬਰਾਤ ਦੀ ਸੇਵਾ ਵਿੱਚ ਲਾ ਦਿੱਤੇ। ਕਾਫੀ ਸੋਨਾ ਦਾਜ ਵਿੱਚ ਦਿੱਤਾ ਗਿਆ। ਜੋੜੀ ਮੱਝਾਂ ਦੀ ਤੇ ਇੱਕ ਘੋੜੀ ਵੀ ਦਾਜ ਵਿੱਚ ਦਿੱਤੀ ਗਈ। ਉਹ ਘੋੜੀ ਜਿਸ ਦੀ ਸਵਾਰੀ ਖੇਤ ਜਾਣ ਵੇਲੇ 'ਜਵਾਲੀ' ਖੁਦ ਕਰਦੀ ਸੀ।

ਵਿਆਹ ਤੋਂ ਕੁਝ ਸਾਲ ਬਾਅਦ ਭੂਆ ਜਵਾਲੀ ਦੇ ਘਰ ਪੁੱਤਰ ਨੇ ਜਨਮ ਲਿਆ। ਹਾਲੇ ਪੁੱਤਰ ਦੀ ਖੁਸ਼ੀ ਮਨਾ ਰਹੇ ਸੀ ਕਿ ਫੁੱਫੜ 'ਬਖਤੌਰੇ' ਦੀ ਅਸਮਾਨੀ ਬਿਜਲੀ ਡਿੱਗਣ ਕਰ ਕੇ ਮੌਤ ਹੋ ਗਈ। ਬੱਸ ਫਿਰ ਕੀ ਸੀ ਪੈ ਗਿਆ ਰੋਣਾ ਧੋਣਾ। ਭੂਆ ਜਵਾਲੀ ਨੂੰ ਪਤੀ ਦੇ ਮਰਨ ਦਾ ਦੁੱਖ ਤਾਂ ਹੋਣਾ ਸੀ, ਨਾਲ ਇੱਕ ਹੋਰ ਮੁਸੀਬਤ ਮੂੰਹ ਅੱਡੀ ਖੜੀ ਸੀ। ਉਹ ਕੀ ਸੀ? ਫੁੱਫੜ ਬਖਤੌਰੇ ਦਾ ਛੋਟਾ ਭਰਾ ਪਿਛੌਰਾ, ਜੋ ਇੱਕ ਅੱਖ ਮੀਚਦਾ ਸੀ ਅਤੇ ਮੂੰਹ ਉੱਤੇ ਮਾਤਾ ਦੇ ਦਾਗ। ਵਿਆਹ ਤੋਂ ਫੁੱਫੜ ਬਖਤੌਰੇ ਦੀ ਮੌਤ ਤੱਕ ਭੂਆ ਜਵਾਲੀ ਆਪਣੇ ਦਿਓਰ ਨੂੰ ਕਾਣਾ ਆਖ ਕੇ ਬੁਲਾਉਂਦੀ ਰਹੀ ਤੇ ਇਹ ਵੀ ਕਹਿੰਦੀ ਹੁੰਦੀ ਸੀ ਕਿ "ਕਾਣਿਆਂ ਉਹ ਗਈ ਗਵਾਤੀ ਰੰਨ ਹੋਊ, ਜੋ ਤੇਰੇ ਨਾਲ ਵਿਆਹ ਕਰਾਊ।" ਕੁਦਰਤ ਦੇ ਰੰਗ ਵੇਖੋ, ਉਸ ਨੇ ਭੂਆ ਜਵਾਲੀ ਦਾ ਹੰਕਾਰ ਤੋੜ ਦਿੱਤਾ। ਭੋਗ ਦੀ ਰਸਮ ਸਤ੍ਹਾਰਾਂ ਦਿਨ ਬਾਅਦ ਹੋਈ ਤੋਂ ਛੇਤੀ ਪਿੱਛੋਂ ਪਿਛੌਰੇ ਤੇ ਭੂਆ ਜਵਾਲੀ ਦੀ ਚਾਦਰ ਪਾਉਣ (ਵਿਆਹ) ਦੀ ਕਰਵਾਈ ਹੋ ਗਈ। ਉਨ੍ਹਾਂ ਦੇ ਘਰ ਇੱਕ ਸਾਲ ਬਾਅਦ ਸਾਲ-ਸਾਲ ਦੀ ਵਿੱਥ ਉਤੇ ਇੱਕ ਧੀ ਅਤੇ ਇੱਕ ਪੁੱਤਰ ਨੇ ਜਨਮ ਲਿਆ। ਭਾਵੇਂ ਪਿਛੌਰਾ ਤੇ ਭੂਆ ਜਵਾਲੀ ਪਤੀ ਪਤਨੀ ਬਣ ਗਏ ਸਨ, ਪਰ ਭੂਆ ਜਵਾਲੀ ਉਸ ਨੂੰ ਕਾਣਾ ਹੀ ਆਖਦੀ ਸੀ।

ਪਿਛੌਰਾ ਭਾਣਾ ਮੰਨ ਕੇ ਸਮਾਂ ਲੰਘਾਉਂਦਾ ਰਿਹਾ। ਉਹ ਜਦ ਸਾਡੇ ਪਿੰਡ (ਆਪਣੇ ਸਹੁਰੇ ਪਿੰਡ) ਆਉਂਦਾ ਤਾਂ ਇੱਕ ਵਧੀਆ ਤੁਰਲੇ ਵਾਲੀ ਚਿੱਟੀ ਮਾਵਾ ਲੱਗੀ ਪੱਗ ਬੰਨ੍ਹ ਕੇ ਆਉਂਦਾ। ਉਸ ਦੇ ਪੰਜ ਸਾਲੇ ਉਸ ਦਾ ਬੜਾ ਸਤਿਕਾਰ ਕਰਦੇ। ਭਾਈਆ ਜੀ-ਭਾਈਆ ਜੀ ਕਰਦੇ ਰਹਿੰਦੇ (ਉਸ ਸਮੇਂ ਜੀਜੇ ਨੂੰ ਭਾਈਆ ਕਿਹਾ ਜਾਂਦਾ ਸੀ) ਉਸ ਦਾ ਸਹੁਰਾ ਵੀ ਪੁੱਤਰ-ਪੁੱਤਰ ਕਰਦਾ ਨਾ ਥਕਦਾ। ਉਹ ਕਈ ਦਿਨ ਆਪਣੇ ਸਹੁਰੇ ਘਰ ਰਹਿੰਦਾ। ਖੂਬ ਸੇਵਾ ਹੁੰਦੀ, ਪਰ ਭੂਆ ਜਵਾਲੀ ਉਸ ਨੂੰ ਕਾਣਾ ਹੀ ਆਖਦੀ, ਨੱਕ ਚੜ੍ਹਾਉਂਦੀ। ਫੁੱਫੜ ਪਿਛੌਰਾ ਭੂਆ ਜਵਾਲੀ ਦੇ ਕਹੇ 'ਕਾਣੇ' ਸੰਬੋਧਨ ਦਾ ਭੋਰਾ ਗੁੱਸਾ ਨਾ ਕਰਦਾ। ਸ਼ਾਇਦ ਇਸ ਦੀ ਪੂਰਤੀ ਸਾਲਿਆਂ ਅਤੇ ਸਹੁਰੇ ਵੱਲੋਂ ਦਿੱਤਾ ਜਾਂਦਾ ਸਤਿਕਾਰ ਸੀ ਜਾਂ ਸੁਭਾਅ ਪੱਖੋਂ ਬਹੁਤ ਜ਼ਿਆਦਾ ਠੰਢਾ।

ਖੈਰ! ਫੱਗਣ-ਚੇਤ ਦਾ ਮਹੀਨਾ। ਭੂਆ ਜਵਾਲੀ ਦੇ ਘਰ ਖਾਣ ਲਈ ਦਾਣੇ ਮੁੱਕ ਗਏ ਕਿਉਂਕਿ ਪਿਛੌਰਾ ਵਾਹੀ ਜੋਤੀ ਠੀਕ ਢੰਗ ਨਾਲ ਨਹੀਂ ਸੀ ਕਰਦਾ। ਦਾਣੇ ਸ਼ਹਿਰੋਂ ਮੁੱਲ ਲਿਆਉਣੇ ਸਨ। ਭੂਆ ਜਵਾਲੀ ਨੇ ਮੁੰਦਰੀ ਦੇ ਕੇ ਉਸ ਨੂੰ ਸ਼ਹਿਰ ਭੇਜਿਆ। ਮੁੰਦਰੀ ਗਹਿਣੇ ਰੱਖ ਕੇ ਪਿਛੌਰੇ ਨੇ ਮਣ ਪੱਕੇ (37 ਕਿਲੋ) ਦਾਣੇ ਲੈ ਕੇ ਖੇਸ ਵਿੱਚ ਬੰਨ੍ਹ ਘੋੜੀ ਉਤੇ ਲੱਦ ਲਏ ਤੇ ਚੱਲ ਪਿਆ ਪਿੰਡ ਨੂੰ। ਰਸਤੇ ਵਿੱਚ ਖੇਸ ਦੀ ਗੰਢ ਢਿੱਲ ਹੋ ਕੇ ਖਿਸਕ ਗਈ ਅਤੇ ਦਾਣੇ ਖਿਲਰਨੇ ਸ਼ੁਰੂ ਹੋ ਗਏ। ਦਾਣੇ ਕਿਰਨ ਦੀ ਆਵਾਜ਼ ਨਾਲ ਘੋੜੀ ਡਰ ਕੇ ਦੌੜਨ ਲੱਗੀ। ਕਿਰਦੇ-ਕਿਰਦੇ ਸਾਰੇ ਦਾਣੇ ਘੱਟੇ ਮਿੱਟੀ ਵਿੱਚ ਰੁਲ ਗਏ। ਹਫੜਾ ਦਫੜੀ ਵਿੱਚ ਖੇਸ ਰਸਤੇ ਵਿੱਚ ਡਿੱਗ ਪਿਆ। ਜਦ ਭੂਆ ਜਵਾਲੀ ਨੂੰ ਫੁੱਫੜ ਪਿਛੌਰੇ ਨੇ ਹੋਈ ਸਾਰੀ ਘਟਨਾ ਦੱਸੀ ਤਾਂ ਰੋਣ ਹਾਕੀ ਹੋਈ ਭੂਆ ਜਵਾਲੀ ਇਹ ਕਹਿੰਦੀ ਹੋਈ ਖੂੰਡਾ ਲੈ ਕੇ ਫੁੱਫੜ ਪਿਛੌਰੇ ਦੇ ਪਿੱਛੇ ਭੱਜ ਪਈ, 'ਕਾਣਿਆਂ ਤੈਨੂੰ ਨੁਕਸਾਨ ਕਰਨ ਨੂੰ ਰੱਖਿਐ।' ਫੁੱਫੜ ਪਿਛੌਰਾ ਘੋੜੀ ਭਜਾ ਕੇ ਸਿੱਧਾ ਆਪਣੇ ਸਹੁਰੇ ਘਰ ਪਹੁੰਚ ਗਿਆ। ਸਹੁਰੇ ਘਰ ਪਹੁੰਚ ਕੇ ਬਿਨਾਂ ਦੁਆ ਸਲਾਮ ਕੀਤੇ ਮੰਜੇ ਉਤੇ ਪੈ ਗਿਆ। ਸਹੁਰਾ ਕਹਿਣ ਲੱਗਾ, "ਪੁੱਤਰ, ਕੀ ਗੱਲ ਹੋਈ? ਜਵਾਲੀ ਨੇ ਕੁਝ ਆਖਿਆ ਤੈਨੂੰ।" ਰੋਣ ਹਾਕੇ ਨੇ ਜਦ ਸਾਰੀ ਘਟਨਾ ਸਹੁਰੇ ਸੁਣਾਈ ਤਾਂ ਉਹ ਕਹਿਣ ਲੱਗਾ, "ਕਮਲਾ ਨਾ ਹੋਵੇ ਤੇ, ਇਹ ਕਿਹੜੀ ਗੱਲ ਏ। ਸਵੇਰੇ ਦਿਨ ਚੜ੍ਹਦੇ ਤੋਂ ਪਹਿਲਾਂ ਜਵਾਲੀ ਕੋਲ ਕਣਕ ਦੀ ਬੋਰੀ ਪਹੁੰਚ ਜਾਊ। ਤੂੰ ਮੂੰਹ ਢਿਲਾ ਨਾ ਕਰਿਆ ਕਰ।" ਸਹੁਰਾ ਆਪਣੇ ਪੁੱਤਰਾਂ ਨੂੰ ਕਹਿਣ ਲੱਗਾ, "ਲਿਆਓ ਮੁੰਡਿਓ ਕੁੱਕੜ, ਕਰੋ ਪ੍ਰਾਹੁਣੇ ਦੀ ਸੇਵਾ।"

ਅੱਧੀ ਰਾਤ ਨੂੰ ਬੋਰੀ ਕਣਕ ਦੀ ਘੋੜੀ ਉਤੇ ਲੱਦ ਕੇ ਦਿਨ ਚੜ੍ਹਦੇ ਨੂੰ ਭੂਆ ਜਵਾਲੀ ਦੇ ਘਰ, ਫੁੱਫੜ ਪਿਛੌਰੇ ਨੂੰ ਨਾਲ ਸਹੁਰਾ ਤੇ ਸਾਲਾ ਪਿਛੌਰੇ ਦੇ ਪਿੰਡ ਪਹੁੰਚ ਗਏ। ਇਹੋ ਜਿਹੀ ਸੀ ਸਾਡੀ ਭੂਆ ਜਵਾਲੀ।

## ਹਲਕਾ ਫੁਲਕਾ

ਮਹਿੰਦਰ ਨੇ ਵਾਲ ਕੱਟਣ ਦੀ ਦੁਕਾਨ ਖੋਲ੍ਹੀ। ਸੋਨੂੰ ਸ਼ੇਵਿੰਗ ਕਰਵਾਉਣ ਲਈ ਉਸ ਦੀ ਦੁਕਾਨ 'ਤੇ ਗਿਆ।

ਮਹਿੰਦਰ ਨੇ ਪੁੱਛਿਆ, "ਮੁੱਛ ਰੱਖਣੀ ਹੈ?"

ਸੋਨੂੰ, "ਜੀ ਹਾਂ, ਰੱਖਣੀ ਹੈ।"

ਮਹਿੰਦਰ ਨੇ ਸੋਨੂੰ ਦੀ ਪੂਰੀ ਮੁੱਛ ਕੱਟ ਕੇ ਕਿਹਾ, "ਇਹ ਲਓ ਸੰਭਾਲ ਕੇ ਲੈ ਜਾਓ। ਜਿੱਥੇ ਰੱਖਣੀ ਹੈ ਰੱਖ ਲਓ।"

*********

ਸ਼ਰਾਬ ਪੀਣ ਕਾਰਨ ਇੱਕ ਵਿਅਕਤੀ ਲਗਭਗ ਬੇਹੋਸ਼ ਹੋਇਆ ਪਿਆ ਸੀ। ਇੱਕ ਭਲੇ ਆਦਮੀ ਨੇ ਉਸ ਕੋਲ ਆ ਕੇ ਪੁੱਛਿਆ" ਆਖਰ ਇੰਨੀ ਜ਼ਿਆਦਾ ਪੀਣ ਦੀ ਲੋੜ ਕੀ ਸੀ?"

ਸ਼ਰਾਬੀ, "ਮਜਬੂਰੀ ਸੀ, "ਪੀਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ।"

ਭਲਾ ਆਦਮੀ, "ਆਖਰ ਅਜਿਹੀ ਕੀ ਮਜਬੂਰੀ ਹੋ ਗਈ ਸੀ?"

ਸ਼ਰਾਬੀ, "ਬੋਤਲ ਦਾ ਢੱਕਣ ਗੁੰਮ ਹੋ ਗਿਆ ਸੀ।"

*********

ਚਿੱਤਰਕਾਰ (ਗਾਹਕ ਨੂੰ), "ਸਾਹਿਬ, ਮੈਂ ਬੇਗਮ ਸਾਹਿਬਾ ਦੀ ਅਜਿਹੀ ਤਸਵੀਰ ਬਣਾਵਾਂਗਾ, ਜੋ ਬੋਲ ਉਠੇਗੀ।"

ਗਾਹਕ, "ਮੁਆਫ ਕਰੋ ਭਰਾ, ਇਸ ਨੇ ਉਂਝ ਹੀ ਨੱਕ 'ਚ ਦਮ ਕਰ ਰੱਖਿਆ ਹੈ। ਜੇ ਇਸ ਦੀ ਤਸਵੀਰ ਵੀ ਬੋਲਣ ਲੱਗੀ ਤਾਂ ਜਿਊਣਾ ਮੁਸ਼ਕਲ ਹੋ ਜਾਵੇਗਾ।"

ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 24 ਮਈ ਦਿਨ ਸ਼ੁੱਕਰਵਾਰ ਨੂੰ ਅਖੰਡਪਾਠ ਸਾਹਿਬ ਸਵੇਰੇ 10 ਵਜ੍ਹੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 26 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

- ਨਵਦੀਪ ਸਿੰਘ ਸੂਚ : 416-881- 8736
- ਧਰਮਿੰਦਰ ਸਿੰਘ ਸੂਸਾਂ : 416-879-6824
- ਪਰਮਜੀਤ ਸਿੰਘ ਸੂਚ : 416-873-7508
- ਸਰਬਜੀਤ ਸਿੰਘ ਸੂਚ : 416-357-7667
- ਗੁਰਮੇਲ ਸਿੰਘ ਸੂਚ : 905-814-0756

# ਪੰਜਾਬ ਦੇ 7 ਵਿਧਾਨ ਸਭਾ ਹਲਕਿਆਂ ਵਿੱਚ ਉਪ ਚੋਣਾਂ ਦਾ ਰਸਤਾ ਸਾਫ਼

ਚੰਡੀਗੜ੍ਹ, 23 ਮਈ (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਦਾ ਨਤੀਜਾ ਆਉਣ ਨਾਲ ਪੰਜਾਬ ਦੀਆਂ ਸੱਤ ਵਿਧਾਨ ਸਭਾ ਸੀਟਾਂ ਦੇ ਲਈ ਉੱਪ ਚੋਣਾਂ ਕਰਵਾਏ ਜਾਣ ਦਾ ਰਸਤਾ ਵੀ ਸਾਫ਼ ਹੋ ਗਿਆ ਹੈ। ਵਰਨਣ ਯੋਗ ਹੈ ਕਿ ਜਲਾਲਾਬਾਦ ਹਲਕੇ ਤੋਂ ਅਕਾਲੀ ਦਲ ਦੇ ਵਿਧਾਇਕ ਸੁਖਬੀਰ ਸਿੰਘ ਬਾਦਲ ਤੇ ਫਗਵਾੜਾ ਤੋਂ ਭਾਜਪਾ ਵਿਧਾਇਕ ਸੋਮ ਪ੍ਰਕਾਸ਼ ਲੋਕ ਸਭਾ ਚੋਣ ਜਿੱਤ ਗਏ ਹਨ। ਇਨ੍ਹਾਂ ਦੋਵਾਂ ਦੇ ਵਿਧਾਨ ਸਭਾ ਹਲਕਿਆਂ ਦੀ ਉੱਪ ਚੋਣ ਕਰਾਉਣੀ ਜ਼ਰੂਰੀ ਹੋ ਗਈ ਹੈ। ਹੁਸ਼ਿਆਰਪੁਰ ਪਾਰਲੀਮੈਂਟ ਹਲਕੇ ਤੋਂ ਕਾਂਗਰਸ ਨੇ ਵਿਧਾਇਕ ਡਾ. ਰਾਜ ਕੁਮਾਰ ਚੱਬੇਵਾਲ ਤੇ ਭਾਜਪਾ ਨੇ ਵਿਧਾਇਕ ਸੋਮ ਪ੍ਰਕਾਸ਼ ਨੂੰ ਚੋਣ ਲੜਾਈ ਸੀ। ਅਕਾਲੀ ਦਲ ਵੱਲੋਂ ਸੁਖਬੀਰ ਸਿੰਘ ਬਾਦਲ ਫਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਮੈਦਾਨ ਵਿੱਚ ਸਨ। ਆਮ ਆਦਮੀ ਪਾਰਟੀ ਦੇ 5 ਵਿਧਾਇਕ ਪਹਿਲਾਂ ਆਪਣੇ ਅਸਤੀਫੇ ਵਿਧਾਨ ਸਭਾ ਦੇ ਸਪੀਕਰ ਨੂੰ ਦੇ ਚੁੱਕੇ ਹਨ। ਇਹ ਅਸਤੀਫ਼ੇ ਪਿਛਲੇ ਕਈ ਮਹੀਨਿਆਂ ਤੋਂ ਸਪੀਕਰ ਕੋਲ ਮਨਜ਼ੂਰੀ ਲਈ ਪੈਂਡਿੰਗ ਪਏ ਹਨ।

ਜਿਨ੍ਹਾਂ ਵਿਧਾਨ ਸਭਾ ਸੀਟਾਂ ਲਈ ਉੱਪ ਚੋਣਾਂ ਹੋ ਸਕਦੀਆਂ ਹਨ, ਉਨ੍ਹਾਂ ਵਿਚ ਜਲਾਲਾਬਾਦ, ਫਗਵਾੜਾ, ਮਾਨਸਾ, ਰੋਪੜ, ਦਾਖਾ, ਭੁਲੱਥ ਅਤੇ ਜੈਤੋ ਸ਼ਾਮਲ ਹਨ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਸੂਬੇ ਵਿੱਚ ਲੋਕ ਸਭਾ ਚੋਣਾਂ ਵਿੱਚ ਮਿਲੀ ਵੱਡੀ ਜਿੱਤ ਨੂੰ ਵੇਖਦਿਆਂ ਹਾਕਮ ਧਿਰ ਕਾਂਗਰਸ ਪਾਰਟੀ ਲੱਗਦੇ ਹੱਥ ਕਿਸੇ ਵੀ ਸਮੇਂ ਇਨ੍ਹਾਂ ਹਲਕਿਆਂ ਵਿੱਚ ਉੱਪ ਚੋਣਾਂ ਕਰਾਉਣ ਦੀ ਰਣਨੀਤੀ ਬਣਾ ਸਕਦੀ ਹੈ। ਲੋਕ ਸਭਾ ਚੋਣਾਂ ਤੋਂ



ਪਹਿਲਾਂ ਅਰਵਿੰਦ ਕੇਜਰੀਵਾਲ ਦਾ ਝਾੜੂ ਛੱਡ ਕੇ ਕਾਂਗਰਸ ਦਾ 'ਪੰਜਾ' ਫੜਨ ਵਾਲੇ ਦੋ ਵਿਧਾਇਕਾਂ ਨਾਜਰ ਸਿੰਘ ਮਾਨਸ਼ਾਹੀਆ ਤੇ ਅਮਰਜੀਤ ਸਿੰਘ ਸੰਦੋਆ ਤੋਂ ਬਿਨਾ ਭੁਲੱਥ ਹਲਕੇ ਤੋਂ ਅਸਤੀਫ਼ਾ ਦੇਣ ਵਾਲੇ ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੂੰ ਵੀ ਪਿਛਲੀਂ ਦਿਨੀਂ ਵਿਧਾਨ ਸਭਾ ਦੇ ਸਪੀਕਰ ਨੇ ਆਪਣਾ ਪੱਖ ਰੱਖਣ ਲਈ ਬੁਲਾਇਆ ਸੀ, ਪਰ ਇਨ੍ਹਾਂ ਤਿੰਨਾਂ ਵਿਚੋਂ ਕੋਈ ਵੀ ਸਪੀਕਰ ਕੋਲ ਪੇਸ਼ ਨਹੀਂ ਹੋਇਆ। ਖਹਿਰਾ ਨੇ ਲੋਕ ਸਭਾ ਚੋਣਾਂ ਦੌਰਾਨ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਸਪੀਕਰ ਨੂੰ ਭੇਜ ਦਿੱਤਾ ਸੀ, ਪਰ ਇਸ ਤੋਂ ਪਹਿਲਾਂ ਉਨ੍ਹਾਂ ਦੇ ਖਿਲਾਫ਼ ਆਦਮੀ ਪਾਰਟੀ ਨੇ ਦਲਬਦਲੀ ਕਾਨੂੰਨ ਦੀ ਕਾਰਵਾਈ ਕਰਨ ਲਈ ਵਿਧਾਨ ਸਭਾ ਦੇ ਸਪੀਕਰ ਨੂੰ ਸ਼ਿਕਾਇਤ ਭੇਜ ਦਿੱਤੀ ਸੀ। ਆਮ ਆਦਮੀ ਪਾਰਟੀ ਨੇ ਖਹਿਰਾ ਨੂੰ ਵਿਧਾਇਕ ਵਜੋਂ ਬਰਖਾਸਤ ਕਰਨ ਦੀ ਮੰਗ ਵੀ ਕੀਤੀ ਸੀ। ਨਾਜ਼ਰ ਸਿੰਘ ਮਾਨਸ਼ਾਹੀਆ, ਅਮਰਜੀਤ ਸਿੰਘ ਸੰਦੋਆ ਅਤੇ ਸੁਖਪਾਲ ਸਿੰਘ ਖਹਿਰਾ ਆਮ ਆਦਮੀ ਪਾਰਟੀ ਦੀਆਂ ਟਿਕਟਾਂ ਉੱਤੇ ਵਿਧਾਇਕ ਬਣੇ ਸਨ। ਜਿੱਤਣ ਤੋਂ ਕਰੀਬ ਇਕ ਸਾਲ ਬਾਅਦ ਇਨ੍ਹਾਂ ਅੱਧੀ ਦਰਜਨ ਬਾਗੀ ਵਿਧਾਇਕਾਂ ਨੇ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਹੇਠ ਅਰਵਿੰਦ ਕੇਜਰੀਵਾਲ ਤੇ ਦਿੱਲੀ ਵਾਲਿਆਂ ਖ਼ਿਲਾਫ਼ ਬਗਾਵਤ ਦਾ ਝੰਡਾ ਚੁੱਕ ਕੇ ਵੱਖਰਾ ਧੜਾ ਬਣਾ ਲਿਆ ਸੀ, ਜਿਸ ਵਿੱਚ ਭੁਲੱਥ ਤੋਂ ਸੁਖਪਾਲ ਸਿੰਘ ਖਹਿਰਾ, ਮਾਨਸਾ ਤੋਂ ਨਾਜ਼ਰ ਸਿੰਘ ਮਾਨਸ਼ਾਹੀਆ, ਖਰੜ ਤੋਂ ਕੰਵਰ ਸਿੰਘ ਸੰਧੂ, ਮੌੜ ਤੋਂ ਜਗਦੇਵ ਸਿੰਘ, ਜੈਤੋ ਤੋਂ ਬਲਦੇਵ ਸਿੰਘ, ਭਦੌੜ ਤੋਂ ਪਿਰਮਲ ਸਿੰਘ ਤੇ ਰਾਏਕੋਟ ਹਲਕੇ ਤੋਂ ਜਗਤਾਰ ਸਿੰਘ ਜੱਗਾ ਸ਼ਾਮਲ ਸਨ। ਇਕ ਸਾਲ ਦੇ ਕਰੀਬ ਇਨ੍ਹਾਂ ਵਿਧਾਇਕਾਂ ਦਾ ਧੜਾ ਕਾਇਮ ਰਿਹਾ, ਪਰ ਲੋਕ ਸਭਾ ਚੋਣਾਂ ਦੇ ਨੇੜੇ ਇਨ੍ਹਾਂ ਵਿਚ ਆਪਸੀ ਫੁੱਟ ਜ਼ਾਹਰ ਹੋਣ ਲੱਗੀ। ਇਸ ਧੜੇ ਦੀ ਅਗਵਾਈ ਕਰ ਰਹੇ ਸੁਖਪਾਲ ਸਿੰਘ ਖਹਿਰਾ ਨੇ ਆਮ ਆਦਮੀ ਪਾਰਟੀ ਤੋਂ ਅਸਤੀਫ਼ਾ ਦੇ ਕੇ ਪੰਜਾਬ ਏਕਤਾ ਪਾਰਟੀ ਬਣਾ ਲਈ ਤੇ ਧੜੇ ਵਿੱਚ ਸ਼ਾਮਲ ਵਿਧਾਇਕਾਂ ਨੇ ਖਹਿਰਾ ਨੂੰ ਬਾਹਰੋਂ ਸਮਰਥਨ ਦਾ ਫ਼ੈਸਲਾ ਕੀਤਾ, ਪਰ ਹੌਲੀ-ਹੌਲੀ ਕਈ ਵਿਧਾਇਕਾਂ ਨੇ ਖਹਿਰਾ ਨੂੰ ਛੱਡ ਕੇ ਕਾਂਗਰਸ ਦੀ ਅਗਵਾਈ ਕਬੂਲਣ ਦਾ ਫ਼ੈਸਲਾ ਕਰ ਲਿਆ।

## ਐੱਚ ਐੱਸ ਫੂਲਕਾ ਨੇ ਮੁੱਖ ਮੰਤਰੀ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਲਈ ਪੱਤਰ ਲਿਖਿਆ



ਚੰਡੀਗੜ੍ਹ, 23 ਮਈ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਵਿਧਾਇਕ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਐੱਚ ਐੱਸ ਫੂਲਕਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਦੀਆਂ ਆਮ ਚੋਣਾਂ ਵਾਸਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਚੇਤੇ ਕਰਵਾਇਆ ਹੈ ਕਿ ਮੁੱਖ ਮੰਤਰੀ ਨੇ ਵਿਧਾਨ ਸਭਾ ਵਿੱਚ ਵਾਅਦਾ ਕੀਤਾ ਸੀ ਕਿ ਉਹ ਇਸ ਬਾਰੇ ਕੇਂਦਰੀ ਗ੍ਰਹਿ ਮੰਤਰੀ ਰਾਜਾਥ ਸਿੰਘ ਨੂੰ ਮਿਲਣਗੇ, ਪ੍ਰੰਤੂ ਨਾ ਉਹ ਉਨ੍ਹਾਂ ਨੂੰ ਮਿਲੇ ਅਤੇ ਨਾ ਹੀ ਇਸ ਮਾਮਲੇ ਨੂੰ ਅੱਗੇ ਵਧਾਇਆ ਹੈ।

ਇਸ ਸੰਬੰਧ ਵਿੱਚ ਫੂਲਕਾ ਨੇ ਕਿਹਾ ਕਿ ਐੱਸ ਜੀ ਪੀ ਸੀ ਦੀਆਂ ਚੋਣਾਂ 2011 ਵਿੱਚ ਹੋਈਆਂ ਸਨ ਅਤੇ ਪੰਜ ਸਾਲ ਬਾਅਦ 2016 ਵਿੱਚ ਇਸ ਦੀ ਮਿਆਦ ਪੂਰੀ ਹੋਣ ਪਿੱਛੋਂ ਐੱਸ ਜੀ ਪੀ ਸੀ ਉੱਤੇ ਕਾਬਿਜ਼ ਅਕਾਲੀ ਦਲ ਨੇ ਜਾਣਬੁੱਝ ਕੇ ਇਹ ਚੋਣਾਂ ਨਹੀਂ ਹੋਣ ਦਿੱਤੀਆਂ, ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਜਾਣਦੇ ਹਨ ਕਿ ਜੇ ਚੋਣਾਂ ਹੋ ਗਈਆਂ ਤਾਂ ਉਨ੍ਹਾਂ ਦਾ ਇਸ ਉੱਤੇ ਕੰਟਰੋਲ ਖਤਮ ਹੋ ਜਾਏਗਾ। ਆਪਣੇ ਪੱਤਰ ਵਿੱਚ ਫੂਲਕਾ ਨੇ ਮੁੱਖ ਮੰਤਰੀ ਨੂੰ ਕਿਹਾ ਹੈ ਕਿ ਉਹ ਇਸ ਮਾਮਲੇ ਬਾਰੇ ਨਵੀਂ ਬਣਨ ਵਾਲੀ ਕੇਂਦਰ ਸਰਕਾਰ ਦੇ ਗ੍ਰਹਿ ਮੰਤਰੀ ਨਾਲ ਗੱਲ ਕਰਨ।

ਐੱਸ ਜੀ ਪੀ ਸੀ ਦੇ ਸਾਬਕਾ ਮੈਂਬਰ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਦਾ ਗ੍ਰਹਿ ਮੰਤਰੀ ਨੂੰ ਮਿਲਣਾ ਜਾਂ ਨਾ ਮਿਲਣਾ ਕੋਈ ਮਹੱਤਵ ਨਹੀਂ ਰੱਖਦਾ, ਕਿਉਂਕਿ ਸਹਿਜਧਾਰੀਆਂ ਤੇ ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਬਾਰੇ ਕੇਸ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ। ਸਹਿਜਧਾਰੀਆਂ ਨੂੰ ਵੋਟ ਦਾ ਅਧਿਕਾਰ ਨਾ ਦੇਣ ਬਾਰੇ ਸੁਪਰੀਮ ਕੋਰਟ ਵਿੱਚ ਕੇਂਦਰ ਸਰਕਾਰ ਨੇ ਐਫੀਡੇਵਿਟ ਦੇ ਦਿੱਤਾ ਹੈ। ਅਮਰਿੰ-ਦਰ ਸਿੰਘ ਨੇ ਦੱਸਿਆ ਕਿ ਇਸੇ ਤਰ੍ਹਾਂ ਹਰਿਆਣਾ ਦੀ ਵੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੇਸ ਵੀ ਸੁਪਰੀਮ ਕੋਰਟ ਵਿੱਚ ਹੈ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਬਾਰੇ ਐਕਟ ਵਿਧਾਨ ਸਭਾ ਵਿੱਚ ਪਾਸ ਕਰ ਦਿੱਤਾ ਸੀ। ਹਰਿਆਣਾ ਐੱਸ ਜੀ ਪੀ ਸੀ ਦੇ ਮੈਂਬਰਾਂ ਨੇ ਇੱਕ ਗੁਰਦੁਆਰਾ ਸਾਹਿਬ ਉਤੇ ਕੰਟਰੋਲ ਵੀ ਕਰ ਲਿਆ, ਪਰ ਕੋਰਟ ਨੇ ਸਥਿਤੀ ਜਿਉਂ ਦੀ ਤਿਉਂ ਰੱਖਣ ਦਾ ਹੁਕਮ ਜਾਰੀ ਕਰ ਦਿੱਤਾ ਸੀ। ਤਦ ਤੋਂ ਹਰਿਆਣਾ ਐੱਸ ਜੀ ਪੀ ਸੀ ਦੇ ਕੋਲ ਇੱਕ ਅਤੇ ਬਾਕੀ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਕੰਟਰੋਲ ਐੱਸ ਜੀ ਪੀ ਸੀ ਦੇ ਕੋਲ ਹੈ। ਜਦ ਤੱਕ ਇਹ ਫੈਸਲਾ ਨਹੀਂ ਹੁੰਦਾ ਕਿ ਐੱਸ ਜੀ ਪੀ ਸੀ ਇੱਕ ਰਹੇਗੀ ਜਾਂ ਵੱਖਰੀ ਵੀ ਬਣ ਸਕਦੀ ਹੈ, ਚੋਣ ਕਰਵਾਉਣਾ ਸੰਭਵ ਨਹੀਂ ਹੈ।

## ਕਤਲ ਕੇਸ ਵਿੱਚ ਅੱਠ ਜਣਿਆਂ ਦੀ ਉਮਰ ਕੈਦ ਦੀ ਸਜ਼ਾ ਕਾਇਮ



ਚੰਡੀਗੜ੍ਹ, 23 ਮਈ (ਪੋਸਟ ਬਿਊਰੋ)- ਪੰਜ ਸਾਲ ਪਹਿਲਾਂ ਲੋਕ ਸਭਾ ਚੋਣਾਂ ਮੌਕੇ ਮੁਹਾਲੀ ਵਿੱਚ ਹੋਏ ਝਗੜੇ ਵਿੱਚ ਮਾਰੇ ਗਏ ਅਕਾਲੀ ਵਰਕਰ ਦੇ ਕੇਸ ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਨੇ ਅੱਠ ਮੁਲਜ਼ਮਾਂ ਨੂੰ ਸੈਸ਼ਨ ਕੋਰਟ ਵੱਲੋਂ ਸੁਣਾਈ ਉਮਰ ਕੈਦ ਦੀ ਸਜ਼ਾ ਨੂੰ ਕਾਇਮ ਰੱਖਿਆ ਹੈ। ਜਸਟਿਸ ਰਾਜੀਵ ਸ਼ਰਮਾ ਅਤੇ ਜਸਟਿਸ ਹਰਿੰਦਰ ਸਿੰਘ ਸਿੱਧੂ ਦੇ ਬੈਂਚ ਨੇ ਕਿਹਾ ਕਿ ਸਰਕਾਰੀ ਧਿਰ ਨੇ ਮੁਲਜ਼ਮਾਂ ਦੇ ਖਿਲਾਫ ਲੱਗੇ ਦੋਸ਼ਾਂ ਨੂੰ ਸਾਬਤ ਕੀਤਾ ਹੈ।

ਵਰਨਣ ਯੋਗ ਹੈ ਕਿ ਮੁਹਾਲੀ ਦੇ ਸੈਸ਼ਨ ਜੱਜ ਨੇ ਪਿਛਲੇ ਸਾਲ ਅਕਤੂਬਰ ਵਿੱਚ ਕੀਤੇ ਇੱਕ ਦੌਰਾਨ ਹਰਪ੍ਰੀਤ ਸਿੰਘ, ਗੁਰਸੇਵਕ ਸਿੰਘ ਭੂਤ, ਰੁਪਿੰਦਰ ਸਿੰਘ, ਕੁਲਦੀਪ ਸਿੰਘ, ਦਲਬੀਰ ਸਿੰਘ, ਕਮਲਦੀਪ ਸਿੰਘ, ਗਗਨਦੀਪ ਸਿੰਘ ਤੇ ਸੁਖਪ੍ਰੀਤ ਸਿੰਘ ਨੂੰ ਦੋਸ਼ੀ ਮੰਨ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਨ੍ਹਾਂ ਦੇ ਖਿਲਾਫ ਕੇਸ ਦੇ ਸਹਿ ਮੁਲਜ਼ਮ ਗੌਰਵ ਪਟਿਆਲ ਸਮਹੇਤ ਦੋਸ਼ ਆਇਦ ਕੀਤੇ ਗਏ ਸਨ। ਹੇਠਲੀ ਅਦਾਲਤ ਨੇ ਕੇਸ ਦੇ ਟਰਾਇਲ ਦੌਰਾਨ ਪਟਿਆਲ ਨੂੰ ਭਗੌੜਾ ਐਲਾਨ ਕਰ ਦਿੱਤਾ ਸੀ। ਕੇਸ ਦੀ ਸੁਣਵਾਈ ਦੌਰਾਨ ਬੈਂਚ ਨੂੰ ਦੱਸਿਆ ਗਿਆ ਸੀ ਕਿ 2014 ਦੀਆਂ ਪਾਰਲੀਮੈਂਟ ਚੋਣਾਂ ਮੌਕੇ ਹੋਏ ਕਤਲ ਦੀ ਅਸਲ ਵਜ੍ਹਾ ਸਿਓ ਪਿੰਡ ਦੇ ਗੁਰਜੰਟ ਸਿੰਘ (ਪੀੜਤ) ਅਤੇ ਮੁਲਜ਼ਮ ਸੁਖਪ੍ਰੀਤ ਸਿੰਘ ਦਾ ਝਗੜਾ ਸੀ। ਸੱਤ ਜੁਲਾਈ 2014 ਨੂੰ ਜਦੋਂ ਸੁਖਪ੍ਰੀਤ ਸਿੰਘ ਤੇ ਉਹਦੇ ਸਾਥੀਆਂ ਨੇ ਗੁਰਜੰਟ ਸਿੰਘ 'ਤੇ ਹਮਲਾ ਕੀਤਾ, ਉਦੋਂ ਉਹ ਮੁਹਾਲੀ ਦੇ ਇਕ ਵਾਹਨ ਸਰਵਿਸ ਸਟੇਸ਼ਨ ਵਿੱਚ ਸੀ। ਜਸਟਿਸ ਸ਼ਰਮਾ ਨੇ ਕਿਹਾ ਕਿ ਪੀੜਤ ਦੇ ਸਰੀਰ ਉਤੇ 21 ਸੱਟਾਂ ਪਾਈਆਂ ਗਈਆਂ ਸਨ ਤੇ ਇਸਤਗਾਸਾ ਪੱਖ ਨੇ ਦੋ ਗਵਾਹਾਂ ਦੇ ਬਿਆਨ ਲਏ ਹਨ।

# ਬਲਾਤਕਾਰ ਕੇਸ ਦਬਾਉਣ ਦੇ ਦੋਸ਼ ਵਿੱਚ ਪੁਲਸ ਅਫਸਰਾਂ ਵਿਰੁੱਧ ਕਾਰਵਾਈ ਦੇ ਹੁਕਮ

ਚੰਡੀਗੜ੍ਹ, 23 ਮਈ (ਪੋਸਟ ਬਿਊਰੋ)- ਮਾਨਸਾ ਦੇ ਬੁਢਲਾਡਾ ਖੇਤਰ 'ਚ ਨਬਾਲਗ ਕੁੜੀ ਨਾਲ ਬਲਾਤਕਾਰ ਦੇ ਦੋਸ਼ੀਆਂ ਨੂੰ ਬਚਾਉਣ ਦਾ ਯਤਨ ਕਰਨ ਵਾਲੇ ਪੁਲਸ ਵਾਲਿਆਂ ਨੂੰ ਖੁਦ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।

ਪਤਾ ਲੱਗਾ ਹੈ ਕਿ ਬਲਾਤਕਾਰ ਦੀ ਸ਼ਿਕਾਇਤ ਮਿਲਣ ਪਿੱਛੋਂ ਪੀੜਤਾ ਦਾ ਮੈਡੀਕਲ ਕਰਵਾਉਣ ਵਿੱਚ ਦੇਰੀ ਕਰਨ ਵਾਲੇ ਪੁਲਸ ਵਾਲਿਆਂ ਦੀ ਝਾੜ ਝੰਬ ਕਰਦਿਆਂ ਜਸਟਿਸ ਫਤਹਿਦੀਪ ਸਿੰਘ ਦੀ ਬੈਂਚ ਨੇ ਪੰਜਾਬ ਪੁਲਸ ਦੇ ਡੀ ਜੀ ਪੀ ਨੂੰ ਹੁਕਮ ਜਾਰੀ ਕੀਤਾ ਸੀ ਕਿ ਸਬੰਧਤ ਅਧਿਕਾਰੀਆਂ ਵਿਰੁੱਧ ਕੀਤੀ ਕਾਰਵਾਈ ਉਨ੍ਹਾਂ ਵੱਲੋਂ ਕੀਤੇ ਗੁਨਾਹ ਦੇ ਬਰਾਬਰ ਹੋਣੀ ਚਾਹੀਦੀ ਹੈ। ਇਸ ਕੇਸ ਵਿੱਚ ਪੁਲਸ ਵੱਲੋਂ ਵਰਤੀ ਢਿੱਲਮੱਠ ਦੇ ਖਿਲਾਫ ਹਾਈ ਕੋਰਟ ਗਏ ਪੀੜਤਾ ਦੇ ਪਿਤਾ ਨੇ ਆਪਣੀ ਅਪੀਲ ਵਿੱਚ ਪੀੜਤਾ ਦੀ ਜਾਂਚ ਦੁਬਾਰਾ ਕਰਾਉਣ ਦੀ ਮੰਗ ਕੀਤੀ ਸੀ। ਉਸ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਲੜਕੀ ਨੂੰ ਇਕ ਧਾਰਮਿਕ ਸਮਾਗਮ ਵਿੱਚ ਮਦਦ ਕਰਨ ਲਈ ਸਰਪੰਚ ਹਰਬੰਸ ਕੌਰ ਦੇ ਘਰ ਭੇਜਿਆ ਸੀ, ਪਰ ਹਰਬੰਸ ਕੌਰ ਨੇ ਸੁਖਚੈਨ ਸਿੰਘ ਨਾਲ ਮਿਲ ਕੇ ਲੜਕੀ ਨਾਲ ਬਲਾਤਕਾਰ ਕਰਵਾਇਆ ਤੇ ਦੋਵਾਂ ਨੇ ਲੜਕੀ ਦੀਆਂ ਅਸ਼ਲੀਲ ਫੋਟੋਆਂ ਖਿੱਚ ਕੇ ਉਸ ਨੂੰ ਧਮਕੀਆਂ ਦਿੱਤੀਆਂ ਸਨ। ਪੀੜਤਾ ਨੇ ਕੁਝ ਦਿਨਾਂ ਬਾਅਦ ਇਸ ਦਾ ਜ਼ਿਕਰ ਪਰਵਾਰ ਨਾਲ ਕੀਤਾ, ਜਿਸ ਤੋਂ ਬਾਅਦ ਇਕ ਅਪ੍ਰੈਲ 2017 ਨੂੰ ਪੁਲਸ ਨੇ ਇਸ ਉਤੇ ਕਾਰਵਾਈ ਉਦੋਂ ਕੀਤੀ, ਜਦ ਪੀੜਤਾ ਦੇ ਪਿਤਾ ਨੇ ਮਾਨਸਾ ਦੇ ਐਸ ਐਸ ਪੀ ਨੂੰ ਸ਼ਿਕਾਇਤ ਦਿੱਤੀ। ਜਸਟਿਸ ਫਤਹਿਦੀਪ ਸਿੰਘ ਨੇ ਕਿਹਾ ਕਿ ਨਬਾਲਗਾ ਨਾਲ ਬਲਾਤਕਾਰ ਦੇ ਕੇਸ 'ਚ ਪੁਲਸ ਨੂੰ ਸੂਚਨਾ ਮਿਲਣ ਦੇ ਬਾਅਦ ਤਿੰਨ ਮਹੀਨਿਆਂ 'ਚ ਆਪਣੀ ਜਾਂਚ ਕਰਨੀ ਜ਼ਰੂਰੀ ਹੁੰਦੀ ਹੈ, ਪਰ ਇਸ ਮਾਮਲੇ 'ਚ ਮਾਨਸਾ ਪੁਲਸ ਨੇ ਇਸ ਨਿਯਮ ਦੀਆਂ ਧੱਜੀਆਂ ਉਡਾ ਦਿੱਤੀਆਂ।

## ਵਿਦਿਆਰਥਣ ਨੂੰ ਕੁੱਟਣ ਅਤੇ ਧੁੱਪੇ ਖੜ੍ਹਾ ਰੱਖਣ ਉਤੇ ਸਕੂਲ ਦੀ ਮਾਨਤਾ ਰੱਦ

ਫਿਰੋਜ਼ਪੁਰ, 23 ਮਈ (ਪੋਸਟ ਬਿਊਰੋ)- ਬੀਤੇ ਦਿਨੀਂ ਪਿੰਡ ਤੂਤ ਦੇ ਸ਼ਹੀਦ ਹਿੰਮਤ ਸਿੰਘ ਪਬਲਿਕ ਸਕੂਲ ਵਿੱਚ ਛੇਵੀਂ ਕਲਾਸ ਦੀ ਵਿਦਿਆਰਥਣ ਨੂੰ ਕੁੱਟਣ ਅਤੇ ਹੱਥ ਖੜ੍ਹੇ ਕਰ ਕੇ ਧੁੱਪੇ ਖੜ੍ਹਾ ਰੱਖਣ ਕਾਰਨ ਡੀ ਸੀ ਚੰਦਰ ਗੈਂਦ ਨੇ ਸਕੂਲ ਦੀ ਮਾਨਤਾ ਰੱਦ ਕਰਨ ਦੇ ਹੁਕਮ ਜਾਰੀ ਕੀਤੇ ਹਨ। ਡੀ ਸੀ ਨੂੰ ਇਸ ਦੀ ਜਾਣਕਾਰੀ ਸੋਸ਼ਲ ਮੀਡੀਆ ਤੋਂ ਮਿਲੀ ਸੀ। ਇਸ ਦੇ ਬਾਅਦ ਉਨ੍ਹਾਂ ਨੇ ਡੀ ਈ ਓ ਨੇਕ ਸਿੰਘ ਨੂੰ ਜਾਂਚ ਕਰਨ ਲਈ ਕਿਹਾ ਸੀ ਤਾਂ ਜਾਂਚ ਵਿੱਚ ਸਕੂਲ ਮੈਨੇਜਮੈਂਟ 'ਤੇ ਲੱਗੇ ਦੋਸ਼ ਸਹੀ ਨਿਕਲੇ। ਇਸ ਦੇ ਬਾਅਦ ਪੀੜਤ ਵਿਦਿਆਰਥਣ ਖੁਦ ਡੀ ਸੀ ਦੇ ਸਾਹਮਣੇ ਪੇਸ਼ ਹੋਈ ਸੀ।

11 ਸਾਲਾ ਵਿਦਿਆਰਥਣ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਉਸ ਦੇ ਨਾਲ ਪਹਿਲਾਂ ਸਕੂਲ ਕੋਆਰਡੀਨੇਟਰ, ਜਿਹੜੀ ਸਕੂਲ ਮਾਲਕ ਦੀ ਨੂੰਹ ਹੈ, ਨੇ ਕੁੱਟਮਾਰ ਕੀਤੀ ਅਤੇ ਫਿਰ ਤਿੰਨ ਪੀਰੀਅਡ ਤੱਕ ਉਸ ਨੂੰ ਤਿੱਖੀ ਧੁੱਪ ਵਿੱਚ ਖੜ੍ਹਾ ਕਰੀ ਰੱਖਿਆ। ਹਾਲਤ ਵਿਗੜ ਜਾਣ ਉੱਤੇ ਘਰ ਦਿਆਂ ਨੇ ਉਸ ਨੂੰ ਹਸਪਤਾਲ ਦਾਖਲ ਕਰਵਾਇਆ। ਡੀ ਸੀ ਨੇ ਸਕੂਲ ਮੈਨੇਜਮੈਂਟ ਨੂੰ ਆਪਣਾ ਪੱਖ ਰੱਖਣ ਲਈ ਬੁਲਾਇਆ। ਇਸ ਦੇ ਬਾਅਦ ਉਨ੍ਹਾਂ ਨੇ ਡੀ ਈ ਓ ਸੀਨੀਅਰ ਸੈਕੰਡਰੀ ਨੇਕ ਸਿੰਘ ਨੂੰ ਸਕੂਲ ਦੀ ਮਾਨਤਾ ਰੱਦ ਕਰਨ ਅਤੇ ਐਜੂਕੇਸ਼ਨ ਡਿਪਾਰਟਮੈਂਟ ਦੇ ਸੀਨੀਅਰ ਅਧਿਕਾਰੀਆਂ ਨੂੰ ਰਿਪੋਰਟ ਭੇਜਣ ਦੇ ਲਈ ਕਿਹਾ ਹੈ।

## ਟਰੈਕਟਰ-ਟਰਾਲੀ ਵਿੱਚ ਤੇਜ਼ ਰਫਤਾਰ ਕਾਰ ਵੱਜਣ ਨਾਲ ਦੋ ਮੌਤਾਂ




ਪਟਿਆਲਾ, 23 ਮਈ (ਪੋਸਟ ਬਿਊਰੋ)- ਪਟਿਆਲਾ ਤੋਂ ਫਤਹਿਗੜ੍ਹ ਸਾਹਿਬ ਵਿਖੇ ਸੇਵਾ ਕਰਨ ਚੱਲੇ ਤਿੰਨ ਨੌਜਵਾਨਾਂ ਦੀ ਕਾਰ ਸਰਹੰਦ ਰੋਡ 'ਤੇ ਟਰੈਕਟਰ ਟਰਾਲੀ ਨਾਲ ਜਾ ਵੱਜੀ। ਇਸ ਹਾਦਸੇ ਵਿੱਚ ਕਾਰ ਸਵਾਰ ਇਕ ਨੌਜਵਾਨ ਤੇ ਟਰੈਕਟਰ ਟਰਾਲੀ 'ਤੇ ਬੈਠੇ ਇਕ ਵਿਅਕਤੀ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਅਮਰਿੰਦਰ ਸਿੰਘ (22) ਵਾਸੀ ਸ਼ੇਰਾਂ ਵਾਲਾ ਗੇਟ ਪਟਿਆਲਾ ਤੇ ਬਲਵਿੰਦਰ ਸਿੰਘ (38) ਵਾਸੀ ਜਾਲਖੇੜੀ ਫਤਹਿਗੜ੍ਹ ਸਾਹਿਗ ਵਜੋਂ ਹੋਈ ਹੈ। ਜਸਕਰਨ ਸਿੰਘ (22) ਤੇ ਪਵਿੱਤਰ ਸਿੰਘ (20) ਵਾਸੀ ਦਸ਼ਮੇਸ਼ ਨਗਰ ਪਟਿਆਲਾ ਗੰਭੀਰ ਜ਼ਖਮੀ ਹੋਏ ਹਨ।

ਮਿਲੀ ਜਾਣਕਾਰੀ ਅਨੁਸਾਰ ਅਮਰਿੰਦਰ ਸਿੰਘ ਅਕਸਰ ਫਤਹਿਗੜ੍ਹ ਸਾਹਿਬ ਦੇ ਗੁਰਦੁਆਰਾ ਸਾਹਿਬ ਵਿੱਚ ਸੇਵਾ ਕਰਨ ਜਾਂਦਾ ਸੀ। ਥਾਪਰ ਪੋਲੀਟੈਕਨਿਕ ਕਾਲਜ ਵਿੱਚ ਡਿਪਲੋਮਾ ਕਰ ਰਹੇ ਅਮਰਿੰ-ਦਰ ਸਿੰਘ ਨੇ ਕੱਲ੍ਹ ਆਪਣੇ ਦੋਸਤਾਂ ਨਾਲ ਗੁਰਦੁਆਰਾ ਸਾਹਿਬ ਜਾਣ ਦਾ ਪ੍ਰੋਗਰਾਮ ਬਣਾਇਆ ਸੀ। ਰਾਤ ਤਿੰਨੇ ਦੋਸਤ ਕਾਰ 'ਤੇ ਗੁਰਦੁਆਰਾ ਸਾਹਿਬ ਲਈ ਨਿਕਲੇ। ਇਸ ਦੌਰਾਨ ਸਰਹੰਦ ਰੋਡ ਸਥਿਤ ਪਿੰਡ ਫੱਗਣ ਮਾਜਰਾ ਨੇੜੇ ਉਨ੍ਹਾਂ ਦੀ ਕਾਰ ਅੱਗੇ ਜਾ ਰਹੇ ਟਰੈਕਟਰ ਟਰਾਲੀ ਨਾਲ ਜਾ ਵੱਜੀ। ਇਸ ਨਾਲ ਟਰੈਕਟਰ 'ਤੇ ਬੈਠਾ ਬਲਵਿੰਦਰ ਸਿੰਘ ਸਿਰ ਭਾਰ ਸੜਕ 'ਤੇ ਡਿੱਗ ਗਿਆ ਤੇ ਉਸ ਦੀ ਮੌਤ ਹੋ ਗਈ। ਕਾਰ 'ਚ ਸਵਾਰ ਅਮਰਿੰਦਰ ਸਿੰਘ ਨੇ ਵੀ ਮੌਕੇ 'ਤੇ ਦਮ ਤੋੜ ਦਿੱਤਾ ਅਤੇ ਅਮਰਿੰਦਰ ਦੇ ਦੋਸਤ ਗੰਭੀਰ ਜ਼ਖਮੀ ਹੋ ਗਏ। ਪੁਲਸ ਅਨੁਸਾਰ ਹਾਦਸੇ ਦੌਰਾਨ ਕਾਰ ਕਰੀਬ 120 ਦੀ ਰਫਤਾਰ ਉੱਤੇ ਸੀ, ਜਿਸ ਕਾਰਨ ਨੌਜਵਾਨਾਂ ਨੂੰ ਕੱਟ ਮਾਰਨ ਦਾ ਸਮਾਂ ਨਹੀਂ ਮਿਲਿਆ ਤੇ ਕਾਰ ਟਰੈਕਟਰ ਟਰਾਲੀ ਨਾਲ ਜਾ ਵੱਜੀ।

## ਕ੍ਰਿਸ਼ਨ ਕੁਮਾਰ ਨੂੰ ਸਿੱਖਿਆ ਬੋਰਡ ਦੇ ਚੇਅਰਮੈਨ ਦਾ ਵਾਧੂ ਚਾਰਜ ਦਿੱਤਾ



ਐਸ ਏ ਐਸ ਨਗਰ (ਮੁਹਾਲੀ), 23 ਮਈ (ਪੋਸਟ ਬਿਊਰੋ)- ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਮਨੋਹਰ ਕਾਂਤ ਕਲੋਹੀਆ ਨਿੱਜੀ ਦੌਰੇ ਲਈ ਵਿਦੇਸ਼ ਗਏ ਹਨ। ਪੰਜਾਬ ਸਰਕਾਰ ਨੇ ਵਾਈਸ ਚੇਅਰਮੈਨ ਬਲਦੇਵ ਸਚਦੇਵਾ ਨੂੰ ਅੱਖੋਂ ਓਹਲੇ ਕਰਕੇ ਸਕੂਲ ਬੋਰਡ ਦਾ ਦਫਤਰੀ ਕੰਮ ਚਲਾਉਣ ਲਈ ਸਿੱਖਿਆ ਵਿਭਾਗ ਦੇ ਸਕੱਤਰ ਅਤੇ ਸੀਨੀਅਰ ਆਈ ਏ ਐਸ ਕ੍ਰਿਸ਼ਨ ਕੁਮਾਰ ਨੂੰ ਚੇਅਰਮੈਨ ਦੇ ਅਹੁਦੇ ਦਾ ਵਾਧੂ ਚਾਰਜ ਦੇ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਐਕਟ ਦੀ ਧਾਰਾ 14 (4) ਮੁਤਾਬਕ ਚੇਅਰਮੈਨ ਦੀ ਗੈਰ ਹਾਜ਼ਰੀ ਵਿੱਚ ਵਾਈਸ ਚੇਅਰਮੈਨ ਨੂੰ ਆਰਜ਼ੀ ਤੌਰ ਉਤੇ ਚੇਅਰਮੈਨ ਦਾ ਕੰਮ ਦੇਖਣ ਦਾ ਅਧਿਕਾਰ ਹੈ, ਪਰ ਰਾਜ ਸਰਕਾਰ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨੂੰ ਬੋਰਡ ਚੇਅਰਮੈਨ ਦੇ ਅਹੁਦੇ ਦਾ ਵਾਧੂ ਚਾਰਜ ਦੇ ਦਿੱਤਾ ਹੈ। ਬੀਤੀ 20 ਮਈ ਨੂੰ ਜਾਰੀ ਹੋਏ ਇਸ ਸਰਕਾਰੀ ਪੱਤਰ 'ਤੇ ਪੰਜਾਬ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਦੇ ਦਸਤਖਤ ਹਨ, ਜਿਸ ਨੂੰ ਸੁਪਰਡੈਂਟ ਪਰਦੀਪ ਸਿੰਘ ਨੇ ਜਾਰੀ ਕੀਤਾ ਹੈ। ਸਕੂਲ ਬੋਰਡ ਦੇ ਚੇਅਰਮੈਨ ਕਲੋਹੀਆ ਦੀ ਛੁੱਟੀ 20 ਮਈ ਨੂੰ ਸ਼ੁਰੂ ਹੋਈ ਹੈ ਅਤੇ ਉਹ 12 ਜੂਨ ਨੂੰ ਦੁਬਾਰਾ ਅਹੁਦਾ ਸੰਭਾਲਣਗੇ। ਬੋਰਡ ਦੇ ਸੂਤਰਾਂ ਅਨੁਸਾਰ ਪਹਿਲਾਂ ਬੋਰਡ ਦੇ ਵਾਈਸ ਚੇਅਰਮੈਨ ਬਲਦੇਵ ਸਚਦੇਵਾ ਨੂੰ ਕਾਰਜਕਾਰੀ ਚੇਅਰਮੈਨ ਦਾ ਵਾਧੂ ਚਾਰਜ ਦੇਣ ਦੀ ਗੱਲ ਤੁਰੀ ਸੀ, ਪਰ ਸਿੱਖਿਆ ਮੰਤਰੀ ਨੇ ਇਹ ਫਾਈਲ ਕਰੀਬ 10 ਦਿਨ ਆਪਣੇ ਕੋਲ ਰੱਖੀ ਹੈ ਅਤੇ ਕੱਲ੍ਹ ਸਵੇਰੇ ਬੋਰਡ ਦਫਤਰ ਵਿੱਚ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨੂੰ ਚੇਅਰਮੈਨ ਦਾ ਵਾਧੂ ਚਾਰਜ ਦੇਣ ਦਾ ਸਰਕਾਰੀ ਪੱਤਰ ਪਹੁੰਚ ਗਿਆ।

## ਸਿਰ ਵਿੱਚ ਸੱਟਾਂ ਮਾਰ ਕੇ ਫੈਕਟਰੀ ਮੁਲਾਜ਼ਮ ਨੂੰ ਮਾਰਿਆ



ਲੁਧਿਆਣਾ, 23 ਮਈ (ਪੋਸਟ ਬਿਊਰੋ)- ਸਿਰ ਵਿੱਚ ਸੱਟਾਂ ਮਾਰ ਕੇ ਫੈਕਟਰੀ ਮਜ਼ਦੂਰ ਨੂੰ ਮਾਰ ਦੇਣ ਦਾ ਭੇਦ ਖੁੱਲ੍ਹਾ ਹੈ। ਇਸ ਤੋਂ ਪਹਿਲਾਂ ਬਦਮਾਸ਼ਾਂ ਨੇ ਮਜ਼ਦੂਰ ਦਾ ਗਲਾ ਵੀ ਦਬਾਇਆ। ਇਸ ਬਾਰੇ ਥਾਣਾ ਦੁੱਗਰੀ ਦੀ ਪੁਲਸ ਨੇ ਮ੍ਰਿਤਕ ਸੁਨੀਲ ਕੁਮਾਰ (44) ਦੀ ਦੇ ਕਤਲ ਦਾ ਕੇਸ ਦਰਜ ਕਰ ਲਿਆ ਹੈ।ਥਾਣਾ ਦੁੱਗਰੀ ਪੁਲਸ ਨੇ ਅਣਪਛਾਤੇ ਕਾਤਲਾਂ ਦੇ ਵਿਰੁੱਧ ਕੇਸ ਦਰਜ ਕਰ ਕੇ ਪੜਤਾਲ ਸ਼ੁਰੂ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਮੁਤਾਬਕ ਸੁਨੇਤ ਦਾ ਵਸਨੀਕ ਸੁਨੀਲ ਕੁਮਾਰ ਜਨਕਪੁਰੀ ਦੀ ਇੱਕ ਫੈਕਟਰੀ ਵਿੱਚ ਕੰਮ ਕਰਦਾ ਸੀ। ਉਸ ਦੀ ਪਤਨੀ ਸੁਨੀਤਾ ਮੁਤਾਬਕ ਰੋਜ਼ ਵਾਂਗ ਬੀਤੇ ਸਵੇਰੇ ਅੱਠ ਵਜੇ ਦੇ ਕਰੀਬ ਫੈਕਟਰੀ ਗਿਆ। ਰਾਤ ਨੌਂ ਵਜੇ ਦੇ ਕਰੀਬ ਉਸ ਨੇ ਵਾਪਸ ਆਉਂਦਾ ਸੀ। ਦਸ ਵਜੇ ਤੱਕ ਵੀ ਜਦ ਉਹ ਨਾ ਪਰਤਿਆ ਤਾਂ ਉਸ ਦਾ ਬੇਟਾ ਨਵਜੋਤ ਉਸ ਨੂੰ ਲੱਭਣ ਗਿਆ। ਜਦ ਸੁਨੀਲ ਬਾਰੇ ਕੋਈ ਸੂਚਨਾ ਨਾ ਮਿਲੀ ਤਾਂ ਪਰਵਾਰ ਨੇ ਪੁਲਸ ਨੂੰ ਦੱਸਿਆ। ਇਸੇ ਦੌਰਾਨ ਪੁਲਸ ਨੂੰ ਸੂਚਨਾ ਮਿਲੀ ਕਿ ਸਿਟੀ ਸੈਂਟਰ ਦੇ ਕੋਲ ਇੱਕ ਵਿਅਕਤੀ ਦੀ ਲਾਸ਼ ਪਈ ਹੋਈ ਹੈ। ਸੁਨੀਤਾ ਅਤੇ ਨਵਜੋਤ ਨੇ ਸਿਵਲ ਹਸਪਤਾਲ ਜਾ ਕੇ ਲਾਸ਼ ਦੀ ਪਛਾਣ ਕੀਤੀ। ਉਨ੍ਹਾਂ ਮੁਤਾਬਕ ਸੁਨੀਲ ਨੂੰ ਅਣਪਛਾਤੇ ਲੋਕਾਂ ਨੇ ਬੜੀ ਬੇਰਹਿਮੀ ਨਾਲ ਕਤਲ ਕਰ ਕੇ ਲਾਸ਼ ਸਿਟੀ ਸੈਂਟਰ ਦੇ ਕੋਲ ਸੁੱਟ ਦਿੱਤੀ ਸੀ। ਇਸ ਮਾਮਲੇ ਵਿੱਚ ਥਾਣਾ ਦੁੱਗਰੀ ਦੇ ਰੋਹਿਤ ਦੇ ਬਿਆਨਾਂ 'ਤੇ ਅਣਪਛਾਤੇ ਕਾਤਲਾਂ ਦੇ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।


A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers **No Waiting at All**
- **Highest Pay Rate** Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- **Always Home At Weekends**
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

**For Further Information Contact: 6476253344**



www.AREA REALTOR.com




KAMAL SANDHU
Sales Representative
647.891.0143
Off: 905.456.1010



## ਆਈ ਓ ਸੀ ਦੀ ਮੈਂਬਰੀ ਲਈ ਬੱਤਰਾ ਦਾ ਨਾਂ ਭੇਜਿਆ ਗਿਆ



ਨਵੀਂ ਦਿੱਲੀ, 23 ਮਈ (ਪੋਸਟ ਬਿਊਰੋ)- ਭਾਰਤੀ ਓਲੰਪਿਕ ਐਸੋਸੀਏਸ਼ਨ (ਆਈ ਓ ਏ) ਦੇ ਪ੍ਰਧਾਨ ਨਰਿੰਦਰ ਬੱਤਰਾ ਦਾ ਨਾਂ ਸੰਸਾਰ ਓਲੰਪਿਕ ਕਮੇਟੀ (ਆਈ ਓ ਸੀ) ਦੇ ਕਾਰਜਕਾਰੀ ਬੋਰਡ ਨੇ ਖੇਡਾਂ ਦੀ ਇਸ ਸਿਖਰਲੀ ਸੰਸਥਾ ਦੇ ਮੈਂਬਰ ਵਜੋਂ ਚੋਣ ਕਰਨ ਲਈ ਪੇਸ਼ ਕੀਤਾ ਹੈ। ਆਈ ਓ ਸੀ ਦੇ ਕਾਰਜਕਾਰੀ ਬੋਰਡ ਨੇ ਬੱਤਰਾ ਅਤੇ ਨੌਂ ਹੋਰ ਮੈਂਬਰਾਂ ਨੂੰ ਚੁਣਨ ਦਾ ਪ੍ਰਸਤਾਵ ਬੁੱਧਵਾਰ ਨੂੰ ਆਈ ਓ ਸੀ ਨੂੰ ਸੌਂਪਿਆ, ਜੋ ਜੂਨ ਵਿਚ ਲੁਸਾਨੇ ਵਿਚ ਮੀਟਿੰਗ ਕਰੇਗਾ।

ਇਸ ਸੰਬੰਧ ਵਿੱਚ ਆਈ ਓ ਸੀ ਨੇ ਕਿਹਾ ਕਿ 10 ਪ੍ਰਸਤਾਵਿਤ ਨਵੇਂ ਮੈਂਬਰਾਂ ਵਿਚੋਂ ਸੱਤ ਨਿੱਜੀ ਮੈਂਬਰ ਅਤੇ ਤਿੰਨ ਉਮੀਦਵਾਰ ਉਹ ਹਨ, ਜਿਹੜੇ ਰਾਸ਼ਟਰੀ ਉਲੰਪਿਕ ਕਮੇਟੀ ਜਾਂ ਰਾਸ਼ਟਰੀ ਉਲੰਪਿਕ ਕਮੇਟੀ ਦੀ ਐਸੋਸੀਏਸ਼ਨ ਦੇ ਪ੍ਰਬੰਧ ਨਾਲ ਜੁੜੇ ਹਨ। ਇਸ ਸੀਟ ਲਈ ਵੋਟਿੰਗ 26 ਜੂਨ ਨੂੰ ਹੋਵੇਗੀ। ਬੱਤਰਾ ਉਨ੍ਹਾਂ ਤਿੰਨ ਲੋਕਾਂ ਵਿਚ ਸ਼ਾਮਲ ਹਨ ਜਿਨ੍ਹਾਂ ਨੂੰ ਰਾਸ਼ਟਰੀ ਉਲੰਪਿਕ ਕਮੇਟੀ ਦੇ ਪ੍ਰਬੰਧ ਨਾਲ ਜੁੜੇ ਹੋਣ ਕਾਰਨ ਚੁਣਿਆ ਗਿਆ। ਉਨ੍ਹਾਂ ਨੂੰ ਰਾਸ਼ਟਰੀ ਉਲੰਪਿਕ ਕਮੇਟੀਆਂ ਦੀ ਐਸੋਸੀਏਸ਼ਨ ਨਾਲ ਸਲਾਹ ਪਿੱਛੋਂ ਚੁਣਿਆ ਗਿਆ। ਆਈ ਓ ਸੀ ਨੇ ਕਿਹਾ ਕਿ 10 ਨਵੇਂ ਮੈਂਬਰਾਂ ਦੇ ਸ਼ਾਮਲ ਹੋਣ ਨਾਲ ਆਈ ਓ ਸੀ ਮੈਂਬਰਾਂ ਦੀ ਕੁੱਲ ਗਿਣਤੀ 105 ਹੋ ਜਾਵੇਗੀ। ਬੱਤਰਾ ਦੀ ਚੋਣ ਨਾਲ ਆਈ ਓ ਸੀ ਦੇ ਸਰਗਰਮ ਮੈਂਬਰ ਵਜੋਂ ਭਾਰਤੀਆਂ ਦੀ ਗਿਣਤੀ ਦੋ ਹੋ ਜਾਏਗੀ। ਰਿਲਾਇੰਸ ਫਾਊਂਡੇਸ਼ਨ ਦੀ ਪ੍ਰਧਾਨ ਨੀਤਾ ਅੰਬਾਨੀ ਨੂੰ 2016 ਵਿਚ ਆਈ ਓ ਸੀ ਦਾ ਨਿੱਜੀ ਮੈਂਬਰ ਚੁਣਿਆ ਗਿਆ ਸੀ। ਇਸ ਸੀਟ ਉੱਤੇ ਚੁਣੇ ਜਾਣ ਵਾਲੀ ਉਹ ਪਹਿਲੀ ਭਾਰਤੀ ਔਰਤ ਹੈ। ਆਈ ਓ ਏ ਦੇ ਨਿੱਜੀ ਮੈਂਬਰ ਵਜੋਂ ਬੱਤਰਾ ਦਾ ਨਾਂ ਪੇਸ਼ ਹੋਣ ਤੋਂ ਪਹਿਲਾਂ ਉਹ ਲੰਬੇ ਸਮੇਂ ਤਕ ਹਾਕੀ ਇੰਡੀਆ ਦੇ ਪ੍ਰਧਾਨ ਰਹੇ ਹਨ।

# ਯੂ ਪੀ ਵਿੱਚ ਪ੍ਰਿਅੰਕਾ ਗਾਂਧੀ ਦਾ ਜਾਦੂ ਨਹੀਂ ਚੱਲਿਆ, ਰਾਹੁਲ ਅਮੇਠੀ ਸੀਟ ਹਾਰੇ

ਨਵੀਂ ਦਿੱਲੀ, 23 ਮਈ (ਪੋਸਟ ਬਿਊਰੋ)- 'ਪ੍ਰਿਅੰਕਾ ਲਿਆਓ, ਕਾਂ-ਗਰਸ ਬਚਾਓ' ਦਾ ਨਾਹਰਾ ਲਾਉਣ ਵਾਲੇ ਕਾਰਕੁਨਾਂ ਨੂੰ ਸ਼ਰਮਿੰਦੇ ਹੋਣਾ ਪੈ ਗਿਆ ਹੈ। ਅਸਲ ਵਿੱਚ ਪ੍ਰਿਅੰਕਾ ਗਾਂਧੀ ਵਾਡਰਾ ਨੇ ਯੂ ਪੀ ਦੀਆਂ 80 ਸੀਟਾਂ ਵਿੱਚੋਂ 26 ਥਾਵਾਂ ਉਤੇ ਕਾਂਗਰਸ ਪਾਰਟੀ ਤੇ ਰਾਹੁਲ ਗਾਂਧੀ ਲਈ ਤੂਫ਼ਾਨੀ ਚੋਣ ਪ੍ਰਚਾਰ ਕੀਤਾ ਸੀ, ਪਰ ਨਤੀਜੇ ਦੱਸਦੇ ਹਨ ਕਿ ਲੋਕਾਂ ਉੱਤੇ ਉਸ ਦਾ ਜਾਦੂ ਨਹੀਂ ਚੱਲਿਆ। ਕਾਂਗਰਸ ਦੀ ਜੱਦੀ ਸੀਟ ਅਮੇਠੀ ਵੀ ਉਨ੍ਹਾਂ ਦੇ ਭਰਾ ਰਾਹੁਲ ਗਾਂਧੀ ਹਾਰ ਗਏ ਹਨ।



ਵਰਨਣ ਯੋਗ ਹੈ ਕਿ ਪ੍ਰਿਅੰਕਾ ਗਾਂਧੀ ਵਾਡਰਾ ਨੇ ਸਿਆਸਤ ਵਿਚ ਜਦੋਂ ਕਦਮ ਰੱਖਿਆ ਤਾਂ ਕਾਂਗਰਸੀ ਵਰਕਰਾਂ ਨੂੰ ਆਸ ਬੱਝੀ ਸੀ ਕਿ ਇਸ ਵਾਰ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਦਾ ਜਾਦੂ ਚੱਲੇਗਾ, ਪਰ ਅਜਿਹਾ ਨਹੀਂ ਹੋ ਸਕਿਆ ਤੇ ਪ੍ਰਿਅੰਕਾ ਦੀ ਸਿਆਸੀ ਆਮਦ ਬੇਅਸਰ ਰਹੀ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਉਸ ਨੂੰ ਕਾਂਗਰਸ ਦੀ ਜਨਰਲ ਸਕੱਤਰ ਤੇ ਪੂਰਬੀ ਉੱਤਰ ਪ੍ਰਦੇਸ਼ ਦੀ ਇੰਚਾਰਜ ਬਣਾਇਆ ਗਿਆ ਅਤੇ ਉਨ੍ਹਾਂ ਨੂੰ ਰਾਜਨੀਤਕ ਰੂਪ ਨਾਲ ਸਭ ਤੋਂ ਮਹੱਤਵ ਪੂਰਨ ਸੂਬੇ ਵਿਚ ਕਾਂਗਰਸ ਵਿੱਚ ਜਾਨ ਪਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਪ੍ਰਿਅੰਕਾ ਨੇ ਉੱਤਰ ਪ੍ਰਦੇਸ਼ ਵਿਚ ਕਈ ਜਨਤਕ ਮੀਟਿੰਗਾਂ ਤੇ ਰੋਡ ਸ਼ੋਅ ਕੀਤੇ। ਉਨ੍ਹਾਂ ਨੇ ਇਸ ਸੂਬੇ ਤੋਂ ਬਾਹਰ ਵੀ ਪਾਰਟੀ ਲਈ ਜ਼ੋਰ ਲਾਇਆ, ਪਰ ਲੱਗਦਾ ਹੈ ਕਿ ਲੋਕਾਂ ਉਤੇ ਉਨ੍ਹਾਂ ਦਾ ਜਾਦੂ ਨਹੀਂ ਚੱਲਿਆ, ਜਿਸ ਦੀ ਉਮੀਦ ਰਾਹੁਲ ਗਾਂਧੀ ਨੇ ਕੀਤੀ ਸੀ।

ਚੋਣਾਂ ਦੌਰਾਨ ਪ੍ਰਿਅੰਕਾ ਦੇ ਵਾਰਾਣਸੀ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਚੋਣਾਂ ਲੜਨ ਦੇ ਅੰਦਾਜ਼ੇ ਲਾਏ ਜਾ ਰਹੇ ਸਨ, ਪਰ ਬਾਅਦ ਵਿਚ ਕਾਂ-ਗਰਸ ਨੇ ਅਜੇ ਰਾਏ ਨੂੰ ਟਿਕਟ ਦੇ ਕੇ ਇਨ੍ਹਾਂ ਅਟਕਲਾਂ ਉੱਤੇ ਰੋਕ ਲਾ ਦਿੱਤੀ ਸੀ। ਉੱਤਰ ਪ੍ਰਦੇਸ਼ ਵਿਚ ਚੋਣ ਪ੍ਰਚਾਰ ਵਿੱਚ ਪ੍ਰਿਅੰਕਾ ਨੇ ਕਈ ਮੌਕਿਆਂ ਉਤੇ ਪ੍ਰਧਾਨ ਮੰਤਰੀ ਨੂੰ ਸਿੱਧੇ ਨਿਸ਼ਾਨੇ ਉੱਤੇ ਲਿਆ, ਪਰ ਉਹ ਅਖਿਲੇਸ਼ ਯਾਦਵ ਅਤੇ ਮਾਇਆਵਤੀ ਉਤੇ ਸਿੱਧੀ ਟਿੱਪਣੀ ਤੋਂ ਬਚਦੀ ਰਹੀ। ਲੰਮੇ ਸਮਾਂ ਸਿਆਸੀ ਗਲਿਆਰਿਆਂ ਇਸ ਦੀ ਚਰਚਾ ਹੁੰਦੀ ਰਹੀ ਸੀ ਕਿ ਪ੍ਰਿਅੰਕਾ ਸਰਗਰਮ ਸਿਆਸਤ ਵਿਚ ਕਦੋਂ ਆ ਕੇ ਭੂਮਿਕਾ ਨਿਭਾਵੇਗੀ। ਉਨ੍ਹਾਂ ਦਾ ਘੇਰਾ ਵਿਸ਼ੇਸ਼ ਤੌਰ ਉੱਤੇ ਮਾਂ ਸੋਨਿਆ ਗਾਂਧੀ ਤੇ ਭਰਾ ਰਾਹੁਲ ਗਾਂਧੀ ਦੇ ਚੋਣ ਖੇਤਰ ਰਾਏਬਰੇਲੀ ਤੇ ਅਮੇਠੀ ਤੱਕ ਸੀਮਤ ਰਿਹਾ ਸੀ।

12 ਜਨਵਰੀ 1972 ਨੂੰ ਪੈਦਾ ਹੋਈ ਪ੍ਰਿਅੰਕਾ ਗਾਂਧੀ ਨੇ ਦਿੱਲੀ ਯੂਨੀਵਰਸਿਟੀ ਤੋਂ ਬੈਚਲਰ ਦੀ ਡਿਗਰੀ ਹਾਸਲ ਕੀਤੀ ਤੇ ਆਪਣੇ ਸਿਆਸੀ ਸਫਰ ਦੀ ਸ਼ੁਰੂਆਤ 1998 ਵਿਚ ਮਾਂ ਸੋਨੀਆ ਗਾਂਧੀ ਦੇ ਕਾਂਗਰਸ ਪ੍ਰਧਾਨ ਬਣਨ ਤੋਂ ਬਾਅਦ ਕੀਤੀ ਸੀ। 1999 ਦੀਆਂ ਆਮ ਚੋਣਾਂ ਵਿਚ ਸੋਨੀਆ ਗਾਂਧੀ ਉੱਤਰ ਪ੍ਰਦੇਸ਼ ਦੇ ਅਮੇਠੀ ਤੇ ਕਰਨਾਟਕ ਦੇ ਬੇਲਾਰੀ ਤੋਂ ਲੋਕ ਸਭਾ ਚੋਣਾਂ ਲੜੀ ਤਾਂ ਇਸ ਦੌਰਾਨ ਪ੍ਰਿਅੰਕਾ ਨੇ ਅਮੇਠੀ ਦੇ ਪ੍ਰਚਾਰ ਦੀ ਕਮਾਨ ਸੰਭਾਲੀ ਸੀ।

# ਗੁਰੇਜ਼ ਵਿੱਚ ਪਾਕਿਸਤਾਨ ਵੱਲੋਂ ਘੁਸਪੈਠ ਦੀ ਕੋਸ਼ਿਸ਼ ਨਾਕਾਮ

ਸ੍ਰੀਨਗਰ, 23 ਮਈ (ਪੋਸਟ ਬਿਊਰੋ)- ਭਾਰਤੀ ਫੌਜ ਦੇ ਜਵਾਨਾਂ ਨੇ ਕੱਲ੍ਹ ਗੁਰੇਜ (ਬਾਂਦੀਪੋਰਾ) ਸੈਕਟਰ 'ਚ ਘੁਸਪੈਠ ਦਾ ਯਤਨ ਨਾਕਾਮ ਕਰ ਕੇ ਅੱਤਵਾਦੀਆਂ ਦਾ ਭਾਰੀ ਮਾਤਰਾ ਵਿੱਚ ਹਥਿਆਰ ਅਤੇ ਗੋਲਾ ਬਾਰੂਦ ਫੜਿਆ ਹੈ। ਇਸ ਦੌਰਾਨ ਹੋਏ ਮੁਕਾਬਲੇ ਵਿੱਚ ਦੋ ਅੱਤਵਾਦੀਆਂ ਦੇ ਮਾਰੇ ਜਾਣ ਦੀ ਖਬਰ ਵੀ ਹੈ। ਇਸ ਦੌਰਾਨ ਦੱਖਣੀ ਕਸ਼ਮੀਰ ਦੇ ਪਾਂਪੋਰ ਅਤੇ ਸ੍ਰੀਨਗਰ ਦੇ ਮਾਛੂਆ ਤੇ ਉਤਰੀ ਕਸ਼ਮੀਰ ਦੇ ਕਰੀਰੀ ਬਾਰਾਮੱਲਾ 'ਚ ਅੱਤਵਾਦੀਆਂ ਦੀ ਫੜੋਫੜੀ ਜਾਰੀ ਹੈ।



ਮਿਲੀ ਜਾਣਕਾਰੀ ਅਨੁਸਾਰ ਗੁਰੇਜ ਸੈਕਟਰ ਵਿੱਚ ਕੰਟਰੋਲ ਰੇਖਾ (ਐਲ ਓ ਸੀ) ਦੇ ਨਾਲ ਲੱਗਦੇ ਨੌਸ਼ਹਿਰਾ ਨਾੜ, ਕੰਜਲਵਾਨ ਇਲਾਕੇ ਵਿੱਚ ਗਸ਼ਤ ਕਰ ਰਹੇ 36-ਆਰ ਆਰ ਦੇ ਜਵਾਨਾਂ ਨੇ ਚਾਰ-ਪੰਜ ਅੱਤਵਾਦੀਆਂ ਨੂੰ ਐਲ ਓ ਸੀ ਪਾਰ ਕਰ ਕੇ ਭਾਰਤੀ ਸਰਹੱਦ ਵਿੱਚ ਦਾਖਲ ਹੋਣ ਦਾ ਯਤਨ ਕਰਦਿਆਂ ਵੇਖਿਆ ਸੀ। ਜਵਾਨਾਂ ਨੇ ਆਸਪਾਸ ਚੌਕੀਆਂ ਨੂੰ ਸੁਚੇਤ ਕਰ ਕੇ ਘੁਸਪੈਠੀਆਂ ਨੂੰ ਲਲਕਾਰਿਆ ਤਾਂ ਉਨ੍ਹਾਂ ਨੇ ਭੱਜਣ ਦਾ ਯਤਨ ਕੀਤਾ ਅਤੇ ਜਵਾਨਾਂ 'ਤੇ ਗੋਲੀ ਚਲਾਈ। ਜਵਾਨਾਂ ਨੇ ਜਵਾਬੀ ਫਾਇਰ ਕੀਤਾ ਤਾਂ 25 ਮਿੰਟ ਤੱਕ ਦੋਵੇਂ ਪਾਸਿਓਂ ਗੋਲੀਆਂ ਚੱਲੀਆਂ। ਸ਼ਾਮ ਚਾਰ ਵਜੇ ਹੋਏ ਮੁਕਾਬਲੇ ਤੋਂ ਬਾਅਦ ਜਦੋਂ ਜਵਾਨਾਂ ਨੇ ਤਲਾਸ਼ੀ ਲਈ ਤਾਂ ਉਨ੍ਹਾਂ ਨੂੰ ਮੁਕਾਬਲੇ ਵਾਲੀ ਥਾਂ ਦੋ ਅਸਾਲਟ ਰਾਈਫਲਾਂ, ਨੌਂ ਮੈਗਜ਼ੀਨ, 187 ਕਾਰਤੂਸ, ਇਕ ਚੀਨ ਦਾ ਬਣਿਆ ਪਿਸਤੌਲ, ਦੋ ਮੈਗਜ਼ੀਨ ਅਤੇ ਪਿੱਠੂ ਬੈਗ ਵੀ ਮਿ-ਲਿਆ। ਮੁਕਾਬਲੇ ਵਾਲੀ ਥਾਂ 'ਤੇ ਖ਼ੂਨ ਦੇ ਧੱਬੇ ਵੀ ਮਿਲੇ ਜੋ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਵੱਲ ਜਾ ਰਹੇ ਸਨ।

ਜਾਣਕਾਰ ਸੂਤਰਾਂ ਨੇ ਇਨ੍ਹਾਂ ਧੱਬਿਆਂ ਦੇ ਆਧਾਰ 'ਤੇ ਦਾਅਵਾ ਕੀਤਾ ਹੈ ਕਿ ਘੁਸਪੈਠੀਏ ਭੱਜ ਗਏ ਹਨ ਅਤੇ ਉਨ੍ਹਾਂ ਵਿੱਚੋਂ ਦੋ ਜਣੇ ਮਾਰੇ ਗਏ ਹਨ, ਪਰ ਉਨ੍ਹਾਂ ਦੇ ਸਾਥੀ ਉਨ੍ਹਾਂ ਦੀਆਂ ਲਾਸ਼ਾਂ ਆਪਣੇ ਨਾਲ ਲੈ ਜਾਣ ਵਿੱਚ ਕਾਮਯਾਬ ਰਹੇ ਹਨ।

## ਨਵੇਂ ਪਾਰਲੀਮੈਂਟ ਮੈਂਬਰ ਪੰਜ ਤਾਰਾ ਹੋਟਲਾਂ ਵਿੱਚ ਨਹੀਂ ਠਹਿਰਨਗੇ



ਨਵੀਂ ਦਿੱਲੀ, 23 ਮਈ (ਪੋਸਟ ਬਿਊਰੋ)- ਇਸ ਵਾਰੀ ਲੋਕ ਸਭਾ ਵਿੱਚ ਜਿੱਤ ਕੇ ਆ ਰਹੇ ਨਵੇਂ ਪਾਰਲੀਮੈਂਟ ਮੈਂਬਰਾਂ ਨੂੰ ਪੰਜ ਤਾਰਾ ਹੋਟਲਾਂ ਵਿੱਚ ਨਹੀਂ ਠਹਿਰਾਇਆ ਜਾਵੇਗਾ। ਉਨ੍ਹਾਂ ਨੂੰ ਠਹਿਰਾਉਣ ਲਈ ਵੈਸਟਰਨ ਕੋਰਟ ਅਤੇ ਦਿੱਲੀ ਵਿੱਚ ਮੌਜੂਦ ਵੱਖ-ਵੱਖ ਰਾਜਾਂ ਦੇ ਭਵਨ ਵਿੱਚ ਪ੍ਰਬੰਧ ਕੀਤਾ ਗਿਆ ਹੈ।

ਲੋਕ ਸਭਾ ਜਨਰਲ ਸਕੱਤਰ ਸਨੇਹਲਤਾ ਸ੍ਰੀਵਾਸਤਵ ਨੇ ਕਿਹਾ ਕਿ ਇਨ੍ਹਾਂ ਥਾਵਾਂ 'ਤੇ ਲਗਭਗ 300 ਕਮਰੇ ਰਾਖਵੇਂ ਕੀਤੇ ਗਏ ਹਨ। ਇਸ ਨਵੀਂ ਕੋਸ਼ਿਸ਼ ਨੂੰ ਪਾਰਲੀਮੈਂਟ ਮੈਂਬਰਾਂ ਨੂੰ ਪੰਜ ਤਾਰਾ ਹੋਟਲਾਂ ਵਿੱਚ ਠਹਿਰਾਉਣ ਉਤੇ ਹੁੰਦੇ ਖਰਚੇ ਵਿੱਚ ਕਟੌਤੀ ਵਜੋਂ ਵੇਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਦੇ ਨਵੇਂ ਚੁਣੇ ਮੈਂਬਰਾਂ ਨੂੰ ਆਰਜ਼ੀ ਤੌਰ 'ਤੇ ਹੋਟਲਾਂ ਵਿੱਚ ਠਹਿਰਾਉਣ ਦੀ ਪੁਰਾਣੀ ਪ੍ਰਥਾ ਖਤਮ ਕਰ ਦਿੱਤੀ ਗਏ ਹੈ। ਹਾਲੇ ਸਿਰਫ 250 ਪਾਰਲੀਮੈਂਟ ਮੈਂਬਰਾਂ ਨੂੰ ਠਹਿਰਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਜਦ ਤੱਕ ਉਨ੍ਹਾਂ ਨੂੰ ਪੱਕੀ ਰਿਹਾਇਸ਼ ਨਹੀਂ ਮਿਲ ਜਾਂਦੀ, ਓਦੋਂ ਤੱਕ ਉਨ੍ਹਾਂ ਲਈ ਆਰਜ਼ੀ ਤੌਰ 'ਤੇ ਠਹਿਰਨ ਦਾ ਪ੍ਰਬੰਧ ਕੀਤਾ ਗਿਆ ਹੈ। ਮੌਜੂਦਾ ਪ੍ਰਬੰਧਾਂ ਹੇਠ ਜੇਤੂ ਸਾਰੇ ਪਾਰਲੀਮੈਂਟ ਮੈਂਬਰਾਂ ਦੇ ਠਹਿਰਨ ਦਾ ਪ੍ਰਬੰਧ ਪਾਰਲੀਮੈਂਟ ਵੱਲੋਂ ਕੀਤਾ ਜਾਂਦਾ ਹੈ ਅਤੇ ਇਸ ਦਾ ਖਰਚਾ ਡਾਇਰੈਕਟੋਰੇਟ ਆਫ ਐਸੈਟਸ ਕਰਦਾ ਹੈ। ਪਾਰਲੀਮੈਂਟ ਮੈਂਬਰਾਂ ਦੀ ਸਹੂਲਤ ਬਾਰੇ ਸੋਚ ਕੇ ਪਹਿਲੀ ਵਾਰ ਰਿਟਰਨਿੰਗ ਅਫਸਰ ਨੂੰ ਅਗਾਊਂ ਫਾਰਮ ਭੇਜੇ ਹਨ ਤਾਂ ਕਿ ਉਨ੍ਹਾਂ ਬਾਰੇ ਮੁੱਢਲੀ ਜਾਣਕਾਰੀ ਮਿਲ ਸਕੇ। ਲੋਕ ਸਭਾ ਸਕੱਤਰੇਤ ਨੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡਾ ਤੇ ਨਵੀਂ ਦਿੱਲੀ ਰੇਲਵੇ ਸਟੇਸ਼ਨ, ਪੁਰਾਣੀ ਦਿੱਲੀ ਰੇਲਵੇ ਸਟੇਸ਼ਨ, ਹਜ਼ਰਤ ਨਿਜ਼ਾਮੂਦੀਨ ਰੇਲਵੇ ਸਟੇਸ਼ਨ, ਆਨੰਦ ਵਿਹਾਰ ਰੇਲਵੇ ਸਟੇਸ਼ਨ ਉਤੇ ਗਾਈਡ ਪੋਸਟ ਬਣਾਏ ਅਤੇ ਪਾਰਲੀਮੈਂਟ ਭਵਨ ਵਿੱਚ ਨਵੇਂ ਪਾਰਲੀਮੈਂਟ ਮੈਂਬਰਾਂ ਲਈ ਸਹੂਲਤ ਕੇਂਦਰ ਸਥਾਪਤ ਕੀਤੇ ਗਏ ਹਨ।

# ਨਰਸਾਂ ਨੇ ਗਰਭਵਤੀ ਔਰਤ ਨੂੰ ਧੱਕਾ ਦੇ ਕੇ ਬਾਹਰ ਕੱਢ ਦਿੱਤਾ

*** ਖੁੱਲ੍ਹੇ ਅਸਮਾਨ ਹੇਠ ਡਿਲੀਵਰੀ ਪਿੱਛੋਂ ਨਵਜੰਮੇ ਬੱਚੇ ਦੀ ਮੌਤ**

ਯਮੁਨਾਨਗਰ, 23 ਮਈ (ਪੋਸਟ ਬਿਊਰੋ)- ਹਰਿਆਣਾ ਦੇ ਯਮੁਨਾਨਗਰ ਵਿੱਚ ਰਾਦੌਰ ਦੇ ਸਰਕਾਰੀ ਹਸਪਤਾਲ ਵਿੱਚ ਡਿਲੀਵਰੀ ਤੋਂ ਬਾਅਦ ਨਵਜੰਮੇ ਬੱਚੇ ਦੀ ਮੌਤ ਹੋ ਗਈ। ਦੋਸ਼ ਹੈ ਕਿ ਨਰਸਾਂ ਨੇ ਡਿਲੀਵਰੀ ਲਈ ਆਈ ਗਰਭਵਤੀ ਨੂੰ ਧੱਕੇ ਦੇ ਕੇ ਕੱਢ ਦਿੱਤਾ ਤਾਂ ਔਰਤ ਦੀ ਖੁੱਲ੍ਹੇ ਅਸਮਾਨ ਹੇਠਾਂ ਗੇਟ 'ਤੇ ਹੀ ਡਿਲੀਵਰੀ ਕਰਾਈ ਗਈ ਸੀ। ਇਸ ਦੇ ਬਾਅਦ ਬੱਚੇ ਦੀ ਮੌਤ ਉੱਤੇ ਪਰਵਾਰਕ ਮੈਂਬਰਾਂ ਅਤੇ ਹੋਰ ਲੋਕਾਂ ਨੇ ਹੰਗਾਮਾ ਵੀ ਕੀਤਾ, ਪਰ ਪੁਲਸ ਨੇ ਪੀੜਤ ਪਰਵਾਰ ਨੂੰ ਚੁੱਪ ਕਰਵਾ ਦਿੱਤਾ। ਸ਼ਿਕਾਇਤ ਦੇ ਬਾਵਜੂਦ ਪੁਲਸ ਨੇ ਕੋਈ ਕੇਸ ਦਰਜ ਨਹੀਂ ਕੀਤਾ।

ਛੋਟਾਬਾਂਸ ਦੀ ਡੇਹਾ ਬਸਤੀ ਵਿੱਚ ਰਹਿਣ ਵਾਲੀ ਪੰਜਾਬ ਕੌਰ ਕੱਲ੍ਹ ਆਪਣੇ ਬੇਟੇ ਪਵਨ ਕੁਮਾਰ ਦੀ ਗਰਭਵਤੀ ਪਤਨੀ ਸਲਜਨਾ ਨੂੰ ਹਸਪਤਾਲ ਲੈ ਕੇ ਗਈ ਸੀ। ਓਥੇ ਉਸ ਨੇ ਨਰਸਾਂ ਨੂੰ ਨੂੰਹ ਦੇ ਪੇਟ ਵਿੱਚ ਦਰਦ ਹੋਣ ਦੀ ਸ਼ਿਕਾਇਤ ਕੀਤੀ। ਦੋਸ਼ ਹੈ ਕਿ ਨਰਸਾਂ ਨੇ ਇਕੱਠੇ ਹੋ ਕੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਨੂੰਹ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ। ਪੇਟ ਦੀ ਦਰਦ ਨਾਲ ਚੀਕਦੀ ਉਨ੍ਹਾਂ ਦੀ ਨੂੰਹ ਜਦੋਂ ਹਸਪਤਾਲ ਦੇ ਗੇਟ 'ਤੇ ਪਹੁੰਚੀ ਤਾਂ ਡਿਲੀਵਰੀ ਦਰਦ ਹੋਣ ਲੱਗੀ ਤੇ ਉਥੇ ਡਿੱਗ ਪਈ। ਇਸ ਦੇ ਬਾਵਜੂਦ ਹਸਪਤਾਲ ਤੋਂ ਕੋਈ ਸਟਾਫ ਨਹੀਂ ਆਇਆ। ਆਸਪਾਸ ਦੀਆਂ ਔਰਤਾਂ ਨੇ ਚੁੰਨੀ ਨਾਲ ਚਾਰੇ ਪਾਸੇ ਘੇਰਾ ਬਣਾਇਆ ਤਾਂ ਸਲਜਨਾ ਨੇ ਬੱਚੇ ਨੂੰ ਜਨਮ ਦਿੱਤਾ, ਪਰ ਥੋੜ੍ਹੀ ਦੇਰ ਬਾਅਦ ਬੱਚੇ ਦੀ ਮੌਤ ਹੋ ਗਈ।

## ਕਮਲਨਾਥ ਨੇ ਕਰਜ਼ਾ ਮੁਆਫੀ ਬਾਰੇ ਸ਼ਿਵਰਾਜ ਚੌਹਾਨ ਵੱਲ ਪੱਤਰ ਲਿਖਿਆ


ਭੋਪਾਲ, 23 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲਨਾਥ ਨੇ ਕਰਜ਼ਾ ਮੁਆਫੀ ਦੇ ਮੁੱਦੇ 'ਤੇ ਸਾਬਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਚੋਣ ਜ਼ਾਬਤਾ ਖਤਮ ਹੁੰਦੇ ਹੀ ਸੂਬਾ ਸਰਕਾਰ ਬਾਕੀ ਕਿਸਾਨਾਂ ਦੇ ਕਰਜ਼ੇ ਮੁਆਫ ਕਰੇਗੀ। ਕਮਲਨਾਥ ਨੇ ਇਸ ਦੇ ਨਾਲ ਚੌਹਾਨ ਤੋਂ ਪੁੱਛਿਆ ਕਿ ਕੀ ਉਹ ਲੋਕ ਸਭਾ ਚੋਣਾਂ ਖਤਮ ਹੋਣ ਦੇ ਬਾਅਦ ਉਨ੍ਹਾਂ ਤੋਂ ਆਸ ਕਰ ਸਕਦੇ ਹਨ ਕਿ ਉਹ ਕਰਜ਼ਾ ਮੁਆਫੀ ਦੀ ਸੱਚਾਈ ਸਵੀਕਾਰ ਕਰਨਗੇ।

ਕਮਲਨਾਥ ਵੱਲੋਂ ਲਿਖੇ ਇਸ ਪੱਤਰ ਵਿੱਚ ਉਨ੍ਹਾਂ ਨੇ ਚੌਹਾਨ ਨੂੰ ਸੰਬੋਧਨ ਕਰ ਕੇ ਕਿਹਾ ਕਿ ਮੁੱਖ ਮੰਤਰੀ ਦਾ ਅਹੁਦਾ ਸੰਭਾਲਦੇ ਸਾਰ ਉਨ੍ਹਾਂ ਨੇ 17 ਦਸੰਬਰ ਨੂੰ ਕਰਜ਼ਾ ਮੁਆਫੀ ਦੇ ਹੁਕਮ ਜਾਰੀ ਕਰ ਕੇ ਪ੍ਰਕਿਰਿਆ ਸ਼ੁਰੂ ਕੀਤੀ ਸੀ ਅਤੇ 22 ਫਰਵਰੀ ਤੋਂ ਕਰਜ਼ਾ ਮੁਆਫੀ ਦੇ ਸਰਟੀਫਿਕੇਟ ਵੰਡਣਾ ਸ਼ੁਰੂ ਕਰ ਕੇ 10 ਮਾਰਚ ਨੂੰ ਚੋਣ ਜ਼ਾਬਤਾ ਲੱਗਣ ਤੱਕ ਕਰੀਬ 21 ਲੱਖ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਸੀ। ਚੋਣ ਜ਼ਾਬਤਾ ਖਤਮ ਹੁੰਦੇ ਸਾਰ ਕਰਜ਼ਾ ਮੁਆਫੀ ਦੀ ਪ੍ਰਕਿਰਿਆ ਫਿਰ ਸ਼ੁਰੂ ਕਰ ਕੇ ਕਾਂਗਰਸ ਆਪਣੇ ਵਚਨ ਪੱਤਰ ਵਿੱਚ ਦਿੱਤੇ ਵਚਨ ਨੂੰ ਪੂਰਾ ਕਰੇਗੀ। ਉਨ੍ਹਾਂ ਦੋਸ਼ ਲਾਇਆ ਕਿ ਚੌਹਾਨ ਨੇ ਚੋਣਾਂ ਨੂੰ ਦੇਖਦੇ ਹੋਏ ਕਰਜ਼ਾ ਮੁਆਫੀ ਬਾਰੇ ਕਿਸਾਨਾਂ ਨੂੰ ਗੁੰਮਰਾਹ ਕਰਦਾ ਪ੍ਰਚਾਰ ਕੀਤਾ।

# ਜਾਇਦਾਦ ਦੇ ਲਈ ਪਿਤਾ ਦੀ ਲਾਸ਼ ਦੇ 50 ਟੁਕੜੇ ਕਰ ਸੁੱਟੇ

ਨਵੀਂ ਦਿੱਲੀ, 23 ਮਈ (ਪੋਸਟ ਬਿਊਰੋ)- ਦਿੱਲੀ ਵਿੱਚ ਸ਼ਾਹਦਰਾ ਜ਼ਿਲ੍ਹਾ ਪੁਲਸ ਕਮਿਸ਼ਨਰ ਦਫਤਰ ਤੋਂ ਕੁਝ ਕਦਮਾਂ ਦੀ ਦੂਰੀ 'ਤੇ ਇੱਕ ਘਰ ਵਿੱਚ ਬੇਟੇ ਨੇ ਪਹਿਲਾਂ ਗਲਾ ਘੁੱਟ ਕੇ ਆਪਣੇ ਅਪਾਹਜ ਪਿਤਾ ਦੀ ਹੱਤਿਆ ਕੀਤੀ। ਇਸ ਦੇ ਬਾਅਦ ਚਾਪੜ (ਵੱਡੇ ਛੁਰੇ) ਨਾਲ ਪਿਤਾ ਦੀ ਲਾਸ਼ ਦੇ ਛੋਟੇ-ਛੋਟੇ 50 ਟੁਕੜੇ ਕਰ ਦਿੱਤੇ। ਵਾਰਦਾਤ ਦੇ ਸਮੇਂ ਬੇਟੇ ਦਾ ਦੋਸਤ ਵੀ ਮੌਜੂਦ ਸੀ। ਲਾਸ਼ ਦੇ ਟੁਕੜਿਆਂ ਨੂੰ ਟਿਕਾਣੇ ਲਗਾਉਣ ਦੇ ਲਈ ਬੇਟੇ ਨੇ ਉਸ ਨੂੰ ਐਲੂਮੀਨੀਅਮ ਫਾਈਲ ਲਪੇਟਿਆ, ਫਿਰ ਉਨ੍ਹਾਂ ਨੂੰ ਚਾਰ ਬੈਗਾਂ ਵਿੱਚ ਭਰ ਦਿੱਤਾ। ਘਟਨਾ ਦੇ ਅਗਲੇ ਦਿਨ ਬੇਟਾ ਆਪਣੇ ਦੋਸਤ ਨਾਲ ਲਾਸ਼ ਦੇ ਟੁਕੜਿਆਂ ਨੂੰ ਟਿਕਾਣੇ ਲਗਾਉਣ ਜਾ ਰਿਹਾ ਸੀ ਤਾਂ ਰਿਸ਼ਤੇਦਾਰਾਂ ਨੇ ਉਨ੍ਹਾਂ ਨੂੰ ਫੜ ਲਿਆ ਅਤੇ ਪੁਲਸ ਹਵਾਲੇ ਕਰ ਦਿੱਤਾ। ਦੋਸ਼ੀ ਬੇਟੇ ਦੀ ਪਛਾਣ ਅਮਨ ਅਗਰਵਾਲ (22) ਅਤੇ ਉਸ ਦੇ ਦੋਸਤ ਆਯੂਸ਼ (23) ਦੇ ਰੂਪ ਵਿੱਚ ਹੋਈ ਹੈ। ਪੁਲਸ ਨੇ ਟੁਕੜਿਆਂ ਨੂੰ ਕਬਜ਼ੇ ਵਿੱਚ ਲੈ ਕੇ ਜਾਂਚ ਦੇ ਲਈ ਫੋਰੈਂਸਿਕ ਲੈਬ ਵਿੱਚ ਭੇਜ ਦਿੱਤਾ ਹੈ।

ਪੁਲਸ ਨੂੰ ਪਤਾ ਲੱਗਾ ਹੈ ਕਿ ਮ੍ਰਿਤਕ ਸੰਦੇਸ਼ ਅਗਰਵਾਲ (50) ਦਾ ਪਿਛਲੇ ਕੁਝ ਸਾਲਾਂ ਤੋਂ ਆਪਣੀ ਪਤਨੀ ਅਤੇ ਬੱਚਿਆਂ ਨਾਲ ਜਾਇਦਾਦ ਦਾ ਝਗੜਾ ਚੱਲ ਰਿਹਾ ਸੀ। ਇਸ ਕਾਰਨ ਬੇਟੇ ਨੇ ਕਤਲ ਕੀਤਾ। ਉਸ ਦਿਨ ਉਸ ਦੀ ਪਤਨੀ, ਛੋਟਾ ਬੇਟਾ ਅਤੇ ਬੇਟੀ ਮਨਾਲੀ ਘੁੰਮਣ ਗਏ ਸਨ। ਪੁਲਸ ਅਨੁਸਾਰ ਸੰਦੇਸ਼ ਅਗਰਵਾਲ ਪਰਵਾਰ ਦੇ ਨਾਲ ਸ਼ਾਹਦਰਾ ਵਿੱਚ ਰਹਿੰਦੇ ਸਨ। ਪਰਵਾਰ ਵਿੱਚ ਪਤਨੀ ਕੰਚਨ ਅਗਰਵਾਲ, ਬੇਟੀ ਸਾਕਸ਼ੀ (25), ਅਮਨ ਅਗਰਵਾਲ (22) ਤੇ ਛੋਟਾ ਬੇਟਾ ਆਯੁਸ਼ ਅਗਰਵਾਲ (17) ਹਨ। ਦੋਸ਼ੀ ਅਮਨ ਮੇਰਠ ਦੇ ਇੱਕ ਕਾਲਜ ਤੋਂ ਐੱਲ ਐੱਲ ਬੀ ਫਾਈਨਲ ਈਅਰ ਦੀ ਪੜ੍ਹਾਈ ਕਰ ਰਿਹਾ ਹੈ। ਮਕਾਨ ਦੇ ਗਰਾਊਂਡ ਫਲੋਰ ਉਤੇ ਸੰਦੇਸ਼ ਦੀ ਕਾਸਮੈਟਿਕ ਦੀ ਦੁਕਾਨ ਹੈ। ਉਨ੍ਹਾਂ ਦੀ ਦੁਕਾਨ ਦੇ ਨੇੜੇ ਅਮਨ ਇੱਕ ਫੁਕਰੇ ਨਾਂ ਦਾ ਕੈਫੇ (ਚਾਈਨੀਜ਼ ਤੇ ਇੰਡੀਅਨ ਫੂਡ) ਚਲਾਉਂਦਾ ਹੈ। ਮਕਾਨ ਦੇ ਅਪਰ ਗਰਾਊਂਡ ਫਲੋਰ 'ਤੇ ਕੰਜਨ ਆਪਣਾ ਬਿਊਟੀ ਪਾਰਲਰ ਚਲਾਉਂਦੀ ਹੈ। ਪਤਾ ਲੱਗਾ ਹੈ ਕਿ ਸੰਦੇਸ਼ ਅਗਰਵਾਲ ਨੂੰ ਸ਼ਰਾਬ ਪੀਣ ਦੀ ਆਦਤ ਸੀ। ਇਸ ਦੇ ਇਲਾਵਾ ਉਹ ਪਤਨੀ ਤੇ ਬੱਚਿਆਂ ਦੇ ਚਰਿੱਤਰ 'ਤੇ ਸ਼ੱਕ ਕਰਦੇ ਸਨ। ਪਰਵਾਰ ਵਿੱਚ ਜਾਇਦਾਦ ਦਾ ਵੀ ਝਗੜਾ ਸੀ। ਇਸ ਕਾਰਨ ਸੰਦੇਸ਼ ਘਰ ਵਿੱਚ ਪਰਵਾਰ ਨਾਲ ਹੁੰਦੇ ਹੋਏ ਵੀ ਵੱਖ ਰਹਿੰਦੇ ਸਨ। ਸੋਮਵਾਰ ਨੂੰ ਸੰਦੇਸ਼ ਤੇ ਅਮਨ ਘਰ ਸਨ। ਰਾਤ ਨੂੰ ਅਮਨ ਦਾ ਦੋਸਤ ਰਾਮ ਵਿਹਾਰ ਅਪਾਰਟਮੈਂਟ ਵਿੱਚ ਰਹਿਣ ਵਾਲਾ ਆਯੁਸ਼ ਆਇਆ ਸੀ ਤਾਂ ਕਿਸੇ ਗੱਲ ਤੋਂ ਅਮਨ ਦਾ ਪਿਤਾ ਨਾਲ ਝਗੜਾ ਹੋ ਗਿਆ। ਇਸ ਦੇ ਬਾਅਦ ਅਮਨ ਨੇ ਪਿਤਾ ਦਾ ਗਲਾ ਘੁੱਟ ਦਿੱਤਾ ਤਾਂ ਆਯੁਸ਼ ਫਰਾਰ ਹੋ ਗਿਆ। ਪਿਤਾ ਦੀ ਲਾਸ਼ ਨੂੰ ਟਿਕਾਣੇ ਲਾਉਣ ਲਈ ਅਮਨ ਕੈਫੇ ਤੋਂ ਚਾਕੂ ਲਿਆਇਆ ਤੇ ਸਿਰ ਨੂੰ ਧੜ ਤੋਂ ਵੱਖ ਕਰ ਦਿੱਤਾ। ਦਿਨੇ ਅਮਨ ਨੇ ਆਪਣੀ ਦੁਕਾਨ ਖੋਲ੍ਹੀ। ਉਸੇ ਰਾਤ ਲਾਸ਼ ਨੂੰ ਟਿਕਾਣੇ ਲਗਾਉਣ ਦੀ ਕੋਸ਼ਿਸ਼ ਕੀਤੀ ਗਈ।





NEED A LAWYER ??

KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1


## ਜੰਗੀ ਮਿਸ਼ਨ ਉੱਤੇ ਭਾਰਤੀ ਮਹਿਲਾ ਪਾਇਲਟ ਵੀ ਜਾ ਸਕੇਗੀ

ਨਵੀਂ ਦਿੱਲੀ, 23 ਮਈ (ਪੋਸਟ ਬਿਊਰੋ)- ਫਲਾਈਟ ਲੈਫਟੀਨੈਂਟ ਭਾਵਨਾ ਕਾਂਤ ਕੱਲ੍ਹ ਇਤਿਹਾਸ ਰਚਦੇ ਹੋਏ ਭਾਰਤੀ ਹਵਾਈ ਫੌਜ ਦੀ ਪਹਿਲੀ ਮਹਿਲਾ ਪਾਇਲਟ ਬਣੀ, ਜਿਸ ਨੇ ਲੜਾਕੂ ਜਹਾਜ਼ ਵਿੱਚ ਜੰਗੀ ਮਿਸ਼ਨ ਉਤੇ ਜਾਣ ਦੀ ਯੋਗਤਾ ਪ੍ਰਾਪਤ ਕਰ ਲਈ ਹੈ। ਹਵਾਈ ਫੌਜ ਦੇ ਅਧਿਕਾਰੀਆਂ ਨੇ ਕਿਹਾ ਕਿ ਕਾਂਤ ਨੇ ਦਿਨ ਦੇ ਸਮੇਂ ਮਿਗ-21 ਬਾਈਸਨ ਜਹਾਜ਼ ਨਾਲ ਜੰਗੀ ਮੁਹਿੰਮ ਨਿਭਾਉਣ ਲਈ ਮੁਹਿੰਮ ਦਾ ਸਿਲੇਬਸ ਪੂਰਾ ਕਰ ਲਿਆ ਹੈ।

ਇਸ ਸੰਬੰਧ ਵਿੱਚ ਹਵਾਈ ਫੌਜ ਦੇ ਬੁਲਾਰੇ ਗਰੁੱਪ ਕੈਪਟਨ ਅਨੁਪਮ ਬੈਨਰਜੀ ਨੇ ਕਿਹਾ, 'ਭਾਵਨਾ ਕਾਂਤ ਦਿਨ ਦੇ ਸਮੇਂ ਲੜਾਕੂ ਜਹਾਜ਼ ਨਾਲ ਮੁਹਿੰਮ ਸਰ ਕਰਨ ਦੀ ਮੁਹਾਰਤ ਹਾਸਲ ਕਰਨ ਵਾਲੀ ਪਹਿਲੀ ਮਹਿਲਾ ਲੜਾਕੂ ਪਾਇਲਟ ਬਣ ਗਈ ਹੈ।'



ਇਸ ਸਮੇਂ ਭਾਵਨਾ ਬੀਕਾਨੇਰ ਦੇ ਏਅਰ ਬੇਸ ਉੱਤੇ ਤੈਨਾਤ ਹੈ। ਇੱਕ ਹੋਰ ਅਧਿਕਾਰੀ ਨੇ ਕਿਹਾ ਕਿ ਰਾਤ ਸਮੇਂ ਮੁਹਿੰਮ ਚਲਾਉਣ ਲਈ ਟਰੇ-ਨਿੰਗ ਪੂਰੀ ਕਰਨ ਤੋਂ ਬਾਅਦ ਉਨ੍ਹਾਂ ਨੂੰ ਰਾਤ ਦੀਆਂ ਮੁਹਿੰਮਾਂ ਦੀ ਇਜਾਜ਼ਤ ਦਿੱਤੀ ਜਾਵੇਗੀ। ਭਾਵਨਾ ਨਵੰਬਰ 2017 ਵਿੱਚ ਲੜਾਕੂ ਸਕੁਐਡਰਨ ਵਿੱਚ ਸ਼ਾਮਲ ਹੋਈ ਸੀ ਅਤੇ ਪਿਛਲੇ ਸਾਲ ਮਾਰਚ ਵਿੱਚ ਮਿਗ-22 ਬਾਈਸਨ ਉੱਤੇ ਪਹਿਲੀ ਵਾਰ ਇਕੱਲਿਆਂ ਉਡਾਣ ਭਰੀ ਸੀ।


UPPAL LAW

FREE CONSULTATION !



Avtar Uppal
Manager



Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਭਾਰਤੀ ਮੂਲ ਦਾ ਵਿਗਿਆਨੀ ਅਮਰੀਕੀ ਫੌਜ ਦੇ ਲਈ ਖਾਸ ਰੋਬੋਟ ਬਣਾਏਗਾ

ਵਾਸ਼ਿੰਗਟਨ, 23 ਮਈ (ਪੋਸਟ ਬਿਊਰੋ)- ਭਾਰਤੀ ਮੂਲ ਦੇ ਇੱਕ ਵਿਗਿਆਨੀ ਅਤੇ ਉਸ ਦੀ ਪਤਨੀ ਨੂੰ ਅਮਰੀਕੀ ਫੌਜ ਵਿਭਾਗ ਦੀ ਇੱਕ ਏਜੰਸੀ ਤੋਂ 2 ਕਰੋੜ ਡਾਲਰ ਦਾ ਅਜਿਹਾ ਆਰਡਰ ਮਿਲਿਆ ਹੈ ਜਿਸ ਨਾਲ ਉਹ ਅਜਿਹੀ ਪ੍ਰਣਾਲੀ ਦਾ ਵਿਕਾਸ ਕਰਨਗੇ, ਜਿਸ ਵਿੱਚ ਦਿਮਾਗ ਦੀ ਮਦਦ ਨਾਲ ਕਈ ਮਨੁੱਖ ਰਹਿਤ ਹਵਾਈ ਵਾਹਨਾਂ ਦਾ ਕੰਟਰੋਲ ਕੇਵਲ ਇੱਕ ਜਵਾਨ ਕਰ ਸਕੇਗਾ ਅਤੇ ਇਥੋਂ ਤੱਕ ਕਿ ਬੰਬ ਵਿਰੋਧੀ ਰੋਬੋਟ ਵੀ ਇਸ ਤਰ੍ਹਾਂ ਕੰਮ ਕਰ ਸਕਣਗੇ।



ਅਮਰੀਕਾ ਦੇ ਖੋਜ ਤੇ ਵਿਕਾਸ ਸੰਗਠਨ ਬੇਟਲੇ ਵਿੱਚ ਤੈਨਾਤ ਇੱਕ ਸੀਨੀਅਰ ਖੋਜ ਵਿਗਿਆਨੀ ਗੌਰਵ ਸ਼ਰਮਾ ਦੀ ਅਗਵਾਈ ਵਿੱਚ ਇਹ ਦਲ, ਉਨ੍ਹਾਂ ਛੇ ਦਲਾਂ ਵਿੱਚੋਂ ਇੱਕ ਹੈ, ਜੋ ਦਿਮਾਗ ਅਤੇ ਮਸ਼ੀਨ ਦੇ ਰਿਸ਼ਤੇ ਨੂੰ ਵਿਕਸਿਤ ਕਰਨਗੇ। ਇਹ ਜਾਣਕਾਰੀ ਡਿਫੈਂਸ ਐਡਵਾਂਸਡ ਰਿਸਰਚ ਪ੍ਰੋਜੈਕਟ ਏਜੰਸੀ ਨੇ ਦਿੱਤੀ ਹੈ। ਸ਼ਰਮਾ (40) ਨੂੰ ਕਿਹਾ ਗਿਆ ਹੈ ਕਿ ਉਹ ਅਜਿਹੀ ਪ੍ਰਣਾਲੀ ਵਿਕਸਤ ਕਰਨ, ਜਿਸ ਵਿੱਚ ਫੌਜੀਆਂ ਨੂੰ ਇੱਕ ਅਜਿਹਾ ਹੈਲਮਟ ਪਹਿਨਣ ਦੀ ਸਹੂਲਤ ਮਿਲ ਸਕੇ ਜਿਸ ਦੀ ਮਦਦ ਨਾਲ ਉਹ ਕਈ ਮਨੁੱਖ ਰਹਿਤ ਹਵਾਈ ਵਾਹਨਾਂ ਦਾ ਕੰਟਰੋਲ ਆਪਣੇ ਦਿਮਾਗ ਦੇ ਨਾਲ ਕਰਨ ਦੇ ਸਮਰੱਥ ਹੋ ਸਕਣ ਤੇ ਇਥੋਂ ਤੱਕ ਕਿ ਬੰਬ ਵਿਰੋਧੀ ਰੋਬੋਟ ਦਾ ਆਪਣੇ ਦਿਮਾਗ ਨਾਲ ਕੰਟਰੋਲ ਕਰ ਸਕਣ। ਬੇਟਲੇ ਦੀ ਅਗਲੀ ਪੀੜ੍ਹੀ ਦੀ ਨਾਨ ਸਰਜੀਕਲ ਨਿਊਰੋਕਨੋਲਾਜੀ (ਐੱਨ 3) ਪ੍ਰੋਗਰਾਮ ਮਿਨੀਮਲ ਇਨਵੇਸਿਵ ਨਿਊਰਲ ਇੰਟਰਫੇਸ ਪ੍ਰਣਾਲੀ ਨੂੰ ਬ੍ਰੇਨਸਟਾਰਮ (ਬ੍ਰੇਨ ਸਿਸਟਮ ਟੂ ਟ੍ਰਾਂਸਮਿਟ ਔਰ ਰਿਸੀਵ ਮੈਗਨੇਟੋਈਲੈਕਟ੍ਰਿਕਲ ਸਿਗਨਲ) ਨਾਂਅ ਦਿੱਤਾ ਗਿਆ ਹੈ। ਕਰੀਬ ਦੋ ਕਰੋੜ ਡਾਲਰ ਦੀ ਇਸ ਯੋਜਨਾ ਦੇ ਲਈ ਚਾਰ ਸਾਲ ਦਾ ਸਮਾਂ ਦਿੱਤਾ ਗਿਆ ਹੈ।

# ਪ੍ਰੇਮ ਵਿਆਹ ਕਰਾਉਣ ਉਤੇ ਮਾਪਿਆਂ ਵੱਲੋਂ ਲੜਕੀ ਦੀ ਹੱਤਿਆ

ਲਾਹੌਰ, 23 ਮਈ (ਪੋਸਟ ਬਿਊਰੋ)- ਪਾਕਿਸਤਾਨ 'ਚ ਇੱਕ ਮਾਂ-ਪਿਓ ਨਾ ਇਸਲਾਮ ਦੀ ਕਾਰੋ-ਕਾਰੀ ਰਿਵਾਇਤ ਹੇਠ ਆਪਣੀ ਬੇਟੀ ਦੀ ਇਸ ਲਈ ਹੱਤਿਆ ਕਰ ਦਿੱਤੀ ਕਿ ਉਸ ਨੇ ਆਪਣੀ ਮਰਜ਼ੀ ਦੇ ਕਿਸੇ ਲੜਕੇ ਨਾਲ ਵਿਆਹ ਕਰਾਇਆ ਸੀ। ਮ੍ਰਿਤਕਾ ਦੇ ਪਤੀ ਦੀ ਸ਼ਿਕਾਇਤ ਉੱਤੇ ਪੁਲਸ ਨੇ ਉਨ੍ਹਾਂ ਨੂੰ ਫੜਿਆ ਤਾਂ ਬੇਟੀ ਨੂੰ ਮਾਰ ਚੁੱਕੇ ਮਾਂ-ਪਿਓ ਨੇ ਦੂਸਰੀ ਵਿਆਹੁਤਾ ਬੇਟੀ ਨੂੰ ਮ੍ਰਿਤਕ ਦੇ ਸਥਾਨ 'ਤੇ ਖੜ੍ਹਾ ਕਰ ਕੇ ਪੁਲਸ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਵੀ ਕੀਤੀ।

ਸੂਤਰਾਂ ਅਨੁਸਾਰ ਇੱਕ ਲੜਕੀ ਅਮਨਾ ਪੁੱਤਰੀ ਕਾਦਿਰ ਬਖਸ਼ ਵਾਸੀ ਮੋਜਾ ਝੰਗੀ ਲਗਭਗ ਚਾਰ ਮਹੀਨੇ ਪਹਿਲਾਂ ਆਪਣੇ ਪ੍ਰੇਮੀ ਹਾਸ਼ਿਮ ਖੁਸ਼ਕ ਨਾਲ ਫਰਾਰ ਹੋ ਗਈ ਤੇ ਬਹਾਵਲਪੁਰ ਅਦਾਲਤ ਵਿੱਚ ਜਾ ਕੇ ਦੋਵਾਂ ਨੇ ਵਿਆਹ ਕਰ ਲਿਆ, ਪਰ ਅਮਨਾ ਦੇ ਮਾਂ-ਪਿਓ ਇਸ ਵਿਆਹ ਤੋਂ ਖੁਸ਼ ਨਹੀਂ ਸਨ ਤੇ ਜਦ ਤੋਂ ਉਹ ਲਾਪਤਾ ਹੋਈ ਸੀ, ਉਸ ਸਮੇਂ ਤੋਂ ਉਸ ਦੀ ਤਲਾਸ਼ ਕਰ ਰਹੇ ਸਨ। ਬੀਤੇ ਦਿਨੀਂ ਇਹ ਮਾਂ-ਪਿਓ ਅਮਨਾ ਨੂੰ ਸਿੰਧ ਸੂਬੇ ਤੋਂ ਲੱਭਣ ਵਿੱਚ ਸਫਲ ਹੋ ਗਿਆ। ਹਾਸ਼ਿਮ ਦੀ ਗੈਰ ਹਾਜ਼ਰੀ ਵਿੱਚ ਉਹ ਅਮਨਾ ਨੂੰ ਆਪਣੀ ਦੂਸਰੀ ਬੇਟੀ ਦੇ ਪਿੰਡ ਡੱਬੀ ਲੈ ਗਏ। ਜਦ ਹਾਸ਼ਿਮ ਘਰ ਆਇਆ ਤਾਂ ਉਸ ਨੇ ਆਪਣੀ ਪਤਨੀ ਅਮਨਾ ਨੂੰ ਘਰ 'ਚ ਨਹੀਂ ਪਾਇਆ ਤਾਂ ਗੁਆਂਢੀਆਂ ਤੋਂ ਉਸ ਨੂੰ ਪਤਾ ਲੱਗਿਆ ਕਿ ਅਮਨਾ ਨੂੰ ਉਸ ਦੇ ਮਾਂ-ਪਿਓ ਆਪਣੇ ਨਾਲ ਲੈ ਗਏ, ਜਿਸ 'ਤੇ ਇਸ ਨੇ ਇਸ ਦੀ ਸ਼ਿਕਾਇਤ ਪੁਲਸ ਚੌਕੀ 'ਤੇ ਕੀਤੀ। ਇਸ ਦੌਰਾਨ ਸ਼ੱਕ ਦੇ ਆਧਾਰ 'ਤੇ



ਹਾਸ਼ਿਮ ਖੁਸ਼ਕ ਜਦ ਅਮਨਾ ਦੀ ਭੈਣ ਸ਼ੀਦਾ ਪਤਨੀ ਸ਼ੌਕਤ ਦੇ ਘਰ ਗਿਆ ਤਾਂ ਘਰ ਬੈਠੇ ਅਮਨ ਦੇ ਪਿਓ ਤੇ ਹੋਰ ਲੋਕਾਂ ਨੇ ਉਸ 'ਤੇ ਹਮਲਾ ਕਰ ਕੇ ਉਸ ਦੀ ਹੱਤਿਆ ਕਰਨੀ ਚਾਹੀ, ਪਰ ਉਹ ਬਚ ਕੇ ਭੱਜ ਗਿਆ ਤੇ ਪੁਲਸ ਨੂੰ ਸਾਰੀ ਜਾਣਕਾਰੀ ਦਿੱਤੀ ਤਾਂ ਪੁਲਸ ਨੇ ਅਮਨਾ ਦੇ ਮਾਂ-ਪਿਓ ਨੂੰ ਆਪਣੀ ਬੇਟੀ ਅਮਨਾ ਨੂੰ ਪੁਲਸ ਸਟੇਸ਼ਨ ਪੇਸ਼ ਕਰਨ ਨੂੰ ਕਿਹਾ।

ਫਿਰ ਮਾਂ-ਪਿਓ ਨੇ ਅਮਨਾ ਦੀ ਜਗ੍ਹਾ ਸ਼ੀਦਾ ਨੂੰ ਪੁਲਸ ਅੱਗੇ ਪੇਸ਼ ਕਰ ਕੇ ਬਿਆਨ ਦਿਵਾ ਦਿੱਤਾ ਕਿ ਹਾਸ਼ਿਮ ਖੁਸ਼ਕ ਉਸ ਨੂੰ ਜ਼ਬਰਦਸਤੀ ਆਪਣੇ ਨਾਲ ਲੈ ਗਿਆ ਸੀ ਤੇ ਉਸ ਨੂੰ ਇੱਕ ਕਮਰੇ ਵਿੱਚ ਬੰਦ ਕਰ ਕੇ ਰੱਖਿਆ ਅਤੇ ਉਸ ਨਾਲ ਕੁੱਟਮਾਰ ਕਰਦਾ ਹੈ। ਇਸ ਬਿਆਨ ਉੱਤੇ ਪੁਲਸ ਨੇ ਹਾਸ਼ਿਮ ਖੁਸ਼ਕ ਨੂੰ ਥਾਣੇ ਸੱਦਿਆ ਤਾਂ ਉਸ ਦੇ ਆਉਣ ਤੋਂ ਪਹਿਲਾਂ ਹੀ ਅਮਨਾ ਦੇ ਮਾਂ ਪਿਓ ਆਪਣੀ ਬੇਟੀ ਸ਼ੀਦਾ ਸਮੇਤ ਖਿਸਕ ਗਏ। ਹਾਸ਼ਿਮ ਨੇ ਪੁਲਸ ਨੂੰ ਦੱਸਿਆ ਕਿ ਅਮਨਾ ਦੀ ਉਸ ਦੇ ਮਾਂ ਪਿਓ ਨੇ ਹੱਤਿਆ ਕਰ ਦਿੱਤੀ ਹੈ ਤੇ ਜਿਸ ਲੜਕੀ ਨੂੰ ਥਾਣੇ ਤੋਂ ਵਾਪਸ ਜਾਂਦੇ ਉਸ ਨੇ ਦੇਖਿਆ ਹੈ, ਉਹ ਤਾਂ ਉਸ ਦੀ ਵੱਡੀ ਸਾਲੀ ਸ਼ੀਦਾ ਹੈ। ਫਿਰ ਪੁਲਸ ਨੇ ਪਿੱਛਾ ਕਰ ਕੇ ਅਮਨਾ ਦੇ ਮਾਂ ਪਿਓ ਤੇ ਸ਼ੀਦਾ ਨੂੰ ਗ੍ਰਿਫਤਾਰ ਕਰ ਕੇ ਥਾਂਣੇ ਲਿਆਂਦਾ ਤੇ ਪੁੱਛਗਿੱਛ 'ਚ ਤਿੰਨਾਂ ਨੇ ਕਬੂਲ ਕੀਤਾ ਕਿ ਅਮਨਾ ਦੀ ਹੱਤਿਆ ਕਰ ਦਿੱਤੀ ਗਈ ਤੇ ਉਸ ਦੀ ਲਾਸ਼ ਨਹਿਰ ਦੇ ਪਾਣੀ ਵਿੱਚ ਰੋੜ੍ਹ ਦਿੱਤੀ ਹੈ। ਪੁਲਸ ਨੇ ਇਨ੍ਹਾਂ ਤਿੰਨਾਂ ਨੂੰ ਗ੍ਰਿਫਤਾਰ ਕਰ ਲਿਆ, ਪਰ ਅਮਨ ਦੀ ਲਾਸ਼ ਬਰਾਮਦ ਨਹੀਂ ਹੋ ਸਕੀ ਹੈ।

# ਰਾਫੇਲ ਬਾਰੇ ਪੈਰਿਸ ਵਿੱਚ ਭਾਰਤੀ ਟੀਮ ਦੇ ਦਫਤਰ ਵਿੱਚ ਘੁਸਪੈਠ ਦੀ ਕੋਸ਼ਿਸ਼

ਪੈਰਿਸ, 23 ਮਈ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਦੌਰਾਨ ਛਾਇਆ ਰਿਹਾ ਰਾਫੇਲ ਜੰਗੀ ਜਹਾਜ਼ ਦੀ ਡੀਲ ਦਾ ਮੁੱਦਾ ਇੱਕ ਵਾਰ ਮੁੜ ਭਖਣ ਲੱਗਾ ਹੈ। ਇਸ ਵਾਰ ਰਾਫੇਲ ਬਾਰੇ ਇੱਕ ਅਹਿਮ ਘਟਨਾ ਵਾਪਰੀ ਹੈ।



ਜਾਣਕਾਰ ਸੂਤਰਾਂ ਮੁਤਾਬਕ ਕੁਝ ਅਣਪਛਾਤੇ ਸ਼ਰਾਰਤੀ ਅਨਸਰਾਂ ਨੇ ਭਾਰਤੀ ਰਾਫੇਲ ਪ੍ਰੋਜੈਕਟ ਮੈਨੇਜਮੈਂਟ ਟੀਮ ਦੇ ਦਫਤਰ ਵਿੱਚ ਘੁਸਪੈਠ ਦੀ ਕੋਸ਼ਿਸ਼ ਕੀਤੀ। ਇਹ ਦਫਤਰ ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਹੈ। ਘਟਨਾ ਪਿੱਛੋਂ ਭਾਰਤੀ ਹਵਾਈ ਫੌਜ ਅਲਰਟ ਹੋ ਗਈ ਹੈ। ਇਸ ਬਾਰੇ ਰੱਖਿਆ ਮੰਤਰਾਲਾ ਨੂੰ ਹਵਾਈ ਫੌਜ ਨੇ ਜਾਣਕਾਰੀ ਦੇ ਦਿੱਤੀ ਹੈ। ਹਵਾਈ ਫੌਜ ਦੀ ਰਾਫੇਲ ਪ੍ਰੋਜੈਕਟ ਮੈਨੇਜਮੈਂਟ ਟੀਮ 36 ਰਾਫੇਲ ਹਵਾਈ ਜਹਾਜ਼ਾਂ ਦੀ ਪ੍ਰੋਡਕਸ਼ਨ ਦਾ ਜਾਇਜ਼ਾ ਲੈਣ ਅਤੇ ਸਿਖਲਾਈ ਲਈ ਫਰਾਂਸ ਗਈ ਹੋਈ ਹੈ। ਸੂਤਰ ਮੁਤਾਬਕ ਇੱਕ ਰਾਤ ਪਹਿਲਾਂ ਉਕਤ ਘੁਸਪੈਠ ਦੀ ਕੋਸ਼ਿਸ਼ ਹੋਈ ਸੀ। ਫਰਾਂਸ ਵਿੱਚ ਭਾਰਤੀ ਹਵਾਈ ਫੌਜ ਦੀ ਟੀਮ ਦੀ ਅਗਵਾਈ ਗਰੁੱਪ ਕੈਪਟਨ ਰੈਂਕ ਦੇ ਇੱਕ ਅਧਿਕਾਰੀ ਵੱਲੋਂ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਕੰਮ 36 ਰਾਫੇਲ ਹਵਾਈ ਜਹਾਜ਼ਾਂ ਦੇ ਨਿਰਮਾਣ ਅਤੇ ਭਾਰਤੀ ਅਧਿਕਾਰੀਆਂ ਦੀ ਸਿਖਲਾਈ 'ਤੇ ਨਜ਼ਰ ਰੱਖਣਾ ਹੈ।

# ਪਾਕਿਸਤਾਨ ਵਿੱਚ ਬਲੈਕਮੇਲ ਕਰਨ ਤੋਂ ਪ੍ਰੇਸ਼ਾਨ ਹਿੰਦੂ ਲੜਕੀ ਵੱਲੋਂ ਖੁਦਕੁਸ਼ੀ

ਲਾਹੌਰ, 23 ਮਈ (ਪੋਸਟ ਬਿਊਰੋ)- ਸੋਸ਼ਲ ਮੀਡੀਆ 'ਤੇ ਬਲੈਕਮੇਲ ਕੀਤੇ ਜਾਣ ਤੋਂ ਪ੍ਰੇਸ਼ਾਨ ਪਾਕਿਸਤਾਨ ਦੇ ਸੂਬਾ ਸਿੰਧ ਦੇ ਸ਼ਹਿਰ ਬਦੀਨ ਦੀ ਇਕ ਹਿੰਦੂ ਕੁੜੀ ਅਨੀਲਾ ਪਰਮਾਰ (18 ਸਾਲ) ਨੇ ਖੁਦਕੁਸ਼ੀ ਕਰ ਲਈ ਹੈ।



ਟੰਡੋ ਗੁਲਾਮ ਅਲੀ ਥਾਣੇ ਦੀ ਪੁਲਸ ਨੇ ਮ੍ਰਿਤਕ ਕੁੜੀ ਦੇ ਪਿਤਾ ਲਖਮਣ ਪਰਮਾਰ ਦੀ ਸ਼ਿਕਾਇਤ ਉੱਤੇ ਤਿੰਨ ਦੋਸ਼ੀਆਂ ਦੇ ਖਿਲਾਫ ਕੇਸ ਦਰਜ ਕਰਕੇ ਉਨ੍ਹਾਂ ਦੀ ਭਾਲ 'ਚ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਪੁਲਸ ਵੱਲੋਂ ਕੇਸ ਵਿੱਚ ਸੋਮ ਮੇਘਵਾਰ ਨੂੰ ਮੁੱਖ ਦੋਸ਼ੀ ਅਤੇ ਦੋ ਹੋਰਾਂ (ਮਹੇਸ਼ ਮੇਘਵਾਰ ਤੇ ਅਸ਼ੋਕ ਕੁਮਾਰ) ਨੂੰ ਉਸ ਦਾ ਸਾਥ ਦੇਣ ਦੇ ਦੋਸ਼ 'ਚ ਨਾਮਜ਼ਦ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਦੋ ਕੁ ਸਾਲ ਪਹਿਲਾਂ ਅਨੀਲਾ ਦਾ ਰਿਸ਼ਤਾ ਸੋਮ ਮੇਘਵਾਰ ਨਾਲ ਤੈਅ ਹੋਇਆ ਸੀ, ਪਰ ਉਸ ਦੇ ਖਰਾਬ ਚਾਲ ਚਲਣ ਕਰਕੇ ਮ੍ਰਿਤਕਾ ਦੇ ਪਿਤਾ ਨੇ ਰਿਸ਼ਤਾ ਤੋੜ ਕੇ ਆਪਣੀ ਧੀ ਦੀ ਮੰਗਣੀ ਕਿਸੇ ਹੋਰ ਨਾਲ ਕਰ ਦਿੱਤੀ ਸੀ। ਇਸ ਦੇ ਬਾਅਦ ਦੋਸ਼ੀਆਂ ਨੇ ਅਮੀਲਾ ਦੀਆਂ ਤਸਵੀਰਾਂ ਨਾਲ ਕੰਪਿਊਟਰ 'ਤੇ ਛੇੜਛਾੜ ਕਰਕੇ ਉਨ੍ਹਾਂ ਨੂੰ ਸੋਸ਼ਲ ਮੀਡੀਆ ਉਤੇ ਵਾਇਰਲ ਕਰਨ ਦੀ ਧਮਕੀ ਦੇ ਕੇ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ ਤੇ ਉਨ੍ਹਾਂ ਅਨੀਲਾ ਪਾਸੋਂ 50 ਹਜ਼ਾਰ ਰੁਪਏ ਲੈਣ ਬਾਅਦ ਵੀ ਬਲੈਕਮੇਲ ਦਾ ਸਿਲਸਿਲਾ ਜਾਰੀ ਰੱਖਿਆ। ਮ੍ਰਿਤਕਾ ਦੇ ਪਿਤਾ ਨੇ ਛੇ ਕੁ ਮਹੀਨੇ ਪਹਿਲਾਂ ਇਸ ਦੀ ਲਿਖਤੀ ਸ਼ਿਕਾਇਤ ਪੁਲਸ ਨੂੰ ਕੀਤੀ ਸੀ, ਪਰ ਪੁਲਸ ਵੱਲੋਂ ਕਾਰਵਾਈ ਨਾ ਕਰਨ ਕਰ ਕੇ ਬਲੈਕਮੇਲਰਾਂ ਵੱਲੋਂ ਲਗਾਤਾਰ ਪ੍ਰੇਸ਼ਾਨ ਕੀਤੇ ਜਾਣ ਕਾਰਨ ਅਨੀਲਾ ਨੇ ਜ਼ਹਿਰ ਖਾ ਕੇ ਖੁਦਕੁਸ਼ੀ ਕਰ ਲਈ, ਪਰ ਮਰਨ ਤੋਂ ਪਹਿਲਾਂ ਲਿਖੇ ਪੱਤਰ ਵਿੱਚ ਆਪਣੀ ਮੌਤ ਲਈ ਸੋਮ ਮੇਘਵਾਰ, ਮਹੇਸ਼ ਤੇ ਅਸ਼ੋਕ ਨੂੰ ਜ਼ਿੰਮੇਵਾਰ ਦੱਸਿਆ ਹੈ। ਇਸ ਮਾਮਲੇ ਨੂੰ ਲੈ ਕੇ ਹਿੰਦੂ ਸੰਗਠਨਾਂ ਨੇ ਵਕੀਲ ਮੁਕੇਸ਼ ਮੇਘਵਾਰ, ਸ਼ੰਕਰ ਮੇਘਵਾਰ ਅਤੇ ਹਰਜੀ ਲਾਲ ਆਦਿ ਦੀ ਅਗਵਾਈ ਹੇਠ ਹੈਦਰਾਬਾਦ ਪ੍ਰੈਸ ਕਲੱਬ ਅੱਗੇ ਵਿਰੋਧ ਪ੍ਰਦਰਸ਼ਨ ਕਰਦਿਆਂ ਅਨੀਲਾ ਦੀ ਮੌਤ ਲਈ ਜ਼ਿੰਮੇਵਾਰ ਲੋਕਾਂ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਕੀਤੀ ਹੈ।

ਸੂਬਾ ਸਿੰਧ ਦੇ ਕਸਬਾ ਸਰਹਾਰੀ ਦੇ ਵਸਨੀਕ ਹਿੰਦੂ ਪਹਿਲਾਜ ਭੀਲ ਦੀ ਨਾਬਾਲਗ ਧੀ ਪਥਾਨੀ ਭੀਲ (13 ਸਾਲ) ਨੂੰ ਕੁਝ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਵੱਲੋਂ ਅਗਵਾ ਕੀਤੇ ਜਾਣ ਦੀ ਜਾਣਕਾਰੀ ਮਿਲੀ ਹੈ। ਪੀੜਤ ਦੇ ਪਿਤਾ ਨੇ ਦੋਸ਼ ਲਾਇਆ ਕਿ ਉਸ ਦੀ ਧੀ ਨੂੰ ਜ਼ਿਲਾ ਗੋਟਕੀ ਦੀ ਬਰਾਚੂੰਡੀ ਸ਼ਰੀਫ ਦਰਗਾਹ ਦੇ ਪੀਰ ਅਬਦਲ ਹੱਕ ਉਰਫ ਮੀਆਂ ਮਿੱਠੂ ਦੇ ਕਹਿਣ 'ਤੇ ਉਸ ਦਾ ਧਰਮ ਪਰਿਵਰਤਨ ਕੀਤੇ ਜਾਣ ਲਈ ਅਗਵਾ ਕੀਤਾ ਗਿਆ ਹੈ।

# ਪਾਕਿ ਵਿੱਚ ਚੀਨੀ ਅਧਿਕਾਰੀ ਨੇ ਮੁਲਾਜ਼ਮ ਨੂੰ ਭੱਠੀ ਵਿੱਚ ਸੁੱਟਿਆ

ਲਾਹੌਰ, 23 ਮਈ (ਪੋਸਟ ਬਿਊਰੋ)- ਪਾਕਿਸਤਾਨ ਦੀ ਇਕ ਫੈਕਟਰੀ ਵਿਚ ਇਕ ਮੁਲਾਜ਼ਮ ਨੂੰ ਭੱਠੀ ਵਿਚ ਸੁੱਟਣ ਦੇ ਦੋਸ਼ ਵਿਚ ਪੁਲਿਸ ਨੇ ਇਕ ਚੀਨੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਹੈ।

ਪਤਾ ਲੱਗਾ ਹੈ ਕਿ ਫੈਸਲਾਬਾਦ ਦੇ ਸ਼ਾਹੀਨਵਾਲਾ ਇੰਡਸਟ੍ਰੀਅਲ ਅਸਟੇਟ ਦੀ ਫੈਕਟਰੀ ਵਿਚ ਮੁਲਾਜ਼ਮ ਕੰਮ ਕਰਦਾ ਸੀ ਅਤੇ ਚੀਨੀ ਨਾਗਰਿਕ ਉਸ ਦਾ ਇੰਚਾਰਜ ਸੀ। ਮੁਲਾਜ਼ਮ ਵੱਲੋਂ ਕਿਹਾ ਨਾ ਮੰਨਣ ਉਤੇ ਚੀਨੀ ਮੂਲ ਦਾ ਅਧਿਕਾਰੀ ਉਸ ਨਾਲ ਨਾਰਾਜ਼ ਹੋ ਗਿਆ ਤੇ ਗੁੱਸੇ ਵਿਚ ਉਸ ਨੇ ਪਾਕਿਸਤਾਨੀ ਮੁਲਾਜ਼ਮ ਨੂੰ ਭੱਠੀ ਵਿਚ ਧੱਕਾ ਦੇ ਦਿੱਤਾ। ਇਸ ਘਟਨਾ ਪਿੱਛੋਂ ਮੁਲਾਜ਼ਮ ਦੇ ਸਾਥੀਆਂ ਵਿੱਚ ਰੋਸ ਫੈਲ ਗਿਆ ਤੇ ਉਨ੍ਹਾਂ ਕੰਮ ਬੰਦ ਕਰ ਕੇ ਚੀਨੀ ਅਧਿਕਾਰੀ ਨੂੰ ਗ੍ਰਿਫ਼ਤਾਰ ਕਰਨ ਤੇ ਉਸ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ। ਮੌਕੇ ਉਤੇ ਪੁੱਜੀ ਪੁਲਿਸ ਨੇ ਝੁਲਸੇ ਮੁਲਾਜ਼ਮ ਨੂੰ ਨੇੜਲੇ ਹਸਪਤਾਲ ਪੁਚਾਇਆ, ਜਿਥੇ ਉਸ ਦਾ ਇਲਾਜ ਸ਼ੁਰੂ ਹੋ ਗਿਆ ਹੈ। ਪੁਲਿਸ ਨੇ ਚੀਨੀ ਅਧਿਕਾਰੀ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਕਿਹਾ ਹੈ ਕਿ ਇਸ ਦੀ ਜਾਂਚ ਡੀ ਐੱਸ ਪੀ ਅਤੇ ਥਾਣਾ ਇੰਚਾਰਜ ਕਰ ਰਹੇ ਹਨ। ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਏਗੀ।

ਪੰਜਾਬ ਵਿਚ ਬੀਤੇ ਦੇ ਦਿਨਾਂ ਵਿਚ ਦਰਜਨ ਤੋਂ ਵੱਧ ਚੀਨੀ ਨਾਗਰਿਕ ਗ੍ਰਿਫ਼ਤਾਰ ਕੀਤੇ ਗਏ ਹਨ। ਇਹ ਚੀਨੀ ਪਾਕਿਸਤਾਨੀ ਕੁੜੀਆਂ ਨਾਲ ਵਿਆਹ ਕਰ ਕੇ ਉਨ੍ਹਾਂ ਨੂੰ ਚੀਨ ਲੈ ਜਾਂਦੇ ਤੇ ਓਥੇ ਦੇਹ ਵਪਾਰ ਦੇ ਧੰਦੇ ਵਿਚ ਧੱਕਣ ਦੇ ਗਿਰੋਹ ਦਾ ਹਿੱਸਾ ਸਨ। ਪਾਕਿਸਤਾਨ ਵਿਚ ਦਰਜਨਾਂ ਕੁੜੀਆਂ ਦੀ ਆਪਬੀਤੀ ਸਾਹਮਣੇ ਆਉਣ ਪਿੱਛੋਂ ਪਾਕਿਸਤਾਨੀ ਅਧਿਕਾਰੀ ਸਰਗਰਮ ਹੋਏ। ਇਸ ਪਿੱਛੋਂ ਗਿਰੋਹ ਵਿਚ ਸ਼ਾਮਲ ਚੀਨੀ ਨਾਗਰਿਕਾਂ ਦੀ ਗ੍ਰਿਫ਼ਤਾਰੀ ਹੋਈ। ਇਸਲਾਮਾਬਾਦ ਸਥਿਤ ਚੀਨੀ ਦੂਤਘਰ ਇਸ ਸਿਲਸਿਲੇ ਵਿਚ ਜਲਦੀ ਹੀ ਆਪਣੀ ਕਾਨੂੰਨੀ ਮਾਹਿਰਾਂ ਦੀ ਟੀਮ ਪੰਜਾਬ ਭੇਜੇਗਾ।

# ਪਾਕਿਸਤਾਨ ਨੇ ਸਾਇੰਟੇਫਿਕ ਚੰਦਰ ਕੈਲੰਡਰ ਤਿਆਰ ਕੀਤਾ

### * ਈਦ ਮੌਕੇ ਚੰਦ ਵੇਖਣ ਦਾ ਵਿਵਾਦ ਖਤਮ ਹੋਵੇਗਾ

ਲਾਹੌਰ, 23 ਮਈ (ਪੋਸਟ ਬਿਊਰੋ)- ਪਾਕਿਸਤਾਨ 'ਚ ਇਸਲਾਮਿਕ ਤਿਉਹਾਰ ਮਨਾਉਣ ਲਈ ਚੰਦਰਮਾ ਵੇਖਣ ਦੇ ਵਿਵਾਦ ਨੂੰ ਖਤਮ ਕਰਨ ਵਾਸਤੇ ਇਕ ਵਿਗਿਆਨਕ ਚੰਦਰ ਕੈਲੰਡਰ ਤਿਆਰ ਕੀਤਾ ਗਿਆ ਹੈ। ਇਹ ਕੈਲੰਡਰ ਇਸ ਕੰਮ ਲਈ ਬਣਾਏ ਗਏ ਖੋਜ ਕਮਿਸ਼ਨ, ਪੁਲਾੜ ਵਿਗਿਆਨੀਆਂ ਤੇ ਮੌਸਮ ਦੇ ਮਾਹਰਾਂ ਦੇ ਪੈਨਲ ਨੇ ਬਣਾਇਆ ਹੈ। ਇਸ ਦੇ ਅਨੁਸਾਰ ਇਸ ਵਾਰ ਈਦ-ਉਲ-ਫਿਤਰ ਪੰਜ ਜੂਨ ਨੂੰ ਆਉਣ ਦੀ ਸੰਭਾਵਨਾ ਹੈ।

ਵਿਗਿਆਨ ਅਤੇ ਤਕਨੀਕ ਮੰਤਰੀ ਫਵਾਦ ਚੌਧਰੀ ਨਵੇਂ ਮੰਤਰਾਲੇ ਦੀ ਜ਼ਿੰਮੇਵਾਰੀ ਸੰਭਾਲਣ ਦੇ ਬਾਅਦ ਇਸਲਾਮੀ ਕੈਲੰਡਰ ਵਿੱਚ ਪ੍ਰਮੁੱਖ ਤਿਉਹਾਰ ਤੇ ਪਵਿੱਤਰ ਮਹੀਨਿਆਂ ਦਾ ਨਿਰਧਾਰਨ ਪੁਰਾਣੀ ਰੀਤੀ ਮੁਤਾਬਕ ਕੀਤੇ ਜਾਣ ਦੀ ਬਜਾਏ ਵਿਗਿਆਨ ਆਧਾਰਿਤ ਕੈਲੰਡਰ ਨਾਲ ਕਰਨ 'ਤੇ ਜ਼ੋਰ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਵਿਗਿਆਨਕ ਕੈਲੰਡਰ ਨੂੰ ਮੁਕੰਮਲ ਕਰ ਲਿਆ ਹੈ ਅਤੇ ਇਸਲਾਮਿਕ ਵਿਚਾਰਧਾਰਾ ਕੌਂਸਲ (ਸੀ ਆਈ ਆਈ) ਅਤੇ ਰੁਅਤ-ਏ-ਹਿਲਾਲ ਕਮੇਟੀ ਨੂੰ ਕੈਲੰਡਰ ਵੇਖਣ ਦਾ ਸੱਦਾ ਦਿੱਤਾ ਗਿਆ ਹੈ ਤਾਂ ਕਿ ਉਹ ਇਸ ਨੂੰ ਬਣਾਉਣ ਲਈ ਕੀਤੀ ਮਿਹਨਤ ਨੂੰ ਸਮਝ ਸਕਣ। ਇਹ ਕੈਲੰਡਰ ਪੰਜ ਸਾਲ ਲਈ ਬਣਾਇਆ ਗਿਆ ਹੈ ਅਤੇ ਹਰ ਪੰਜ ਸਾਲਾਂ ਬਾਅਦ ਇਸ ਦੀ ਘੋਖ ਕੀਤੀ ਜਾਵੇਗੀ। ਚੌਧਰੀ ਨੇ ਕਿਹਾ ਕਿ ਰੁਅਤ-ਏ-ਹਿਲਾਲ ਕਮੇਟੀ ਚੰਦਰਮਾ ਵੇਖਣ ਦੀ ਰਵਾਇਤ ਨੂੰ ਖਤਮ ਕਰੇ, ਕਿਉਂਕਿ ਦੇਸ਼ ਨੂੰ ਕਿਵੇਂ ਚਲਾਉਣਾ ਹੈ, ਇਹ ਦੇਸ਼ ਦੇ ਮੌਲਵੀਆਂ ਦੇ ਭਰੋਸੇ ਨਹੀਂ ਛੱਡਿਆ ਜਾ ਸਕਦਾ।

# ਡਰਾਈਵਰ ਬੈਂਸ ਦੀ ਦੇਹ ਨਹਿਰ ਵਿੱਚੋਂ ਮਿਲੀ

ਫਰਿਜ਼ਨੋ, 23 ਮਈ (ਪੋਸਟ ਬਿਊਰੋ)- ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਫਾਊਲਰ ਤੋਂ ਬੀਤੇ ਹਫਤੇ ਤੋਂ ਲਾਪਤਾ ਹੋਣ ਵਾਲੇ ਟਰੱਕ ਡਰਾਈਵਰ ਸਤਵੰਤ ਸਿੰਘ ਬੈਂਸ (54) ਦੀ ਲਾਸ਼ ਡੈਲਟਾ-ਮੈਨਡੋਟਾ ਨਹਿਰ ਵਿੱਚੋਂ ਬਰਾਮਦ ਹੋਈ ਹੈ। ਇਸ ਗੱਲ ਦੀ ਪੁਸ਼ਟੀ ਮਰਸਿਡ ਕਾਊਂਟੀ ਸ਼ੈਰਿਫ ਆਫਿਸ ਨੇ ਕੀਤੀ ਹੈ। ਨਹਿਰ ਵਿੱਚੋਂ ਜਿਥੋਂ ਬੈਂਸ ਦਾ ਟਰੱਕ ਲੱਭਿਆ ਸੀ, ਉਸ ਤੋਂ ਕੁਝ ਦੂਰੀ ਤੋਂ ਹੀ ਉਸ ਦੀ ਦੇਹ ਮਿਲੀ ਹੈ।

ਕੁਝ ਦਿਨ ਪਹਿਲਾਂ ਕੈਲੀਫੋਰਨੀਆ ਹਾਈਵੇ ਪੈਟਰੋਲ ਨੂੰ ਫ੍ਰੀਵੇਅ ਪੰਜ ਤੇ ਵਿੱਟਵਰਥ ਰੋਡ ਨੇੜੇ ਲਾਸ ਬੈਨਸ ਸ਼ਹਿਰ ਤੋਂ ਫੋਨ ਕਾਲ ਆਈ ਸੀ ਕਿ ਇਕ ਟਰੱਕ, ਜਿਸ ਦੇ ਮਗਰ ਰੀਫਰ ਟ੍ਰੇਲਰ ਪਾਇਆ ਹੋਇਆ ਹੈ, ਖੜਾ ਹੈ ਅਤੇ ਇਸ ਦਾ ਇੰਜਣ ਚੱਲ ਰਿਹਾ ਹੈ। ਜਦੋਂ ਪੁਲਸ ਨੇ ਉਥੇ ਜਾ ਕੇ ਵੇਖਿਆ ਤਾਂ ਟਰੱਕ ਸਟਾਰਟ ਸੀ, ਦਰਵਾਜ਼ੇ ਖੁੱਲ੍ਹੇ ਸਨ ਅਤੇ ਅੰਦਰ ਕੋਈ ਨਹੀਂ ਸੀ। ਡਰਾਈਵਰ ਸਤਵੰਤ ਸਿੰਘ ਬੈਂਸ ਦਾ ਬਟੂਆ ਅਤੇ ਫੋਨ ਵੀ ਟਰੱਕ ਵਿੱਚ ਪਿਆ ਸੀ। ਪੁਲਸ ਮੁਤਾਬਕ ਉਨ੍ਹਾਂ ਨੇ ਸਾਰੇ ਇਲਾਕੇ ਦੀ ਭਾਲ ਕੀਤੀ, ਪਰ ਬੈਂਸ ਨੂੰ ਲੱਭਣ ਵਿੱਚ ਨਾਕਾਮਯਾਬ ਰਹੀ। ਫਾਊਲਰ ਸ਼ਹਿਰ 'ਚ ਵੱਸਦੇ ਬੈਂਸ ਪਰਵਾਰ ਨੂੰ ਇਸ ਘਟਨਾ ਬਾਰੇ ਦੱਸਿਆ ਗਿਆ। ਇਸ ਪਿੱਛੋਂ ਪਰਵਾਰ ਵੱਲੋਂ ਗੁਆਚੇ ਦੀ ਭਾਲ ਲਈ ਰਿਪੋਰਟ ਫਰਿਜ਼ਨੋ ਸ਼ੈਰਿਫ ਆਫਿਸ (ਪੁਲਸ) 'ਚ ਦਰਜ ਕਰਵਾਈ ਗਈ। ਪਰਵਾਰ ਮੁਤਾਬਕ ਬੈਂਸ ਲੋਡ ਲੈ ਕੇ ਫੇਅਰਫੀਲਡ ਸ਼ਹਿਰ ਨੂੰ ਜਾ ਰਿਹਾ ਸੀ। ਉਹ ਹਸਮੁੱਖ ਸੁਭਾਅ ਦਾ ਮਾਲਕ ਸੀ, ਬੱਚੇ ਆਪੋ ਆਪਣੀ ਥਾਂ ਸੈਟ ਹਨ। ਇਹ ਨਹੀਂ ਜਾਪਦਾ ਕਿ ਉਹ ਬਿਨਾਂ ਦੱਸੇ ਕਿਸੇ ਪਾਸੇ ਚਲਾ ਗਿਆ ਹੋਵੇ। ਪਰਵਾਰ ਮੁਤਾਬਕ ਉਹ ਸ਼ੂਗਰ ਦਾ ਮਰੀਜ਼ ਸੀ। ਜ਼ਰੂਰ ਉਸ ਨਾਲ ਹਾਦਸਾ ਵਾਪਰਿਆ ਹੈ। ਏਜੰਸੀਆਂ ਨੇ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾਈ, ਪਰ ਬੈਂਸ ਨੂੰ ਲੱਭਣ 'ਚ ਨਾਕਾਮ ਰਹੀਆਂ। ਮਰਸਿੱਡ ਕਾਊਂਟੀ ਸ਼ੈਰਿਫ ਨੇ ਡੈਲਟਾ-ਮੈਨਡੋਟਾ ਨਹਿਰ ਵਿੱਚੋਂ ਦੇਹ ਮਿਲਣ ਉੱਤੇ ਇਹ ਦੇਹ ਸਤਵੰਤ ਸਿੰਘ ਬੈਂਸ ਦੀ ਨਿਕਲੀ ਹੈ।


Honesty, Reliability, Commitment
Hira Randhawa
Broker
• 1 yr Home Warranty
• 40% Discount on Brand Name
• Appliances & Furniture
• Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

$634,900 — Sandalwood & Conestoga
Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.

$729,900 — Dixie/Octillo
Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!

$739,913 — Charleston Side Rd/Main St.
Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.

$775,000 — Charolais/Chinguacousy Rd
Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.



Call For:
RESP, SUPER -VISA,& TRAVEL
Insurance
H.Randhawa
416-319-0551



FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
∘ Low Down payment/Flexible Terms
∘ Large Inventory of New Trucks & Trailers
∘ Quick Approvals ∘ Honest Service
∘ Best Rate in Town ∘ Offices all over Canada
For more Information Contact
Rajdeep: 647.707.4167
Office: 905.678.2424



MICHELIN · Hankook · Continental · ROADLUX · BFGoodrich · AEOLUS · COMPASAL · Chevron · Delo
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲ੍ਹਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਪੰਚਾਇਤ ਮੈਂਬਰਾਂ ਨੇ ਸ਼ਰਾਬ ਪੀ ਕੇ ਮਸਜਿਦ ਦੀ ਮਰਿਆਦਾ ਭੰਗ ਕੀਤੀ

ਬਰਗਾੜੀ, 23 ਮਈ (ਪੋਸਟ ਬਿਊਰੋ)- ਨੇੜਲੇ ਪਿੰਡ ਬੁਰਜ ਹਰੀਕਾ ਦੀ ਮਸਜਿਦ ਵਿੱਚ ਪਿੰਡ ਦੇ ਪੰਚਾਇਤ ਮੈਂਬਰਾਂ ਨੇ ਸ਼ਰਾਬ ਪੀ ਕੇ ਮਰਿਆਦਾ ਭੰਗ ਕੀਤੀ ਹੈ, ਜਿਸ ਕਰ ਕੇ ਮੁਸਲਮਾਨ ਭਾਈਚਾਰੇ ਵਿੱਚ ਰੋਸ ਫੈਲ ਰਿਹਾ ਹੈ।

ਇਸ ਸੰਬੰਧ ਵਿੱਚ ਮੀਰ ਮਨੂੰ ਵੈਲਫੇਅਰ ਕਮੇਟੀ ਫਰੀਦਕੋਟ ਦੇ ਆਗੂਆਂ ਡਾ: ਸਲੀਮ, ਡਾ: ਦਿਲਾਵਰ ਹੁਸੈਨ, ਇਮਤਿਆਜ਼ ਅਲੀ, ਡਾ: ਬਸ਼ੀਰ ਮੁਹੰਮਦ, ਅਹਿਮਦ ਖਾਨ ਅਤੇ ਸਦੀਕ ਮੁਹੰਮਦ ਨੇ ਦੱਸਿਆ ਕਿ ਸ਼ਾਮ ਨੂੰ ਰੋਜ਼ਾ ਖੋਲ੍ਹਣ ਵੇਲੇ ਜਦੋਂ ਮੁਸਲਮਾਨ ਭਾਈਚਾਰੇ ਦੇ ਲੋਕ ਨਮਾਜ਼ ਅਦਾ ਕਰ ਰਹੇ ਸਨ ਤਾਂ ਸੁਖਰਾਮ ਸਿੰਘ ਪੰਚ, ਜਿਹੜਾ ਸ਼ਰਾਬੀ ਹਾਲਤ ਵਿੱਚ ਸੀ, ਕਿਸੇ ਮਰਿਆਦਾ ਦੀ ਪ੍ਰਵਾਹ ਕੀਤੇ ਬਿਨਾਂ ਜੁੱਤੀ ਸਮੇਤ ਮਸਜਿਦ ਅੰਦਰ ਆ ਗਿਆ ਤੇ ਮੁਸਲਮਾਨ ਭਾਈਚਾਰੇ ਦੇ ਲੋਕਾਂ ਅਤੇ ਉਨ੍ਹਾਂ ਦੇ ਧਾਰਮਿਕ ਗ੍ਰੰਥ ਕੁਰਾਨ ਸ਼ਰੀਫ ਬਾਰੇ ਮਾੜੇ ਸ਼ਬਦ ਬੋਲਣ ਲੱਗਾ। ਮੁਸਲਮਾਨ ਭਾਈਚਾਰੇ ਦੇ ਲੋਕਾਂ ਨੇ ਜਦੋਂ ਉਸ ਨੂੰ ਅਜਿਹਾ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਉਨ੍ਹਾਂ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਰੌਲਾ ਸੁਣ ਕੇ ਜਦੋਂ ਮਸਜਿਦ ਨਾਲ ਬਣੇ ਘਰ ਵਿੱਚ ਔਰਤਾਂ ਆਪਣੇ ਪਰਵਾਰਕ ਮੈਂਬਰਾਂ ਦੇ ਪੱਖ ਵਿੱਚ ਆਈਆਂ ਤਾਂ ਉਸ ਨੇ ਉਨ੍ਹਾਂ ਦੇ ਥੱਪੜ ਮਾਰੇ ਤੇ ਵਾਲਾਂ ਤੋਂ ਫੜ ਕੇ ਖਿੱਚਧੂਹ ਕਰਦਿਆਂ ਕੱਪੜੇ ਪਾੜ ਦਿੱਤੇ ਤੇ ਮਾੜੀ ਸ਼ਬਦਾਵਲੀ ਦੀ ਵਰਤੋਂ ਕੀਤੀ। ਇਸ ਦੌਰਾਨ ਮੁਹੰਮਦ ਰਮਜ਼ਾਨ ਅਤੇ ਇੱਕ ਔਰਤ ਸਲਮਾ ਬੇਗਮ ਦੇ ਸੱਟਾਂ ਲੱਗੀਆਂ, ਜਿਨ੍ਹਾਂ ਨੂੰ ਸਿਵਲ ਹਸਪਤਾਲ ਬਾਜਾਖਾਨਾ ਵਿਖੇ ਦਾਖਲ ਕਰਾਇਆ ਗਿਆ ਅਤੇ ਇਸ ਦੀ ਸੂਚਨਾ ਥਾਣਾ ਬਾਜਾਖਾਨਾ ਦੀ ਪੁਲਸ ਨੂੰ ਦਿੱਤੀ ਗਈ।

ਕੱਲ੍ਹ ਮੁਸਲਮਾਨ ਭਾਈਚਾਰੇ ਦੇ ਲੋਕਾਂ ਨੇ ਇਕੱਠੇ ਹੋ ਕੇ ਇਸ ਘਟਨਾ ਦੀ ਸਖਤ ਨਿੰਦਾ ਕਰਦਿਆਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸੰਬੰਧਤ ਵਿਅਕਤੀ ਦੇ ਖਿਲਾਫ ਸੱਟਾਂ ਮਾਰਨ ਅਤੇ ਧਾਰਮਿਕ ਬੇਅਦਬੀ ਦੀ ਧਾਰਾ ਦਾ ਕੇਸ ਦਰਜ ਕਰ ਕੇ ਕਾਰਵਾਈ ਕੀਤੀ ਜਾਵੇ ਤਾਂ ਕਿ ਮੁਸਲਮਾਨ ਭਾਈਚਾਰੇ ਨੂੰ ਨਿਆਂ ਮਿਲ ਸਕੇ। ਪੰਥਕ ਸੇਵਾ ਲਹਿਰ ਦਾਦੂਵਾਲ ਦੇ ਸੇਵਾਦਾਰ ਜਸਵਿੰਦਰ ਸਿੰਘ ਸਾਹੋਕੇ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਮੁਸਲਮਾਨ ਭਾਈਚਾਰੇ ਦੇ ਲੋਕਾਂ ਨੂੰ ਇਨਸਾਫ ਦਿਵਾਉਣ ਤੱਕ ਪੰਥਕ ਸੇਵਾ ਲਹਿਰ ਦੇ ਆਗੂ ਅਤੇ ਸਿੱਖ ਜਥੇਬੰਦੀਆਂ ਉਨ੍ਹਾਂ ਦਾ ਸਾਥ ਦੇਣਗੀਆਂ।

# ਸੀ ਬੀ ਆਈ ਅਦਾਲਤ ਵੱਲੋਂ ਸਾਬਕਾ ਡੀ ਐਸ ਪੀ ਵਿਰੁੱਧ ਪੁਰਾਣੇ ਕੇਸ ਵਿੱਚ ਦੋਸ਼ ਲਾਗੂ




ਚੰਡੀਗੜ੍ਹ, 23 ਮਈ (ਪੋਸਟ ਬਿਊਰੋ)- ਵਿਸ਼ੇਸ਼ ਸੀ ਬੀ ਆਈ ਅਦਾਲਤ ਮੋਹਾਲੀ ਵੱਲੋਂ ਕੱਲ੍ਹ ਸਾਬਕਾ ਡੀ ਐਸ ਪੀ ਤਰਨ ਤਾਰਨ ਗੁਰਮੀਤ ਸਿੰਘ ਵਿਰੁੱਧ ਸਾਲ 1992 ਵਿੱਚ ਉੱਤਰ ਪ੍ਰਦੇਸ਼ ਦੇ ਪਿੰਡ ਪ੍ਰੇਨੀ ਤੋਂ ਗੁਰਦੇਵ ਸਿੰਘ ਤੇ ਜਗਦੇਵ ਸਿੰਘ ਨੂੰ ਚੁੱਕ ਕੇ ਲਾਪਤਾ ਕਰਨ ਦੇ ਕੇਸ ਵਿੱਚ ਦੋਸ਼ ਲਾਗੂ ਕੀਤੇ ਗਏ ਹਨ।

ਇਸ ਬਾਰੇ ਬਾਬਾ ਚਰਨ ਸਿੰਘ ਕਾਰ ਸੇਵਾ ਵਾਲੇ ਦੀ ਪਤਨੀ ਸੁਰਜੀਤ ਕੌਰ ਨੇ 1994 ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਅਰਜ਼ੀ ਪੇਸ਼ ਕਰ ਕੇ ਦੋਸ਼ ਲਾਏ ਸਨ ਕਿ ਉਸ ਦੇ ਪਤੀ ਬਾਬਾ ਚਰਨ ਸਿੰਘ ਸਣੇ ਛੇ ਪਰਵਾਰਕ ਮੈਂਬਰਾਂ ਨੂੰ ਤਰਨ ਤਾਰਨ ਪੁਲਸ ਨੇ ਵੱਖ ਵੱਖ ਸਮੇਂ ਵੱਖ ਵੱਖ ਥਾਵਾਂ ਤੋਂ ਚੁੱਕ ਕੇ ਲਾਪਤਾ ਕਰ ਦਿੱਤਾ ਹੈ। ਬਾਅਦ ਵਿੱਚ ਅਦਾਲਤ ਦੇ ਹੁਕਮਾਂ ਉਤੇ ਸੀ ਬੀ ਆਈ 2 ਮਈ 1997 ਨੂੰ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ ਤਾਂ ਪਾਇਆ ਕਿ ਬਾਬਾ ਚਰਨ ਸਿੰਘ ਅਤੇ ਉਸ ਦੇ ਭਰਾਵਾਂ ਕੇਸਰ ਸਿੰਘ, ਮੇਜਾ ਸਿੰਘ, ਗੁਰਦੇਵ ਸਿੰਘ ਅਤੇ ਬਾਬਾ ਚਰਨ ਸਿੰਘ ਦੇ ਸਾਲੇ ਗੁਰਮੇਜ ਸਿੰਘ ਅਤੇ ਉਸ ਦੇ ਲੜਕੇ ਬਲਵਿੰਦਰ ਸਿੰਘ ਨੂੰ ਪੁਲਸ ਨੇ ਵੱਖ ਵੱਖ ਥਾਵਾਂ ਸਮੇਂ ਤੋਂ ਚੁੱਕ ਕੇ ਲੰਮਾ ਸਮਾਂ ਨਾਜਾਇਜ਼ ਹਿਰਾਸਤ ਵਿੱਚ ਰੱਖਣ ਪਿੱਛੋਂ ਲਾਪਤਾ ਕਰ ਦਿੱਤਾ ਹੈ। ਸੀ ਬੀ ਆਈ ਨੇ ਇਸ ਬਾਰੇ ਕਈ ਚਾਰਜਸ਼ੀਟਾਂ ਅਦਾਲਤ 'ਚ ਪੇਸ਼ ਕੀਤੀਆਂ, ਜਿਸ 'ਚ ਇੱਕ ਸਾਬਕਾ ਡੀ ਐੱਸ ਪੀ ਗੁਰਮੇਜ ਸਿੰਘ ਵਿਰੁੱਧ ਸੀ। ਇਸ ਵਿੱਚ ਓਦੋਂ ਦੇ ਤਰਨ ਤਾਰਨ ਦੇ ਐਸ ਐੱਸ ਪੀ ਅਜੀਤ ਸਿੰਘ ਸੰਧੂ ਨੂੰ ਵੀ ਦੋਸ਼ੀ ਬਣਾਇਆ ਸੀ, ਪਰ ਉਸ ਦੀ ਮੌਤ ਹੋ ਗਈ ਸੀ।

ਡੀ ਐੱਸ ਪੀ ਗੁਰਮੀਤ ਸਿੰਘ ਵਿਰੁੱਧ ਦੋਸ਼ ਸਨ ਕਿ ਗੁਰਦੇਵ ਸਿੰਘ, ਜਗਦੇਵ ਸਿੰਘ ਅਤੇ ਜੰਗਾ ਸਿੰਘ, ਜੋ ਉੱਤਰ ਪ੍ਰਦੇਸ਼ ਦੇ ਕਿਸੇ ਕੇਸ ਦੇ ਸੰਬੰਧ ਵਿੱਚ ਗਏ ਸਨ ਅਤੇ ਇੱਕ ਬਲਦੇਵ ਸਿੰਘ ਵਾਸੀ ਪ੍ਰੇਨੀ (ਉੱਤਰ ਪ੍ਰਦੇਸ਼) ਦੇ ਘਰ ਠਹਿਰੇ ਸਨ, ਦੇ ਘਰ ਗੁਰਮੀਤ ਸਿੰਘ ਦੀ ਪੁਲਸ ਪਾਰਟੀ ਨੇ ਰੇਡ ਕੀਤੀ ਤੇ ਜਦੋਂ ਉਸ ਨੂੰ ਪਤਾ ਲੱਗਾ ਕਿ ਗੁਰਦੇਵ ਸਿੰਘ, ਬਾਬਾ ਚਰਨ ਸਿੰਘ ਦਾ ਭਰਾ ਹੈ ਤਾਂ ਉਹ ਡੀ ਐੱਸ ਪੀ ਅਜੀਤ ਸਿੰਘ ਸੰਧੂ ਨੂੰ ਖੁਸ਼ ਕਰਨ ਲਈ ਉਸ ਨੂੰ ਚੁੱਕ ਲਿਆਇਆ, ਜਿਸ ਨੂੰ ਬਾਅਦ ਵਿੱਚ ਸੀ ਆਈ ਏ ਤਰਨ ਤਾਰਨ ਰੱਖਿਆ ਅਤੇ ਬਾਅਦ ਵਿੱਚ ਉਸ ਦਾ ਕੋਈ ਪਤਾ ਨਹੀਂ ਲੱਗਾ।

# ਡੀ ਟੀ ਓ ਦੀ ਪ੍ਰਸਨਲ ਆਈ ਡੀ ਟਰਾਂਸਪੋਰਟ ਏਜੰਸੀਆਂ ਦੇ ਏਜੰਟ ਵਰਤਦੇ ਰਹੇ

ਅੰਮ੍ਰਿਤਸਰ, 23 ਮਈ (ਪੋਸਟ ਬਿਊਰੋ)- ਰੀਜ਼ਨਲ ਟਰਾਂਸਪੋਰਟ ਅਥਾਰਟੀ ਯਾਨੀ ਜ਼ਿਲ੍ਹਾ ਟਰਾਂਸਪੋਰਟ ਵਿਭਾਗ ਵਿੱਚ ਵਾਹਨ ਵੇਚਣ ਵਾਲੀਆਂ ਏਜੰਸੀਆਂ ਦੇ ਮਾਲਕਾਂ ਵੱਲੋਂ ਟੈਕਸ ਚੋਰੀ ਦੀ ਲੁੱਟ ਦਾ ਸੰਬੰਧ ਕੇਵਲ ਅੰਮ੍ਰਿਤਸਰ ਨਾਲ ਨਹੀਂ, ਇਨ੍ਹਾਂ ਦਾ ਨੈੱਟਵਰਕ ਪੂਰੇ ਪੰਜਾਬ ਵਿੱਚ ਫੈਲਿਆ ਨਿਕਲਿਆ ਹੈ। ਇਹ ਬਿਨਾਂ ਕਿਸੇ ਡਰ ਦੇ ਸਰਕਾਰੀ ਟੈਕਸ ਦੀ ਚੋਰੀ ਕਰਦੇ ਸਨ, ਕਿਉਂਕਿ ਇਨ੍ਹਾਂ ਨੂੰ ਪਤਾ ਸੀ ਕਿ ਖੁਲਾਸਾ ਹੋਣ ਦੇ ਬਾਵਜੂਦ ਇਨ੍ਹਾਂ ਦਾ ਕੋਈ ਕੁਝ ਨਹੀਂ ਵਿਗਾੜ ਸਕੇਗਾ। ਇਨ੍ਹਾਂ ਦੇ ਹੱਥ ਉਪਰ ਤੱਕ ਮਿਲੇ ਹੋਏ ਹਨ। ਇਹੀ ਕਾਰਨ ਹੈ ਕਿ ਪੰਜ ਸਾਲ ਤੱਕ ਸਰਕਾਰੀ ਟੈਕਸ ਦੀ ਚੋਰੀ ਹੁੰਦੀ ਰਹੀ ਤੇ ਕਿਸੇ ਨੂੰ ਕੋਈ ਭਣਕ ਤੱਕ ਨਹੀਂ ਲੱਗੀ। ਜੇ ਕਿਸੇ ਨੂੰ ਪਤਾ ਵੀ ਲੱਗਦਾ ਤਾਂ ਉਹ ਭੇਦ ਖੋਲ੍ਹਣ ਦੀ ਥਾਂ ਇਸ ਦੀ ਜਾਂਚ ਕਰਾਉਣ ਦੀ ਸਿਫਾਰਸ਼ ਨਹੀਂ ਸੀ ਕਰਦਾ ਅਤੇ ਖਾਨਾਪੂਰਤੀ ਕਰ ਦਿੰਦਾ ਸੀ।

ਸਿਰਫ ਇੱਕ ਕੇਸ ਦਾ ਭੇਦ ਖੁੱਲ੍ਹਣ ਉੱਤੇ ਜਾਣਕਾਰੀ ਮਿਲੀ ਹੈ ਕਿ ਕਈ ਜ਼ਿਲ੍ਹਿਆਂ ਵਿੱਚ ਜੋ ਜ਼ਿਲ੍ਹਾ ਟਰਾਂਸਪੋਰਟ ਅਧਿਕਾਰੀ ਰਹਿ ਚੁੱਕੇ ਹਨ, ਉਨ੍ਹਾਂ ਕੋਲ ਜਿਹੜੀ ਸੀਕ੍ਰੇਟ ਆਈ ਡੀ ਹੁੰਦੀ ਸੀ, ਉਸ ਨੂੰ ਜ਼ਿਲ੍ਹਾ ਟਰਾਂਸਪੋਰਟ ਦਫਤਰ ਵਿੱਚ ਲੱਗੇ ਹੈਲਪਰ ਏਜੰਟਾਂ ਵੱਲੋਂ ਆਪਰੇਟ ਕੀਤਾ ਜਾਂਦਾ ਸੀ। ਇਹੀ ਚੋਰੀ ਕਰਦੇ ਸਨ, ਜਿਸ ਦਾ ਹਿੱਸਾ ਅਧਿਕਾਰੀਆਂ ਤੱਕ ਨੂੰ ਜਾਂਦਾ ਰਿਹਾ ਹੈ। ਪਤਾ ਲੱਗਾ ਹੈ ਕਿ ਮਾਮਲਾ ਮੀਡੀਆ ਵਿੱਚ ਜ਼ਾਹਰ ਹੋਣ ਪਿੱਛੋਂ ਸਟੇਟ ਟਰਾਂਸਪੋਰਟ ਕਮਿਸ਼ਨਰ ਨੇ ਸੂਬੇ ਦੇ ਕਈ ਸ਼ਹਿਰਾਂ ਦੀਆਂ ਏਜੰਸੀਆਂ ਦੇ ਪੋਰਟਲ ਅਤੇ ਅਕਾਊਂਟ ਫ੍ਰੀਜ਼ ਕਰ ਦਿੱਤੇ ਹਨ ਤਾਂ ਕਿ ਕੋਈ ਗੱਡੀ ਦਾ ਟੈਕਸ ਜਮ੍ਹਾ ਨਾ ਕਰਵਾ ਸਕੇ, ਜਦ ਕਿ ਇਨ੍ਹਾਂ ਸਭ ਉੱਤੇ ਸਰਕਾਰੀ ਫੰਡ ਦਾ ਗਬਨ ਕੀਤੇ ਜਾਣ ਦਾ ਕੇਸ ਦਰਜ ਹੋਣਾ ਚਾਹੀਦਾ ਹੈ।

ਇਸ ਸੰਬੰਧ ਵਿੱਚ ਅੰਮ੍ਰਿਤਸਰ ਅਤੇ ਲੁਧਿਆਣਾ ਦੇ ਰੀਜ਼ਨਲ ਟਰਾਂਸਪੋਰਟ ਅਥਾਰਟੀ ਦੇ ਸਕੱਤਰਾਂ ਨੂੰ ਮਿਲੀਆਂ ਸ਼ਿਕਾਇਤਾਂ ਉੱਤੇ ਸਟੇਟ ਟਰਾਂਸਪੋਰਟ ਕਮਿਸ਼ਨਰ ਨੇ ਚਾਰ ਮੋਟਰ ਸਾਈਕਲਾਂ ਦੀ ਵਿਸ਼ੇਸ਼ ਰਜਿਸਟ੍ਰਿੰਗ ਅਥਾਰਟੀ ਕਾਰਨ ਇਹ ਅਧਿਕਾਰ ਅਸਥਾਈ ਤੌਰ 'ਤੇ ਰੱਦ ਕਰ ਦਿੱਤੇ ਹਨ। ਟਰਾਂਸਪੋਰਟ ਵਿਭਾਗ ਦੇ ਬੁਲਾਰੇ ਮੁਤਾਬਕ ਮੈਸਰਜ਼ ਨਾਵਲਟੀ ਹੁੰਡਈ, ਜੀ ਟੀ ਰੋਡ ਅੰਮ੍ਰਿਤਸਰ, ਮੈਸਰਜ਼ ਆਰੀਅਨ ਹੁੰਡਈ, ਮਜੀਠਾ-ਵੇਰਕਾ ਬਾਈਪਾਸ ਅੰਮ੍ਰਿਤਸਰ ਅਤੇ ਪੀ ਐੱਨ ਆਰ ਮੋਟਰਜ਼ ਪ੍ਰਾਈਵੇਟ ਲਿਮਟਿਡ ਅੰਮ੍ਰਿਤਸਰ ਨੇ ਸਰਕਾਰ ਨੇ ਬਣਦੇ ਟੈਕਸ ਬਦਲੇ ਘੱਟ ਟੈਕਸ ਜਮ੍ਹਾ ਕਰਾ ਕੇ ਸਰਕਾਰ ਨੂੰ ਨੁਕਸਾਨ ਪਹੁੰਚਾਇਆ ਹੈ। ਇਸ ਤਰ੍ਹਾਂ ਮੈਸਰਜ਼ ਸਟਾਨ ਆਟੋਜ਼ ਪ੍ਰਾਈਵੇਟ ਲਿਮਟਿਡ ਲੁਧਿਆਣਾ ਵੱਲੋਂ ਗੱਡੀ ਵੇਚਣ ਦੇ ਸਮੇਂ ਗੱਡੀ ਦੇ ਮਾਲਕ ਦੇ ਨਾਲ ਧੋਖਾਧੜੀ ਕਰਨ ਦੀ ਸ਼ਿਕਾਇਤ ਪ੍ਰਾਪਤ ਹੋਈ ਸੀ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
- General Labour
- AZ-DZ Drivers
- Machine Operators
- Machine Mechanic
- Millwright's
- Shift Supervisor
- Forklift Driver
- Office Admin

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

# ਵਾਸ਼ਿੰਗਟਨ ਵਿੱਚ ਮਨੁੱਖੀ ਲਾਸ਼ ਤੋਂ ਖਾਦ ਬਣਾਉਣ ਦੀ ਮਨਜ਼ੂਰੀ



ਲਾਸ ਏਂਜਲਸ, 23 ਮਈ (ਪੋਸਟ ਬਿਊਰੋ)- ਅਮਰੀਕਾ ਵਿੱਚ ਮਨੁੱਖੀ ਲਾਸ਼ ਤੋਂ ਖਾਦ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਵਾਸ਼ਿੰਗਟਨ ਇਸ ਨੂੰ ਲਾਗੂ ਕਰਨ ਵਾਲਾ ਪਹਿਲਾ ਰਾਜ ਹੋਵੇਗਾ।

ਇਸ ਸੰਬੰਧ ਵਿੱਚ ਵਾਸ਼ਿੰਗਟਨ ਦੇ ਗਵਰਨਰ ਨੇ ਇਸ ਬਿੱਲ 'ਤੇ ਦਸਤਖਤ ਕਰ ਦਿੱਤੇ ਹਨ। ਬਿੱਲ ਦਾ ਮਕਸਦ ਅੰਤਿਮ ਸੰਸਕਾਰ ਅਤੇ ਦਫਨਾਉਣ ਨਾਲ ਹੋਣ ਵਾਲੇ ਕਾਰਬਨ ਪੈਦਾ ਹੋਣ ਵਿੱਚ ਕਟੌਤੀ ਕਰਨਾ ਹੈ। ਨਵਾਂ ਨਿਯਮ ਅਗਲੇ ਸਾਲ ਮਈ ਵਿੱਚ ਲਾਗੂ ਹੋਵੇਗਾ। ਇਸ ਨਾਲ ਲੋਕਾਂ ਕੋਲ ਇਹ ਬਦਲ ਹੋਵੇਗਾ ਕਿ ਉਹ ਆਪਣੀ ਲਾਸ਼ ਨੂੰ ਖਾਦ ਬਣਾਉਣ ਲਈ ਦੇ ਸਕਣ। ਇਸ ਪ੍ਰਕਿਰਿਆ ਨੂੰ ਰੀਕਮਪੋਜੀਸ਼ਨ ਕਿਹਾ ਜਾਵੇਗਾ। ਸਿਏਟਲ ਦੀ ਇਕ ਕੰਪਨੀ ਰੀਕਮਪੋਜ ਨੇ ਸਭ ਤੋਂ ਪਹਿਲਾਂ ਮਨੁੱਖੀ ਖਾਦ ਬਣਾਉਣ ਦਾ ਆਫਰ ਦਿੱਤਾ ਸੀ। ਨਿਯਮ ਬਣਾਉਣ ਦੇ ਲਈ ਲੜਾਈ ਲੜਨ ਵਾਲੀ ਅਤੇ ਰੀਕਮਪੋਜ ਦੀ ਸੰਸਥਾਪਕ ਕੈਟਰੀਨਾ ਸਪੇਡ ਦਾ ਕਹਿਣਾ ਹੈ ਕਿ ਰੀਕਮਪੋਜੀਸ਼ਨ ਲਾਸ਼ ਨੂੰ ਦਫਨਾਉਣ ਜਾਂ ਅੰਤਿਮ ਸੰਸਕਾਰ ਦਾ ਬਦਲ ਪ੍ਰਦਾਨ ਕਰਦਾ ਹੈ। ਇਹ ਕੁਦਰਤੀ ਹੋਣ ਦੇ ਨਾਲ ਸੁਰੱਖਿਅਤ ਤੇ ਟਿਕਾਊ ਹੈ। ਇਸ ਨਾਲ ਨਾ ਕੇਵਲ ਕਾਰਬਨ ਬਣਨ ਤੋਂ ਹਟੇਟੀ, ਸਗੋਂ ਜ਼ਮੀਨ ਦੀ ਵੀ ਬਚਤ ਹੋਵੇਗੀ। ਕੈਟਰੀਨਾ ਦੇ ਮੁਤਾਬਕ ਉਨ੍ਹਾਂ ਦਾ ਸਾਹ-ਮਣਾ 20 ਬਿਲੀਅਨ ਡਾਲਰ ਦੇ ਅਮਰੀਕੀ ਅੰਤਿਮ ਸੰਸਕਾਰ ਕਾਰੋਬਾਰ ਨਾਲ ਸੀ, ਜੋ ਪਾਰੰਪਰਿਕ ਪ੍ਰਕਿਰਿਆ ਦਾ ਪੈਰੋਕਾਰ ਸੀ।

# ਹਾਦਸੇ ਵਿੱਚ ਔਰਤ ਦੀ ਮੌਤ ਲਈ ਪਰਿਵਾਰ ਨੂੰ 82 ਲੱਖ ਰੁਪਏ ਮੁਆਵਜ਼ਾ ਮਿਲੇਗਾ



ਚੰਡੀਗੜ੍ਹ, 23 ਮਈ (ਪੋਸਟ ਬਿਊਰੋ)- ਸੈਕਟਰ-43 ਦੀ ਰਹਿਣ ਵਾਲੀ ਸੁਰਿੰਦਰ ਕੌਰ ਦੀ ਪਿਛਲੇ ਸਾਲ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਕੋਰਟ ਨੇ ਉਸ ਦੇ ਪਰਵਾਰ ਨੂੰ 82.75 ਲੱਖ ਰੁਪਏ ਮੁਆਵਜ਼ਾ ਦੇਣ ਨੂੰ ਕਿਹਾ ਹੈ।

ਵਰਨਣ ਯੋਗ ਹੈ ਕਿ ਮ੍ਰਿਤਕਾ ਦੇ ਪਰਵਾਰ ਨੇ ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ ਵਿੱਚ ਕਲੇਮ ਦੀ ਪਟੀਸ਼ਨ ਦਾਇਰ ਕੀਤੀ ਸੀ। ਪਰਵਾਰ ਨੇ ਸੈਕਟਰ 43 ਦੀ ਅਲਕਾ ਭਾਰਦਵਾਜ ਦੇ ਖਿਲਾਫ ਕੇਸ ਕੀਤਾ ਸੀ। 17 ਮਾਰਚ 2018 ਨੂੰ ਸੁਰਿੰਦਰ ਕੌਰ ਐਕਟਿਵਾ ਉੱਤੇ ਜਾ ਰਹੀ ਸੀ। ਰਸਤੇ ਵਿੱਚ ਇੱਕ ਕਾਰ ਨੇ ਐਕਟਿਵਾ ਨੂੰ ਟੱਕਰ ਮਾਰ ਦਿੱਤੀ। ਇਸ ਕਾਰ ਨੂੰ ਅਲਕਾ ਭਾਰਦਵਾਜ ਚਲਾ ਰਹੀ ਸੀ, ਜਿਨ੍ਹਾਂ ਨੇ ਕਾਰ ਨੂੰ ਰਿਵਰਸ ਕਰਦੇ ਹੋਏ ਐਕਟਿਵਾ ਨੂੰ ਟੱਕਰ ਮਾਰੀ ਅਤੇ ਇਸ ਦੇ ਨਾਲ ਸੁਰਿੰਦਰ ਜ਼ਮੀਨ 'ਤੇ ਡਿੱਗ ਗਈ। ਸਿਰ ਤੇ ਗੰਭੀਰ ਸੱਟ ਕਾਰਨ ਉਨ੍ਹਾਂ ਨੂੰ ਗੌਰਮਿੰਟ ਹਸਪਤਾਲ ਦਾਖਲ ਕਰਾਇਆ ਗਿਆ, ਜਿੱਥੋਂ ਉਨ੍ਹਾਂ ਨੂੰ ਮੈਕਸ ਹਸਪਤਾਲ ਮੋਹਾਲੀ ਵਿੱਚ ਰੈਫਰ ਕਰ ਦਿੱਤਾ ਗਿਆ। 11 ਦਿਨ ਬਾਅਦ 28 ਅਕਤੂਬਰ ਨੂੰ ਸੁਰਿੰਦਰ ਦੀ ਮੌਤ ਹੋ ਗਈ। ਸੁਰਿੰ-ਦਰ ਦੇ ਪਤੀ ਜਸਵਿੰਦਰ ਸਿੰਘ, ਉਸ ਦੇ ਬੇਟਿਆਂ ਗੁਰਵਿੰਦਰ ਸਿੰਘ ਅਤੇ ਪ੍ਰਭਜੋਤ ਸਿੰਘ ਨੇ ਪਟੀਸ਼ਨ ਵਿੱਚ ਕਿਹਾ ਕਿ ਸੁਰਿੰਦਰ ਕੌਰ ਪੰਜਾਬ ਦੇ ਇਰੀਗੇਸ਼ਨ ਐਂਡ ਵਾਟਰ ਰਿਸੋਰਸਿਜ਼ ਡਿਪਾਰਟਮੈਂਟ ਵਿੱਚ ਸੀਨੀਅਰ ਅਸਿਸਟੈਂਟ ਸੀ। ਇਸ ਸਮੇਂ ਉਹ ਡੈਪੂਟੇਸ਼ਨ ਉਤੇ ਯੂ ਟੀ ਐਨੀਮਲ ਹਸਬੈਂਡਰੀ ਡਿਪਾਰਟਮੈਂਟ ਵਿੱਚ ਕੰਮ ਕਰ ਰਹੀ ਸੀ। ਉਨ੍ਹਾਂ ਦੀ ਮਹੀਨੇ ਦੀ ਤਨਖਾਹ 67,622 ਰੁਪਏ ਸੀ। ਪਰਵਾਰ ਨੇ ਟ੍ਰਿਬਿਊਨਲ ਤੋਂ ਨੱਬੇ ਲੱਖ ਰੁਪਏ ਦਾ ਕਲੇਮ ਦਿੱਤੇ ਜਾਣ ਦੀ ਮੰਗ ਕੀਤੀ। ਕਾਰ ਚਲਾ ਰਹੀ ਅਲਕਾ ਭਾਰਦਵਾਜ ਨੇ ਟ੍ਰਿਬਿਊਨਲ ਵਿੱਚ ਕਿਹਾ ਕਿ ਉਹ ਆਪਣੇ ਘਰ ਤੋਂ ਕਾਰ ਰਿਵਰਸ ਕਰ ਰਹੀ ਸੀ। ਉਨ੍ਹਾਂ ਦੀ ਸਪੀਡ ਕਾਫੀ ਘੱਟ ਸੀ, ਪਰ ਸੁਰਿੰਦਰ ਕੌਰ ਐਕਵਿਟਾ ਨੂੰ ਲਾਪਰਵਾਹੀ ਨਾਲ ਤੇ ਤੇਜ਼ ਰਫਤਾਰ ਵਿੱਚ ਚਲਾ ਰਹੀ ਸੀ। ਇਸ ਕਾਰਨ ਐਕਟਿਵਾ ਆ ਕੇ ਕਾਰ ਨਾਲ ਟਕਰਾ ਗਈ ਅਤੇ ਹਾਦਸਾ ਹੋ ਗਿਆ। ਐਕਸੀਡੈਂਟ ਵਿੱਚ ਉਨ੍ਹਾਂ ਦੀ ਗਲਤੀ ਨਹੀਂ ਹੈ। ਦੋਵਾਂ ਧਿਰਾਂ ਦੀ ਬਹਿਸ ਪਿੱਛੋਂ ਟ੍ਰਿਬਿਊਨਲ ਨੇ ਅਲਕਾ ਭਾਰਦਵਾਜ, ਕਾਰ ਦੇ ਮਾਲਕ ਅਤੇ ਇੰਸ਼ੋਰੈਂਸ ਕੰਪਨੀ ਨੂੰ 82 ਲੱਖ 75 ਹਜ਼ਾਰ 120 ਰੁਪਏ ਕਲੇਮ ਭਰਨ ਦਾ ਫੈਸਲਾ ਸੁਣਾਇਆ।




## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ ਫ਼੍ਰ ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋਂ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

{ YOUR AD HERE }
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1 mnth

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਦਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience
Email Resume at umar.w@cellntell.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce
Email Resume at umar.w@cellntell.com



# ਪੰਜਾਬ ਹਰਿਆਣਾ ਹਾਈ ਕੋਰਟ ਦੇ ਜਸਟਿਸ ਮਿੱਤਲ ਮੇਘਾਲਿਆ ਦੇ ਚੀਫ ਜਸਟਿਸ ਬਣੇ




ਚੰਡੀਗੜ੍ਹ, 23 ਮਈ (ਪੋਸਟ ਬਿਊਰੋ)- ਲੰਬੇ ਸਮੇਂ ਤੋਂ ਪੰਜਾਬ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਜੱਜ ਜਸਟਿਸ ਅਜੈ ਕੁਮਾਰ ਮਿੱਤਲ ਨੂੰ ਮੇਘਾਲਿਆ ਹਾਈ ਕੋਰਟ ਦੇ ਚੀਫ ਜਸਟਿਸ ਨਿਯੁਕਤ ਕੀਤਾ ਗਿਆ ਹੈ। ਉਹ 28 ਮਈ ਤੋਂ ਮੇਘਾਲਿਆ ਹਾਈ ਕੋਰਟ ਦੇ ਚੀਫ ਜਸਟਿਸ ਦੇ ਤੌਰ ਉੱਤੇ ਆਪਣਾ ਅਹੁਦਾ ਸੰਭਾਲਣਗੇ।

ਮੇਘਾਲਿਆ ਹਾਈ ਕੋਰਟ ਦੇ ਚੀਫ ਜਸਟਿਸ ਐੱਮ ਵਾਈ ਮੀਰ ਦੀ ਸੇਵਾਮੁਕਤੀ ਮੌਕੇ ਸੁਪਰੀਮ ਕੋਰਟ ਕਾਲੇਜੀਅਮ ਨੇ ਜਸਟਿਸ ਅਜੈ ਕੁਮਾਰ ਮਿੱਤਲ ਨੂੰ ਮੇਘਾਲਿਆ ਹਾਈ ਕੋਰਟ ਦਾ ਅਗਲਾ ਚੀਫ ਜਸਟਿਸ ਬਣਾਉਣ ਦੀ ਸਿਫਾਰਸ਼ ਕੀਤੀ ਸੀ। ਜਸਟਿਸ ਮਿੱਤਲ ਨੂੰ ਚੀਫ ਜਸਟਿਸ ਬਣਾਉਣ ਦੀ ਚਰਚਾ ਲਗਭਗ ਦੋ ਸਾਲ ਪਹਿਲਾਂ ਸ਼ੁਰੂ ਹੋ ਗਈ ਸੀ, ਪਰ ਉਸ ਵੇਲੇ ਜਸਟਿਸ ਐੱਸ ਐੱਸ ਸਾਰੋਂ ਤੋਂ ਜੂਨੀਅਰ ਹੋਣ ਕਾਰਨ ਸੁਪਰੀਮ ਕੋਰਟ ਕਾਲੇਜੀਅਮ ਨੇ ਦਿੱਲੀ ਹਾਈ ਕੋਰਟ ਦੇ ਚੀਫ ਜਸਟਿਸ ਵਜੋਂ ਉਨ੍ਹਾਂ ਦੀ ਤਰੱਕੀ ਦੀ ਸਿਫਾਰਸ਼ ਨੂੰ ਟਾਲ ਦਿੱਤਾ ਸੀ ਅਤੇ ਜਸਟਿਸ ਸਾਰੋਂ ਦੀ ਸੇਵਾਮੁਕਤੀ ਨੂੰ ਸਿਰਫ ਤਿੰਨ ਮਹੀਨੇ ਦਾ ਸਮਾਂ ਬਾਕੀ ਹੋਣ ਕਾਰਨ ਉਨ੍ਹਾਂ ਨੂੰ ਵੀ ਚੀਫ ਜਸਟਿਸ ਨਹੀਂ ਬਣਾਇਆ ਸੀ। ਪਿਛਲੇ ਸਾਲ ਹਿਮਾਚਲ ਹਾਈ ਕੋਰਟ ਦੇ ਚੀਫ ਜਸਟਿਸ ਦੀ ਨਿਯੁਕਤੀ ਲਈ ਸੁਪਰੀਮ ਕੋਰਟ ਕਾਲੇਜੀਅਮ ਨੇ ਜਸਟਿਸ ਮਿੱਤਲ ਤੋਂ ਸੀਨੀਆਰਟੀ ਵਿੱਚ ਘੱਟ ਜਸਟਿਸ ਸੂਰਿਆਕਾਂਤ ਨੂੰ ਪਹਿਲ ਦਿੱਤੀ ਸੀ ਤੇ ਜਸਟਿਸ ਸੂਰਿਆਕਾਂਤ ਇਸ ਵੇਲੇ ਹਿਮਾਚਲ ਹਾਈ ਕੋਰਟ ਦੇ ਚੀਫ ਜਸਟਿਸ ਹਨ। ਵਰਨਣ ਯੋਗ ਹੈ ਕਿ ਜਸਟਿਸ ਮਿੱਤਲ ਦੇ ਚੀਫ ਜਸਟਿਸ ਬਣਨ ਨਾਲ ਪੰਜਾਬ ਹਰਿਆਣਾ ਹਾਈ ਕੋਰਟ ਦੇ ਦੋ ਜੱਜ ਵੱਖ-ਵੱਖ ਅਦਾਲਤਾਂ ਵਿੱਚ ਚੀਫ ਜਸਟਿਸ ਬਣ ਜਾਣਗੇ।

# ਹਮਲਾ ਕਰਕੇ ਭੂਆ ਦੇ ਲੜਕੇ ਦਾ ਕਤਲ ਕਰ ਸੁੱਟਿਆ



ਫਾਜ਼ਿਲਕਾ, 23 ਮਈ (ਪੋਸਟ ਬਿਊਰੋ)- ਜ਼ਿਲੇ ਦੇ ਪਿੰਡ ਖੂਈ ਖੇੜਾ 'ਚ ਕੱਲ੍ਹ ਰਾਤ ਘਰੇਲੂ ਝਗੜੇ ਦੌਰਾਨ ਇਕ ਨੌਜਵਾਨ ਨੇ ਆਪਣੀ ਭੂਆ ਦੇ ਲੜਕੇ ਦੇ ਗੁਪਤ ਅੰਗ 'ਤੇ ਤੇਜ਼ਧਾਰ ਹਥਿਆਰ ਨਾਲ ਵਾਰ ਕਰਕੇ ਉਸ ਨੂੰ ਜ਼ਖਮੀ ਕਰ ਦਿੱਤਾ, ਜਿਸ ਦੀ ਹਸਪਤਾਲ ਲਿਜਾਂਦੇ ਸਮੇਂ ਮੌਤ ਹੋ ਗਈ। ਦੋਸ਼ੀ ਦੋ ਮਹੀਨਿਆਂ ਤੋਂ ਆਪਣੀ ਭੂਆ ਦੇ ਘਰ ਰਹਿ ਰਿਹਾ ਸੀ।

ਮ੍ਰਿਤਕ ਦੇ ਭਰਾ ਸੰਦੀਪ ਕੁਮਾਰ ਨੇ ਦੱਸਿਆ ਕਿ ਸੁਨੀਲ ਕੁਮਾਰ (35) ਮਾਂ ਰੰਜੂ ਦੇਵੀ ਨਾਲ ਵੱਖਰੇ ਘਰ ਵਿੱਚ ਰਹਿੰਦਾ ਸੀ। ਪਿਛਲੇ ਦੋ ਮਹੀਨਿਆਂ ਤੋਂ ਉਸ ਦੇ ਮਾਮੇ ਦਾ ਲੜਕਾ ਬੰਟੀ ਪਿੰਡ ਖੂਈ ਖੇੜਾ ਵਿੱਚ ਰਹਿਣ ਦੇ ਲਈ ਆਇਆ ਹੋਇਆ ਸੀ, ਜਿਸ ਨੂੰ ਉਸ ਦੀ ਮਾਂ ਨੇ ਆਪਣੇ ਕੋਲ ਰੱਖਿਆ ਹੋਇਆ ਸੀ। ਉਸ ਨੇ ਦੋਸ਼ ਲਾਇਆ ਕਿ ਮੁਲਜ਼ਮ ਉਸ ਦੀ ਭਾਬੀ ਉਤੇ ਗਲਤ ਨਿਗ੍ਹਾ ਰੱਖਦਾ ਸੀ। ਇਹ ਗੱਲ ਸੁਨੀਲ ਕੁਮਾਰ ਨੇ ਪਿੰਡ ਦੀ ਪੰਚਾਇਤ ਦੇ ਧਿਆਨ 'ਚ ਵੀ ਲਿਆਂਦੀ ਸੀ, ਜਿਸ 'ਤੇ ਪੰਚ-ਾਇਤ ਨੇ ਬੰਟੀ ਨੂੰ ਆਪਣੇ ਘਰ ਵਾਪਸ ਜਾਣ ਲਈ ਕਿਹਾ ਸੀ। ਬੰਟੀ ਨੇ ਇਸ ਗੱਲ ਨੂੰ ਲੈ ਕੇ ਰੰਜਿਸ਼ ਰੱਖੀ ਸੀ। 21 ਮਈ ਰਾਤ ਨੂੰ ਉਸ ਦਾ ਭਰਾ ਕਰੀਬ 10 ਵਜੇ ਉਸ ਦੇ ਘਰ ਆਇਆ ਤੇ ਕਹਿਣ ਲੱਗਾ ਕਿ ਬੰਟੀ ਘਰ 'ਚ ਰੌਲਾ ਪਾ ਰਿਹਾ ਹੈ। ਉਹ ਆਪਣੇ ਭਰਾ ਨਾਲ ਉਸ ਦੇ ਘਰ ਚਲਾ ਗਿਆ। ਜਦ ਉਹ ਘਰ ਕੋਲ ਪਹੁੰਚੇ ਤਾਂ ਬੰਟੀ ਨੇ ਕਿਸੇ ਤੇਜ਼ਧਾਰ ਹਥਿਆਰ ਨਾਲ ਸੁਨੀਲ ਦੇ ਗੁਪਤ ਅੰਗ ਉਤੇ ਵਾਰ ਕਰ ਦਿੱਤਾ, ਜਿਸ ਕਾਰਨ ਉਹ ਸੜਕ 'ਤੇ ਡਿੱਗ ਪਿਆ। ਉਹ ਉਸ ਨੂੰ ਲੈ ਕੇ ਹਸਪਤਾਲ ਚੱਲੇ, ਪਰ ਰਸਤੇ 'ਚ ਉਸ ਨੇ ਦਮ ਤੋੜ ਦਿੱਤਾ।

ਬੰਟੀ ਹਰਿਆਣਾ ਦੇ ਪਿੰਡ ਰੱਤੀਆ ਦਾ ਰਹਿਣ ਵਾਲਾ ਹੈ ਤੇ ਉਹ ਵੀ ਸਰਕਾਰੀ ਹਸਪਤਾਲ 'ਚ ਦਾਖਲ ਹੈ। ਸੂਚਨਾ ਮਿਲਣ 'ਤੇ ਥਾਣਾ ਖੂਈ ਖੇੜਾ ਦੀ ਪੁਲਸ ਹਸਪਤਾਲ ਪਹੁੰਚੀ ਅਤੇ ਸੰਦੀਪ ਕੁਮਾਰ ਦੇ ਬਿਆਨਾਂ 'ਤੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮੋਬਾਈਲ ਤੇ ਨਕਦੀ ਖੋਹਣ ਦੇ ਦੋਸ਼ ਵਿੱਚ ਕੈਸ਼ ਤੇ ਕੋਂਡਾ ਗ੍ਰਿਫਤਾਰ



ਜਲੰਧਰ, 23 ਮਈ (ਪੋਸਟ ਬਿਊਰੋ)- ਅਰਮਾਨ ਨਗਰ ਫਾਟਕ ਨੇੜੇ ਆਪਣੇ ਘਰ ਜਾ ਰਹੇ ਅਸ਼ੋਕ ਰਾਵਤ ਨਾਮਕ ਪ੍ਰਵਾਸੀ ਮਜ਼ਦੂਰ ਨੂੰ ਘੇਰ ਕੇ ਉਸ ਦਾ ਮੋਬਾਈਲ ਤੇ ਨਕਦੀ ਖੋਹਣ ਦੇ ਮਾਮਲੇ ਵਿੱਚ ਕੱਲ੍ਹ ਨੰਗਲ ਸ਼ਾਮਾ ਪੁਲਸ ਚੌਕੀ ਦੇ ਇੰਚਾਰਜ ਐਸ ਆਈ ਸੇਵਾ ਸਿੰਘ ਦੀ ਅਗਵਾਈ ਵਿੱਚ ਏ ਐਸ ਆਈ ਭੁਪਿੰਦਰ ਸਿੰਘ ਨੇ ਕੈਸ਼ ਅਤੇ ਕੋਂਡਾ ਨਾਮਕ ਦੋ ਦੋਸ਼ੀਆਂ ਨੂੰ ਕਾਬੂ ਕਰ ਲਿਆ ਅਤੇ ਅਗਲੀ ਪੁੱਛਗਿੱਛ ਦੀ ਕਾਰਵਾਈ ਕੀਤੀ ਜਾ ਰਹੀ ਹੈ।

ਐਸ ਐਚ ਓ ਰਾਮਾ ਮੰਡੀ ਸੁਖਜੀਤ ਸਿੰਘ ਨੇ ਦੱਸਿਆ ਕਿ ਇਸ ਕੇਸ ਵਿੱਚ ਪੁਲਸ ਗੋਬਿੰਦਾ, ਸੰਨੀ ਤੇ ਅਵਤਾਰ ਉਰਫ ਗੱਬਰ ਨਾਮਕ ਤਿੰਨ ਦੋਸ਼ੀਆਂ ਨੂੰ ਪਹਿਲਾਂ ਫੜ ਚੁੱਕੀ ਹੈ, ਜਿਹੜੇ ਜੇਲ੍ਹ ਜਾ ਕੇ ਜ਼ਮਾਨਤ 'ਤੇ ਆਏ ਹੋਏ ਹਨ। ਉਨ੍ਹਾਂ ਨੇ ਦੱਸਿਆ ਕਿ ਕੁੱਲ ਪੰਜ ਜਣਿਆਂ ਨੇ ਵਾਰਦਾਤ ਕੀਤੀ ਸੀ, ਜਿਸ ਦੇ ਬਾਅਦ ਥਾਣਾ ਰਾਮਾ ਮੰਡੀ ਵਿੱਚ ਅਸ਼ੋਕ ਰਾਵਤ ਦੇ ਬਿਆਨਾਂ ਉਤੇ ਪੁਲਸ ਨੇ ਕੇਸ ਦਰਜ ਕੀਤਾ ਸੀ। ਵਿਪਿਨ ਕੁਮਾਰ ਉਰਫ ਕੈਸ਼ ਪੁੱਤਰ ਸੁਦੇਸ਼ ਕੁਮਾਰ ਵਾਸੀ ਏਕਤਾ ਨਗਰ ਰਾਮਾ ਮੰਡੀ ਅਤੇ ਅਜੈ ਕੁਮਾਰ ਕੋਂਡਾ ਪੁੱਤਰ ਬਲਵੰਤ ਸਿੰਘ ਵਾਸੀ ਬੇਅੰਤ ਨਗਰ, ਲੱਧੇਵਾਲੀ ਫਰਾਰ ਸਨ, ਜਿਨ੍ਹਾਂ ਨੂੰ ਕੱਲ੍ਹ ਐਸ ਆਈ ਸੇਵਾ ਸਿੰਘ ਚੌਕੀ ਪ੍ਰਮੁੱਖ ਦੀ ਅਗਵਾਈ ਵਿੱਚ ਪੁਲਸ ਪਾਰਟੀ ਨੇ ਫੜ੍ਹ ਲਿਆ।

# ਅਰਬੀ ਲੇਖਕ ਜੋਖਾ ਅਲਹਾਰਥੀ ਨੂੰ ਮੈਨ ਬੁੱਕਰ ਸਾਹਿਤ ਪੁਰਸਕਾਰ

ਲੰਡਨ, 23 ਮਈ (ਪੋਸਟ ਬਿਊਰੋ)- ਓਮਾਨ ਦੀ ਲੇਖਿਕਾ ਜੋਖਾ ਅਲਹਾਰਥੀ ਨੂੰ ਉਹਦੀ ਕਿਤਾਬ 'ਸਿਲੈਸਟੀਅਲ ਬੌਡੀਜ਼' ਲਈ ਮੈਨ ਬੁੱਕਰ ਕੌਮਾਂਤਰੀ ਪੁਰਸਕਾਰ ਦਿੱਤਾ ਗਿਆ ਹੈ। ਇਹ ਇਨਾਮ ਲੈਣ ਵਾਲੀ ਉਹ ਪਹਿਲੀ ਅਰਬ ਲੇਖਿਕਾ ਹੈ। ਇਹ ਕਿਤਾਬ ਲੇਖਕ ਦੇ ਮੁਲਕ ਵਿੱਚ ਬਸਤੀਵਾਦੀ ਕਾਲ ਮਗਰੋਂ ਆਈ ਤਬਦੀਲੀ ਨੂੰ ਪ੍ਰਦਰਸ਼ਿਤ ਕਰਦੀ ਹੈ।

ਕਿਤਾਬ ਦੀ ਕਹਾਣੀ ਦੇ ਕੇਂਦਰ ਵਿੱਚ ਤਿੰਨ ਭੈਣਾਂ; ਮਾਇਆ, ਅਸਮਾ ਤੇ ਖਵਾਲਾ ਹਨ। ਇਹ ਤਿੰਨੇ ਭੈਣਾਂ ਗੁਲਾਮੀ ਵਾਲੇ ਸਮਾਜ ਤੋਂ ਓਮਾਨ ਦੇ ਉਭਰਨ ਦੇ ਦੌਰ ਦੀਆਂ ਗਵਾਹ ਬਣੀਆਂ ਹਨ। ਅਲਹਾਰਥੀ (40) ਨੇ ਬੀਤੇ ਦਿਨੀਂ ਰਾਊਂਡ ਹਾਊਸ ਵਿੱਚ ਇਕ ਸਮਾਗਮ ਪਿੱਛੋਂ ਕਿਹਾ, 'ਮੈਂ ਇਸ ਗੱਲ ਲਈ ਖੁਸ਼ ਹਾਂ ਕਿ ਰੱਜੇ ਪੁੱਜੇ ਅਰਬੀ ਸੱਭਿਆਚਾਰ ਲਈ ਇਕ ਰਾਹ ਖੁੱਲ੍ਹਿਆ ਹੈ।' ਉਹ ਇਨਾਮ ਵਿੱਚ ਮਿਲੀ 50 ਹਜ਼ਾਰ ਪੌਂਡ ਦੀ ਰਾਸ਼ੀ ਇਸ ਪੁਸਤਕ ਦਾ ਅਨੁਵਾਦ ਕਰਨ ਵਾਲੀ ਅਮਰੀਕੀ ਬੁੱਧੀਜੀਵੀ ਮੈਰੀਲਿਨ ਬੂਥ ਨਾਲ ਸਾਂਝਿਆ ਕਰੇਗੀ। ਬੂਥ ਆਕਸਫੋਰਡ ਯੂਨੀਵਰਸਿਟੀ ਵਿੱਚ ਅਰਬੀ ਸਾਹਿਤ ਪੜ੍ਹਾਉਂਦੀ ਹੈ। ਜਿਊਰੀ ਦੀ ਪ੍ਰਮੁੱਖ ਬੈਟਨੀ ਹਗਸ ਨੇ ਕਿਹਾ ਕਿ ਜਿਸ ਨਾਵਲ ਨੇ ਇਹ ਪੁਰਸਕਾਰ ਜਿੱਤਿਆ ਹੈ, ਉਸ ਨੇ ਦਿਲ ਤੇ ਦਿਮਾਗ ਦੋਵੇਂ ਜਿੱਤ ਲਏ ਹਨ। 'ਸਿਲੈਸਟੀਅਲ ਬੌਡੀਜ਼' ਨੇ ਇਹ ਮਾਣਮੱਤਾ ਪੁਰਸਕਾਰ ਪੰਜ ਹੋਰਨਾਂ ਚੋਣਵੇਂ ਲੇਖਕਾਂ ਨੂੰ ਪਛਾੜ ਕੇ ਆਪਣੇ ਨਾਂ ਕੀਤਾ ਹੈ।

# ਸਰਕਾਰੀ ਸਕੂਲਾਂ ਵਿੱਚ ਪੜ੍ਹਾ ਰਹੇ ਵਾਲੰਟੀਅਰਾਂ ਨੂੰ ਦੋ ਸਾਲ ਸੇਵਾ ਦਾ ਵਾਧਾ ਨਹੀਂ ਮਿਲੇਗਾ



ਅੰਮ੍ਰਿਤਸਰ, 23 ਮਈ (ਪੋਸਟ ਬਿਊਰੋ)- ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਾ ਰਜੇ ਈ ਜੀ ਐੱਸ ਵਾਲੰਟੀਅਰਾਂ ਨੂੰ 58 ਸਾਲ ਦੀ ਨੌਕਰੀ ਪੂਰੀ ਕਰਨ ਉੱਤੇ ਹੋਰ ਮੁਲਾਜ਼ਮਾਂ ਵਾਂਗ ਦੋ ਸਾਲ ਦਾ ਸੇਵਾ ਕਾਲ ਦਾ ਵਾਧਾ ਨਹੀਂ ਮਿਲੇਗਾ। ਸਿਖਿਆ ਵਿਭਾਗ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਨ੍ਹਾਂ ਵਾਲੰਟੀਅਰਾਂ ਦੀ ਸੇਵਾ ਦੇ ਵਾਧੇ ਦਾ ਕੋਈ ਨਿਯਮ ਨਹੀਂ ਹੈ।

ਮਿਲੀ ਜਾਣਕਾਰੀ ਅਨੁਸਾਰ ਸਰਕਾਰੀ ਸਕੂਲਾਂ ਦੇ ਡਰਾਪ ਆਊਟ ਵਿਦਿਆਰਥੀਆਂ ਨੂੰ ਦੁਬਾਰਾ ਸਰਕਾਰੀ ਸਕੂਲਾਂ ਵਿੱਚ ਲਿਆਉਣ ਲਈ ਸਿਖਿਆ ਵਿਭਾਗ ਨੇ ਸਾਲ 2003 ਵਿੱਚ ਈ ਜੀ ਐੱਸ ਵਾਲੰਟੀਅਰਾਂ ਦੀ ਭਰਤੀ ਕੀਤੀ ਸੀ। ਇਨ੍ਹਾਂ ਵਾਲੰਟੀਅਰਾਂ ਨੇ ਆਪਣੀ ਨੌਕਰੀ ਪੱਕੀ ਕਰਾਉਣ ਲਈ ਸੰਘਰਸ਼ ਕੀਤਾ ਤਾਂ ਵਿਭਾਗ ਵੱਲੋਂ 12ਵੀਂ ਪਾਸ ਇਨ੍ਹਾਂ ਵਾਲੰਟੀਅਰਾਂ ਨੂੰ ਆਪਣੇ ਖਰਚੇ ਉੱਤੇ ਈ ਟੀ ਟੀ ਕਰਵਾ ਕੇ ਉਨ੍ਹਾਂ ਦੀ ਤਨਖਾਹ ਪੰਜ ਹਜ਼ਾਰ ਰੁਪਏ ਕਰ ਦਿੱਤੀ ਸੀ। ਸਰਕਾਰੀ ਸੂਕਲਾਂ ਵਿੱਚ ਅੱਜ ਕੱਲ੍ਹ ਇਹ ਵਾਲੰਟੀਅਰ ਪ੍ਰੀ-ਪ੍ਰਾਇਮਰੀ ਜਮਾਤਾਂ ਲਈ ਸੇਵਾਵਾਂ ਦੇ ਰਹੇ ਹਨ। ਪੰਜਾਬ ਦੇ ਕਈ ਜ਼ਿਲ੍ਹਾ ਸਿਖਿਆ ਅਧਿਕਾਰੀਆਂ ਨੂੰ ਸਪੱਸ਼ਟ ਨਹੀਂ ਸੀ ਕਿ ਈ ਜੀ ਐੱਸ ਵਾਲੰਟੀਅਰਾਂ ਦੀ ਸੇਵਾਮੁਕਤੀ ਪਿੱਛੋਂ ਉਨ੍ਹਾਂ ਨੂੰ ਹੋਰ ਮੁਲਾਜ਼ਮਾਂ ਨੂੰ ਮਿਲਦਾ ਦੋ ਸਾਲ ਦਾ ਸੇਵਾ ਦਾ ਵਾਧਾ ਮਿਲੇਗਾ ਜਾਂ ਨਹੀਂ। ਇਸ ਬਾਰੇ ਸਿਖਿਆ ਅਭਿਆਨ ਅਥਾਰਟੀ ਦੇ ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ ਨੇ ਸਪੱਸ਼ਟ ਕੀਤਾ ਹੈ ਕਿ ਹੋਰ ਮੁਲਜ਼ਮਾਂ ਨੂੰ 58 ਸਾਲ ਦੀ ਸੇਵਾਮੁਕਤੀ ਮੌਕੇ ਦੋ ਸਾਲ ਦਾ ਸੇਵਾ ਦਾ ਵਾਧਾ ਕੀਤਾ ਜਾਂਦਾ ਹੈ, ਪਰ ਇਹ ਵਾਲੰਟੀਅਰ ਕੰਟਰੈਕਚੁਅਲ ਹਨ, ਇਨ੍ਹਾਂ ਦੇ ਸੇਵਾਕਾਲ ਦਾ ਵਾਧਾ ਨਹੀਂ ਹੋ ਸਕਦਾ।

# ਧਰਤੀ ਉੱਤੇ ਪਾਣੀ ਚੰਨ ਤੋਂ ਆਇਆ ਹੋਵੇਗਾ



ਬਰਲਿਨ, 23 ਮਈ (ਪੋਸਟ ਬਿਊਰੋ)- ਮੰਨਿਆ ਜਾਂਦਾ ਹੈ ਕਿ ਕਰੀਬ 4.4 ਅਰਬ ਸਾਲ ਪਹਿਲਾਂ ਇਕ ਪੁਲਾੜ ਤੋਂ ਡਿੱਗਾ ਪਿੰਡ ਪ੍ਰਿਥਵੀ ਨਾਲ ਟਕਰਾਇਆ ਸੀ। ਇਸੇ ਟੱਕਰ ਨਾਲ ਚੰਦਰਮਾ ਬਣਿਆ ਸੀ। ਵਿਗਿਆਨੀਆਂ ਦਾ ਕਹਿਣਾ ਹੈ ਕਿ ਮੰਗਲ ਦੇ ਬਰਾਬਰ ਆਕਾਰ ਜਿੱਡੇ ਪਿੰਡ ਦੀ ਟੱਕਰ ਨਾਲ ਪ੍ਰਿਥਵੀ 'ਤੇ ਪਾਣੀ ਵੀ ਆਇਆ ਤੇ ਜੀਵਨ ਸੰਭਵ ਹੋਇਆ।

ਪਹਿਲਾਂ ਪੁਲਾੜ ਦੇ ਮਾਹਰਾਂ ਦਾ ਮੰਨਣਾ ਸੀ ਕਿ ਥਿਆ ਨਾਂ ਦਾ ਇਹ ਪਿੰਡ ਸਾਡੇ ਸੂਰਜੀ ਮੰਡਲ ਦਾ ਹਿੱਸਾ ਸੀ, ਪਰ ਨੇਚਰ ਐਸਟ੍ਰੋਨਾਮੀ ਜਰਨਲ ਵਿੱਚ ਛਪੇ ਅਧਿਐਨ ਮੁਤਾਬਕ ਇਹ ਪਿੰਡ ਸੂਰਜੀ ਮੰਡਲ ਦੇ ਬਾਹਰੋਂ ਆਇਆ ਸੀ। ਪ੍ਰਿਥਵੀ ਸੂਰਜੀ ਮੰਡਲ ਦਾ ਇਕਲੌਤਾ ਅਜਿਹਾ ਗ੍ਰਹਿ ਹੈ, ਜਿਸ ਦੇ ਕਰੀਬ 70 ਫੀਸਦੀ ਹਿੱਸੇ 'ਚ ਪਾਣੀ ਹੈ। ਇਸ ਦਾ ਚੰਦਰਮਾ ਵੀ ਹੋਰ ਗ੍ਰਹਿਆਂ ਦੇ ਚੰਦਰਮਾ ਦੇ ਮੁਕਾਬਲੇ ਵੱਡਾ ਹੈ। ਚੰਦਰਮਾ ਦੇ ਕਾਰਨ ਹੀ ਧਰਤੀ ਦਾ ਪੰਧ ਕਾਇਮ ਹੈ। ਧਰਤੀ 'ਤੇ ਜੀਵਨ ਦੇ ਵਿਕਾਸ ਲਈ ਪਾਣੀ ਦੇ ਨਾਲ-ਨਾਲ ਚੰਦਰਮਾ ਵੀ ਅਹਿਮ ਹੈ। ਜਰਮਨੀ ਦੀ ਯੂਨੀਵਰਸਿਟੀ ਆਫ ਮੰਸਟਰ ਦੇ ਪ੍ਰੋਫੈਸਰ ਥੋਰਸਟੇਨ ਕਲੇਨ ਨੇ ਕਿਹਾ ਕਿ ਪਹਿਲੀ ਵਾਰੀ ਚੰਦਰਮਾ ਦੇ ਬਣਨ ਅਤੇ ਪ੍ਰਿਥਵੀ ਉਤੇ ਪਾਣੀ ਦੀ ਉਤਪਤੀ ਦੇ ਸਬੰਧ ਦਾ ਪਤਾ ਲੱਗਾ ਹੈ। ਸੌਖੇ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਚੰਦਰਮਾ ਦੇ ਬਿਨਾਂ ਪ੍ਰਿਥਵੀ 'ਤੇ ਸ਼ਾਇਦ ਜੀਵ ਦਾ ਵਿਕਾਸ ਹੋਣਾ ਸੰਭਵ ਨਹੀਂ ਸੀ। ਇਸੇ ਲਈ ਪਿਛਲੇ ਕਈ ਦਹਾਕਿਆਂ ਤੋਂ ਚੰਦਰਮਾ ਬਾਰੇ ਅਧਿਐਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।

# ਮਿਲਕ ਪਲਾਂਟ ਵਿੱਚ ਦੇਸੀ ਪਿਸਤੌਲ ਲੈ ਕੇ ਘੁੰਮਦਾ ਤੋਤਾ ਗ੍ਰਿਫਤਾਰ



ਜਲੰਧਰ, 23 ਮਈ (ਪੋਸਟ ਬਿਊਰੋ)- ਥਾਣਾ ਨੰਬਰ ਇੱਕ ਦੀ ਪੁਲਸ ਨੇ ਵੇਰਕਾ ਪਲਾਂਟ ਵਿੱਚ ਦੇਸੀ ਪਿਸਤੌਲ ਡੱਬ ਵਿੱਚ ਲੈ ਕੇ ਘੁੰਮ ਰਹੇ ਤੋਤਾ ਨਾਂਅ ਦੇ ਅਪਰਾਧੀ ਨੂੰ ਗ੍ਰਿਫਤਾਰ ਕੀਤਾ ਹੈ। ਸ਼ਿਵ ਚੌਹਾਨ ਉਰਫ ਤੋਤਾ ਮੰਗਲਵਾਰ ਹੀ ਜ਼ਮਾਨਤ 'ਤੇ ਜੇਲ੍ਹ ਤੋਂ ਆਇਆ ਸੀ। ਪੁਲਸ ਨੂੰ ਸ਼ੱਕ ਹੈ ਕਿ ਜਿੱਥੋਂ ਤੋਤਾ ਨੂੰ ਗ੍ਰਿਫਤਾਰ ਕੀਤਾ ਗਿਆ, ਉਥੇ ਉਸ ਦੇ ਵਿਰੋਧੀ ਪੱਖ ਦੇ ਲੋਕ ਰਹਿੰਦੇ ਸਨ ਤੇ ਉਹ ਕੋਈ ਵਾਰਦਾਤ ਕਰਨ ਵਾਲਾ ਹੋ ਸਕਦਾ ਸੀ। ਏ ਐਸ ਆਈ ਜਗਦੀਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਤੋਤਾ ਪੁੱਤਰ ਅਜੇ ਚੌਹਾਨ ਵਾਸੀ ਢੰਨ ਮੁਹੱਲਾ ਵੇਰਕਾ ਮਿਲਕ ਪਲਾਂਟ ਕੋਲ ਘੁੰਮ ਰਿਹਾ ਹੈ ਅਤੇ ਉਸ ਕੋਲ ਦੇਸੀ ਪਿਸਤੌਲ ਹੈ। ਪੁਲਸ ਕੋਲ ਇਨਪੁਟ ਸੀ ਕਿ ਉਹ ਕਿਸੇ ਦਾ ਕਤਲ ਦੀ ਫਿਰਾਕ 'ਚ ਹੈ, ਜਿਸ ਪਿੱਛੋਂ ਪੁਲਸ ਨੇ ਰੇਡ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ। ਪਿਸਤੌਲ ਦੇ ਨਾਲ ਗ੍ਰਿਫਤਾਰ ਹੋਏ ਤੋਤਾ ਨੇ ਦੱਸਿਆ ਕਿ ਉਸ ਨੇ ਇਹ ਪਿਸਤੌਲ ਦਿੱਲੀ ਤੋਂ ਆਉਂਦੇ ਹੋਏ ਇੱਕ ਬਸ ਕੰਡਕਟਰ ਤੋਂ 25 ਹਜ਼ਾਰ ਰੁਪਏ ਦੀ ਖਰੀਦੀ ਸੀ। ਤੋਤਾ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਉਸ ਦੇ ਖਿਲਾਫ ਪਹਿਲਾਂ ਵੀ ਕੇਸ ਦਰਜ ਹਨ। ਉਸ ਦੀ ਪੁੱਛਗਿੱਛ ਵਿੱਚ ਪਤਾ ਲੱਗਾ ਕਿ ਤੋਤਾ ਨੇ ਪਿਸੌਤਲ ਨਾਲ 17 ਗੋਲੀਆਂ ਖਰੀਦੀਆਂ ਸਨ ਜਿਨ੍ਹਾਂ 'ਚੋਂ 15 ਗੋਲੀਆਂ ਉਸ ਨੇ ਆਪਣੇ ਦੋਸਤ ਦੇ ਵਿਆਹ 'ਚ ਚਲਾ ਦਿੱਤੀਆਂ ਸਨ।

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
$1,000
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਪਸ਼ੂ ਵਪਾਰ ਨਾਲ ਜੁੜੇ ਲੋਕਾਂ ਦੇ ਮੁੜ ਵਸੇਬੇ ਦੀ ਲੋੜ

-ਨਵੀਨ ਐਸ ਗਰੇਵਾਲ



ਜ਼ਿੰਦਗੀ ਹਮੇਸ਼ਾ ਚੁਣੌਤੀਆਂ ਦਿੰਦੀ ਰਹਿੰਦੀ ਹੈ। ਇਕ ਪਾਸੇ ਮਨੁੱਖ ਵਿਗਿਆਨ ਦੇ ਜ਼ਰੀਏ ਬ੍ਰਹਿਮੰਡ ਦੇ ਗੁੱਝੇ ਭੇਤ ਜਾਣਨ ਲਈ ਕੁਦਰਤ ਨੂੰ ਚੁਣੌਤੀ ਦੇ ਰਿਹਾ ਹੈ ਅਤੇ ਦੂਜੇ ਪਾਸੇ ਉਹ ਸੌੜੀ ਰਾਜਨੀਤਕ ਸੋਚ ਦੇ ਬੰਧਨਾਂ ਤੇ ਉਜੱਡਪੁਣੇ ਤੋਂ ਮੁਕਤ ਹੋਣ ਵਿੱਚ ਅਸਫਲ ਹੈ। ਅਜਿਹੇ ਵਿੱਚ ਭਾਰਤੀ ਸੰਵਿਧਾਨ ਅਤੇ ਕਾਨੂੰਨ ਦੀ ਅਵੱਗਿਆ ਨੇ ਬਹੁਤ ਸਾਰੀਆਂ ਜਾਨਾਂ ਲੈ ਲਈਆਂ ਅਤੇ ਇਹ ਵਰਤਾਰਾ ਲਗਾਤਾਰ ਜਾਰੀ ਹੈ, ਕਿਉਂਕਿ ਕੁਝ ਲੋਕਾਂ ਨੂੰ ਇਹ ਕੰਮ ਸੂਤ ਬੈਠਦਾ ਹੈ।

ਗਊ ਤਸਕਰੀ ਦਾ ਧੱਬਾ ਲਾ ਕੇ ਹਜੂਮ ਵੱਲੋਂ ਰਾਜਸਥਾਨ ਵਿੱਚ ਮਾਰੇ ਗਏ ਹਰਿਆਣਾ ਦੇ ਮੇਵਾਤ ਜ਼ਿਲੇ ਦੇ ਪਿੰਡ ਕੋਲਗਾਓਂ ਦੇ ਵਾਸੀ ਅਕਬਰ ਖਾਨ ਦੀ ਮੌਤ ਨੂੰ ਇਸ ਰਾਜ ਦੇ ਲੋਕ ਮੁਹੰਮਦ ਇਖਲਾਕ ਜਾਂ ਪਹਿਲੂ ਖਾਨ ਵਾਂਗ ਭੁੱਲ ਜਾਣਗੇ ਜਿਹੜੇ ਅਜਿਹੇ ਹੀ ਹਾਲਾਤ ਵਿੱਚ ਕੁਝ ਸਾਲ ਪਹਿਲਾਂ ਮਾਰੇ ਗਏ ਸਨ। ਇਹ ਵਰਤਾਰਾ ਇਉਂ ਹੀ ਜਾਰੀ ਰਹੇਗਾ, ਮ੍ਰਿਤਕਾਂ ਦੇ ਨਾਂ ਬਦਲਦੇ ਰਹਿਣਗੇ। ਜੇ ਭੀੜ ਹੱਥੋਂ ਕਤਲ ਬਾਰੇ ਕੁਦਰਤੀ ਨਿਆਂ ਦੀ ਅਵੱਗਿਆ ਸਚਮੁੱਚ ਰੋਕਣੀ ਹੈ ਤਾਂ ਹਰਿਆਣਾ ਜਾਂ ਰਾਜਸਥਾਨ ਦੀ ਸਰਕਾਰ ਨੂੰ ਸਮਝਣਾ ਪਵੇਗਾ ਕਿ ਖੇਤਰ ਵਿੱਚ ਗਊਆਂ ਤੇ ਹੋਰ ਪਸ਼ੂਆਂ ਦੇ ਵਪਾਰ ਦਾ ਧੰਦਾ ਸਦੀਆਂ ਪੁਰਾਣਾ ਹੈ। ਮਰੇ ਹੋਏ ਪਸ਼ੂਆਂ ਦੀ ਖੱਲ ਤੇ ਮੀਟ ਦਾ ਕੰਮ ਕਰਨ ਵਾਲੇ ਲੋਕਾਂ ਲਈ ਇਹ ਧੰਦਾ ਪੀੜ੍ਹੀਆਂ ਤੋਂ ਰੋਜ਼ੀ ਰੋਟੀ ਦਾ ਸਾਧਨ ਬਣਿਆ ਆ ਰਿਹਾ ਹੈ। 'ਗਊ ਤਸਕਰੀ' ਸ਼ਬਦ ਮਾੜਾ ਹੈ, ਜਿਸ ਬਾਰੇ ਬਹੁਤਾ ਬੋਲਿਆ ਜਾਂ ਲਿਖਿਆ ਨਹੀਂ ਜਾਂਦਾ। ਹਰਿਆਣਾ ਦੇ ਮੇਵਾਤ ਅਤੇ ਰਾਜਸਥਾਨ ਨੇੜਲੇ ਪਾਸੇ 'ਪਸ਼ੂ ਵਪਾਰ' ਬੜਾ ਪੁਰਾਣਾ ਹੈ। ਪਹਿਲਾਂ ਇਹ ਲੋਕ 'ਪਸ਼ੂ ਵਪਾਰੀ' ਸਨ, ਸਿਆਸੀ ਮਾਹੌਲ ਬਦਲਣ ਨਾਲ ਇਹ 'ਗਊ ਤਸਕਰ' ਕਹੇ ਜਾ ਰਹੇ ਹਨ, ਵਪਾਰੀ ਨਹੀਂ ਰਹੇ। ਰੋਜ਼ੀ ਰੋਟੀ ਦੇ ਇਸ ਧੰਦੇ ਨਾਲ ਅੱਜ ਕੱਲ੍ਹ ਕੁਝ ਖੱਬੀਖਾਨਾਂ ਦੀਆਂ ਧਾਰਮਿਕ ਭਾਵਨਾਵਾਂ ਜੁੜ ਗਈਆਂ ਹਨ।


ਹਰਿਆਣਾ ਸਰਕਾਰ ਨੇ ਇਕ ਸਖਤ ਕਾਨੂੰਨ ਬਣਾਇਆ ਹੈ, ਜਿਸ ਵਿੱਚ ਜਾਨਵਰਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਲੋਕਾਂ ਲਈ ਸਖਤ ਸਜ਼ਾ ਤੈਅ ਕੀਤੀ ਹੈ। ਜੇ ਕੋਈ ਵਿਅਕਤੀ ਗਊ ਹੱਤਿਆ ਦਾ ਦੋਸ਼ੀ ਪਾਇਆ ਜਾਵੇ ਤਾਂ ਦਸ ਸਾਲ ਤੱਕ ਦੀ ਕੈਦ ਤੇ ਇਕ ਲੱਖ ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ। ਜੁਰਮਾਨਾ ਨਾ ਦੇਵੇ 'ਹਰਿਆਣਾ ਗੌਵੰਸ਼ ਸੰਰਕਸ਼ਨ ਅਤੇ ਗੌ-ਸਮਵਰਧਨ ਕਾਨੂੰਨ' ਹੇਠ ਉਸ ਦੀ ਕੈਦ ਦੀ ਸਜ਼ਾ ਵਧਾਈ ਜਾ ਸਕਦੀ ਹੈ। ਸਖਤ ਗੈਰ ਜ਼ਮਾਨਤੀ ਵਿਧਾਨ ਦੇ ਬਾਵਜੂਦ ਹਜੂਮ ਵੱਲੋਂ ਕੀਤੇ ਜਾਂਦੇ 'ਗਊ ਤਸਕਰਾਂ' ਦੇ ਕਤਲਾਂ ਤੋਂ ਕੋਈ ਰਾਹਤ ਨਹੀਂ ਮਿਲ ਰਹੀ। ਸ਼ਾਇਦ ਸਰਕਾਰ ਨੇ ਇਹ ਕਾਨੂੰਨ ਉਨ੍ਹਾਂ ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਨਹੀਂ ਬਣਾਇਆ, ਜਿਨ੍ਹਾਂ ਲਈ 'ਪਸ਼ੂ ਵਪਾਰ' ਰੋਜ਼ੀ ਦਾ ਸਾਧਨ ਹੈ। ਇਸ ਵਪਾਰ ਨਾਲ ਜੁੜੇ ਲੋਕਾਂ ਵਿੱਚੋਂ ਬਹੁ ਗਿਣਤੀ ਮੁਸਲਿਮ ਭਾਈਚਾਰੇ ਵਾਲੇ ਹਨ ਤੇ ਉਨ੍ਹਾਂ ਬਾਰੇ ਇਹ ਧਾਰਨਾ ਹੈ ਕਿ ਉਹ ਪਸ਼ੂਆਂ ਨੂੰ ਮਾਰਨ ਲਈ ਏਧਰ ਉਧਰ ਲਿਜਾਂਦੇ ਹਨ। ਭਾਵੇਂ ਪਸ਼ੂਆਂ ਨੂੰ ਮਾਰਨ ਵਾਸਤੇ ਏਧਰ ਉਧਰ ਲਿਜਾਣ ਦੀ ਬਣੀ ਹੋਈ ਧਾਰਨਾ ਕਾਫੀ ਹੱਦ ਤੱਕ ਸੱਚ ਹੈ, ਪਰ ਹਰਿਆਣਾ ਤੇ ਰਾਜਸਥਾਨ ਪੁਲਸ ਦੀ ਭੂਮਿਕਾ ਵੀ ਸ਼ੱਕੀ ਹੈ। ਸੂਬੇ ਵਿੱਚ 'ਗਊ ਰੱਖਿਆ' ਬਾਰੇ ਸਖਤ ਕਾਨੂੰਨ ਦੇ ਬਾਵਜੂਦ 'ਗਊ ਤਸਕਰੀ' ਕਿਵੇਂ ਬੇਰੋਕ ਹੁੰਦੀ ਹੈ? ਇਸ ਦੋਸ਼ ਵਿੱਚ ਪੁਲਸ ਨੇ ਮਸਾਂ ਕਦੇ ਕੋਈ ਤਸਕਰ ਫੜਿਆ ਹੋਵੇਗਾ, ਪਰ ਅਖੌਤੀ 'ਗਊ ਰੱਖਿਅਕ' ਕਥਿਤ ਪਸ਼ੂ ਤਸਕਰਾਂ ਨੂੰ ਫੜਦੇ ਅਤੇ ਕੁੱਟ-ਕੁੱਟ ਕੇ ਮਾਰ ਦਿੰਦੇ ਹਨ। ਕੀ ਸਿਆਸੀ ਆਗੂ ਇਨ੍ਹਾਂ ਅਨਸਰਾਂ ਨੂੰ ਬਚਾਉਂਦੇ ਤੇ ਉਤਸ਼ਾਹਿਤ ਕਰਦੇ ਹਨ? ਖੁਫੀਆ ਤੰਤਰ ਹਮੇਸ਼ਾ ਨਾਕਾਮ ਕਿਉਂ ਰਹਿੰਦਾ ਹੈ? ਅਤੇ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲੈਣ ਵਾਲਿਆਂ ਵਿੱਚੋਂ ਕਿਸੇ ਨੂੰ ਸਜ਼ਾ ਕਿਉਂ ਨਹੀਂ ਮਿਲਦੀ?

ਅਖੌਤੀ 'ਗਊ ਰੱਖਿਅਕਾਂ' ਦੇ ਹਜੂਮ ਦੀ ਹਰ ਅਜਿਹੀ ਵਾਰਦਾਤ ਹੋਰਨਾਂ ਨੂੰ ਕਾਨੂੰਨ ਆਪਣੇ ਹੱਥ ਵਿੱਚ ਲੈਣ ਲਈ ਪ੍ਰੇਰਦੀ ਹੈ ਅਤੇ ਲੋਕਾਂ ਦੀਆਂ ਮੌਤਾਂ ਦੇ ਬਾਵਜੂਦ ਪਸ਼ੂਆਂ ਦੀ ਤਸਕਰੀ ਜਾਰੀ ਹੈ। ਬੀਤੀ ਦਿਨੀਂ ਇੱਕ ਘਟਨਾ ਰਾਜਸਥਾਨ ਵਿੱਚ ਵਾਪਰੀ ਹੈ, ਪਰ ਹਰਿਆਣਾ ਵਿੱਚ ਵੀ ਅਜਿਹੀਆਂ ਘਟਨਾਵਾਂ ਆਮ ਵਾਪਰਦੀਆਂ ਹਨ। ਹਰ ਵਾਰ 'ਗਊ ਤਸਕਰੀ' ਦੇ ਨਾਮ ਉਤੇ ਇਕ ਖਾਸ ਭਾਈਚਾਰੇ ਦੇ ਬੰਦੇ ਨੂੰ ਮਾਰ ਦਿੱਤਾ ਜਾਂਦਾ ਹੈ, ਜਿਸ ਨਾਲ ਇਹ ਸੁਨੇਹਾ ਵੀ ਜਾਂਦਾ ਹੈ ਕਿ ਧਰਮ ਦੀ ਰੱਖਿਆ, ਸੰਵਿਧਾਨ ਤੇ ਕਾਨੂੰਨ ਤੋਂ ਉਪਰ ਹੈ। ਇਸ ਵੇਲੇ ਭੀੜ ਹੱਥੋਂ ਕਤਲ ਪੀੜਤ ਭਾਈਚਾਰੇ ਦੇ ਲੋਕਾਂ ਅੰਦਰ ਡਰ ਪੈਦਾ ਕਰ ਰਹੇ ਅਤੇ ਲੋਕਾਂ ਨੂੰ ਧਰਮ ਦੇ ਆਧਾਰ 'ਤੇ ਵੰਡ ਕੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਢਾਹ ਲਾਈ ਜਾ ਰਹੀ ਹੈ।

ਅਖੌਤੀ 'ਗਊ ਰੱਖਿਅਕਾਂ' ਨੇ ਬੀਤੀ 20 ਜੁਲਾਈ ਨੂੰ ਦੋ ਗਊਆਂ ਲੈ ਕੇ ਜਾ ਰਹੇ ਅਕਬਰ ਖਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਇਸ ਬਾਰੇ ਰਾਜਸਥਾਨ ਪੁਲਸ ਨੇ ਇਕ ਪੁਲਸ ਵਾਲੇ ਉੱਤੇ ਕੇਸ ਦਰਜ ਕੀਤਾ ਹੈ, ਜਿਸ ਨੇ ਜ਼ਖਮੀ ਨੂੰ ਸਮੇਂ ਸਿਰ ਹਸਪਤਾਲ ਦਾਖਲ ਨਹੀਂ ਕਰਵਾਇਆ। ਪੁਲਸ ਮੁਲਾਜ਼ਮ ਦੇ ਖਿਲਾਫ ਡਿਊਟੀ ਦੌਰਾਨ ਲਾਪਰਵਾਹੀ ਲਈ ਕਾਰਵਾਈ ਹੋਈ ਹੈ। ਕੀ ਸਰਕਾਰ ਇਹ ਦੱਸੇਗੀ ਕਿ 'ਗਊ ਰੱਖਿਅਕਾਂ' ਉੱਤੇ ਕੇਸ ਦਰਜ ਕਿਉਂ ਨਹੀਂ ਕੀਤਾ? ਕਿਹੜਾ ਕਾਨੂੰਨ ਉਨ੍ਹਾਂ ਨੂੰ ਅਦਾਲਤੀ ਪ੍ਰਕਿਰਿਆ ਬਗੈਰ ਬੰਦਾ ਮਾਰਨ ਦੀ ਖੁੱਲ੍ਹ ਦਿੰਦਾ ਹੈ? ਮ੍ਰਿਤਕ ਦੇ ਦੋਸਤ ਅਸਲਮ ਖਾਨ ਦੇ ਮੁਤਾਬਕ ਉਹ ਪਸ਼ੂ ਪਾਲਕ ਹਨ ਤੇ ਅਲਵਰ ਗਊਆਂ ਖਰੀਦ ਕੇ ਇਕ ਛੋਟੇ ਰਸਤੇ ਰਾਹੀਂ ਪੈਦਲ ਘਰ ਮੁੜ ਰਹੇ ਸਨ ਤਾਂ ਹਮਲਾਵਰਾਂ ਨੇ ਖੇਤਾਂ ਵਿੱਚ ਘੇਰ ਲਿਆ। ਫਿਰ 'ਗਊ ਰੱਖਿਅਕਾਂ' ਦਾ ਪੱਖ ਪੀੜਤ ਨਾਲੋਂ ਵੱਧ ਭਰੋਸੇਯੋਗ ਕਿਉਂ ਮੰਨਿਆ ਗਿਆ ਹੈ?

ਜਦੋਂ ਤੱਕ ਸਰਕਾਰ ਪੂਰਾ ਸੋਚ ਵਿਚਾਰ ਕਰਕੇ ਕਾਨੂੰਨ ਨਹੀਂ ਬਣਾਉਂਦੀ, ਉਦੋਂ ਤੱਕ ਇਹ ਸਖਤ ਕਾਨੂੰਨ ਫਜ਼ੂਲ ਹਨ। ਕਲਿਆਣਕਾਰੀ ਰਾਜ ਵਿੱਚ ਸਰਕਾਰ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਸਿਆਸੀ ਲਾਬੀ ਦੀ ਬਜਾਏ ਲੋਕ ਹਿੱਤਾਂ ਦੀ ਰੱਖਿਆ ਕਰੇ। ਜੇ ਸਰਕਾਰ ਦੇ ਹੁਕਮਾਂ ਦੀ ਸਹੀ ਢੰਗ ਨਾਲ ਪਾਲਣਾ ਹੋਈ ਹੁੰਦੀ ਤਾਂ ਅਕਬਰ ਖਾਨ ਦੀ ਹੱਤਿਆ ਨਹੀਂ ਸੀ ਹੋਣੀ। ਖੱਟਰ ਸਰਕਾਰ ਨੇ ਹਰਿਆਣਾ ਵਿੱਚ ਗਊ ਮਾਰਨ ਅਤੇ ਮਾਸ ਵੇਚਣ 'ਤੇ ਪਾਬੰਦੀ ਲਾਈ ਹੋਈ ਹੈ ਤੇ ਗਊ ਸ਼ਾਲਾਵਾਂ ਬਣਾ ਕੇ ਉਨ੍ਹਾਂ ਦੀ ਦੇਖਭਾਲ ਤੇ ਗਊਆਂ ਦੀ ਭਲਾਈ ਹਿੱਤ ਕੰਮ ਕਰਨ ਲਈ ਇਕ ਆਈ ਪੀ ਐਸ ਅਫਸਰ ਤਾਇਨਾਤ ਕੀਤਾ ਹੈ। ਪੀੜ੍ਹੀਆਂ ਤੋਂ 'ਪਸ਼ੂ ਵਪਾਰ' ਵਿੱਚ ਲੱਗੇ ਲੋਕਾਂ ਦੇ ਮੁੜ ਵਸੇਬੇ ਬਾਰੇ ਕੁਝ ਨਹੀਂ ਸੋਚਿਆ ਗਿਆ। ਇਹ ਸਪੱਸ਼ਟ ਹੈ ਕਿ ਲੋਕ ਨਹੀਂ, ਸਗੋਂ ਵੋਟਰ ਸਰਕਾਰ ਦੇ ਫੈਸਲੇ ਨਿਰਧਾਰਤ ਕਰਦੇ ਹਨ।

# ਸਾਡਾ ਸਰੀਰ ਕੰਮ ਕਿਵੇਂ ਕਰਦਾ ਹੈ!



ਅਜੀਤ ਸਿੰਘ ਰੱਖੜਾ
905 794 7882

ਇਨਸਾਨੀ ਸਰੀਰ ਬਾਰੇ ਬੜਾ ਕੁਝ ਕਿਹਾ ਜਾ ਚੁਕਾ ਹੈ ਅਤੇ ਬੜਾ ਕੁਝ ਹੋਰ ਕਿਹਾ/ਕੀਤਾ ਜਾ ਰਿਹਾ ਹੈ। ਚਰਚਾ ਕਰਨ ਵਾਲੇ ਦੋ ਵਿਸ਼ੇਸ਼ ਸਕੂਲ ਹਨ। ਅਧਿਆਤਮਿਕ ਅਤੇ ਵਿਗਿਆਨਕ। ਵਿਗਿਆਨਕ ਸਕੂਲ ਨੂੰ ਸਹੀ ਕਹਿਣ ਵਾਲੇ ਵਧੇਰੇ ਲੋਕ ਹਨ। ਅਧਿਆਤਮਿਕ ਵਿਚਾਰਸ਼ੀਲਤਾ ਦੇ ਪੱਖ ਵਿਚ ਬਹੁਤੇ ਲੋਕ ਨਹੀਂ ਹਨ। ਕਾਰਣ? ਅਜੋਕੇ ਜੀਵਨ ਵਿਚ ਸਾਇੰਸ ਦਾ ਬੋਲਬਾਲਾ!ਵਿਗਿਆਨ, ਹਥ ਉਪਰ ਸਰੋਂ ਜਮਾਉਣ ਵਾਲਾ ਇਲਮ ਹੈ ਪਰ ਅਧਿਆਤਮ ਕੇਵਲ ਵਿਚਾਰਸ਼ੀਲਤਾ ਤਕ ਸੀਮਤ ਰਹਿਣ ਵਾਲਾ ਆਤਮਿਕ ਗੁਣ ਹੈ। ਸਰੀਰ ਨੂੰ ਸਮਝਣ ਲਈ ਦੋਨੋ ਫਲਸਫੇ ਆਪਣੀ ਆਪਣੀ ਜਗਾਹ ਕਾਮਯਾਬੀ ਨਾਲ ਚਲ ਰਹੇ ਹਨ। ਕਿਹਾ ਜਾਂਦਾ ਹੈ ਕਿ ਵਿਗਿਆਨ ਨੇ ਬੰਦੇ ਦੀ ਔਸਤਨ ਉਮਰ ਵਧਾ ਦਿਤੀ ਹੈ। ਪਛਮੀ ਮੁਲਕਾਂ ਵਿਚ ਦਵਾਈਆ ਦੇ ਸਿਰਤੇ ਲੋਕ 100 ਸਾਲਾਂ ਨੂੰ ਵੀ ਟੱਪ ਰਹੇ ਹਨ। ਬਹੁਤੀਆਂ ਮਹਾਮਾਰੀਆ ਸਾਇੰਸ ਨੇ ਜੜ੍ਹਾ ਤੋਂ ਪੁਟ ਮੁਕਾਈਆ ਹਨ। ਅਜ ਨਾ ਚੇਚਕ ਹੈ, ਨਾ ਮਲੇਰੀਆ ਹੈ ਅਤੇ ਨਾ ਪਲੇਗ ਹੈ। ਜਿਨ੍ਹਾ ਬੀਮਾਰੀਆ ਨਾਲ ਲੋਕ ਸਮੂਹਕ ਤੌਰ ਉਪਰ ਬੀਮਾਰ ਹੋ ਜਾਇਆ ਕਰਦੇ ਸਨ, ਉਹ ਹੁਣ ਨਹੀਂ ਰਹਿ ਗਈਆ। ਵਿਗਿਆਨ ਨੇ ਖੋਜਾਂ ਕਰਕੇ ਕਾਰਣ ਲੱਭੇ ਅਤੇ ਉਨ੍ਹਾ ਕਾਰਣਾ ਨੂੰ ਖਤਮ ਕਰ ਦਿਤਾ। ਇਸ ਤੋਂ ਉਲਟ 100 ਸਾਲ ਪਹਿਲਾਂ ਜਦ ਕੋਈ ਹਸਪਤਾਲ ਨਹੀਂ ਸੀ ਹੁੰਦੇ, ਸਰੀਰ ਵਿਗਿਆਨ ਲੋਕਾਂ ਦੇ ਬੁਲਾਂ ਉਪਰ ਨਹੀਂ ਸੀ ਚੜ੍ਹਿਆ, ਉਦੋਂ ਵੀ ਲੋਕ 100 ਸਾਲ ਤੋਂ ਵਧ ਉਮਰਾਂ ਬਿਤਾਉਂਦੇ ਰਹੇ ਹਨ। ਸਿੱਖ ਤਵਾਰੀਖ ਵਿਚ ਬਾਬਾ ਬੁਢਾ ਜੀ ਅਤੇ ਗੁਰੂ ਨਾਨਕ ਦੇਵ ਜੀ ਦੇ ਵਡੇ ਸਪੁਤਰ ਲਖਮੀ ਚੰਦ ਜੀ 100 ਸਾਲਾ ਤੋਂ ਵੀ ਵਧ ਜੀਵਤ ਰਹੇ ਦਸੇ ਜਾਂਦੇ ਹਨ। ਰਿਸ਼ੀ ਮੁਨੀ ਇਸ ਤੋਂ ਵੀ ਵਡੇਰੀਆਂ ਉਮਰਾ ਭੋਗਕੇ ਗਏ ਹਨ।ਦਸਣ ਤੋਂ ਭਾਵ ਹੈ ਕਿ ਬੀਤ ਚੁਕੇ ਸਮਿਆਂ ਵਿਚ ਅਧਿਆਤਮਿਕਤਾ ਦਾ ਬੋਲਬਾਲਾ ਸੀ।

ਕੀ ਸਚ ਹੈ ਇਸਦਾ ਖੁਰਾ ਖੋਜ ਲਭਣਾ ਸਧਾਰਣ ਬੰਦੇ ਦੇ ਵੱਸ ਵਿਚ ਨਹੀਂ ਹੁੰਦਾ। ਕੇਵਲ ਇਨਸਾਨੀ ਬਿਬੇਕ ਹੈ ਜਿਸ ਦੀ ਵਰਤੋਂ ਨਾਲ ਕੁਝ ਥਾਅ ਮਿਲਦੀ ਹੈ। ਬਿਬੇਕ'ਬਰੀਕ ਬੁਧ' ਦਾ ਨਾਮ ਹੈ।ਬਿਬੇਕ ਨੂੰ ਜਿਤਨਾ ਵਰਤੋ, ਉਤਨਾ ਇਹ ਹੋਰ ਡੂੰਘਾ ਹੁੰਦਾ ਚਲਾ ਜਾਦਾ ਹੈ। ਅਧਿਆਤਮ ਕਹਿੰਦਾ ਹੈ ਕਿ ਇਹ ਬਿਬੇਕ ਪ੍ਰਮਾਤਮਾ ਵਲੋਂ ਸਿਰਜੀ ਚੇਤੰਤਾ ਨਾਲ ਵੀ ਜਾ ਰਲਦਾ ਹੈ, ਜਿਥੋਂ ਕੁਲ ਸੰਸਾਰ ਦਾ ਮਾਸਟਰ ਪਲੈਨ ਲਾਗੂ ਹੁੰਦਾ ਹੈ।ਬਿਬੇਕੀ ਆਈਨਸਟਾਈਨ ਨੇ ਦਸਿਆ ਸੀ ਕਿ ਧਰਤੀ ਉਪਰਡਾਈਨਾਸੋਰ ਵਰਗੇ ਵਡੇ ਜੀਵ ਹੋ ਚੁਕੇ ਹਨ। ਉਸ ਵਿਚਾਰੇ ਨੇ ਕੋਈ ਵੇਖੇ ਥੋਹੜਾ ਸਨ? ਪਰ ਉਸਦਾ ਬਿਬੇਕ ਸਹੀ ਨਿਕਲਿਆ।ਅਜ ਸਾਇੰਸ ਨੇ ਧਰਤੀ ਵਿਚੋਂ ਡਾਇਨਾਸੋਰਾਂ ਦੇ ਪਿੰਜਰ ਕਢ ਮਾਰੇ ਹਨ। ਧਰਤੀ ਇਕ ਵਡਾ ਚੁੰਬਕ ਹੈ, ਇਹ ਕੋਈ ਅਜ ਸਇੰਸ ਨੇ ਥੋਹੜਾ ਬਣਾਇਆ ਹੈ, ਜਦ ਤੋਂ ਧਰਤੀ ਹੋਂਦ ਵਿਚ ਆਈ ਹੈ ਤਦ ਤੋਂ ਹੀ ਹੈ। ਇਸ ਗਲ ਦਾ ਭੇਤ ਅਜੋਕੇ ਸਮੇ ਪਤਾ ਲਗਾ ਹੈ ਸਾਇੰਸਦਾਨਾ ਜਾਂ ਬਿਬੇਕੀ ਪੁਰਸ਼ਾ ਰਾਹੀਂ। ਇਕ ਗਲ ਧੁਪ ਵਾਂਗ ਸਾਫ ਹੈ ਕਿ ਬੰਦੇ ਨੇ ਜੋ ਕੁਝ ਵੀ ਅਜ ਤਕ ਬਣਾਇਆ/ ਕੀਤਾ ਹੈ ਉਹ ਸਿਰਫ ਆਪਣੇ ਸਰੀਰ ਦੀ ਹੀ ਨਕਲਮਾਰੀ ਹੈ। ਤੁਸੀਂ ਹੈਰਾਨ ਹੋਵੋਗੇ ਇਹ ਗਲ ਜਾਣਕੇ ਕਿ ਆਹ ਜੋ ਕਾਰਾਂ ਮੋਟਰਸਾਈਕਲ ਅਤੇ ਹੋਰ ਵਾਹਨ ਚਲ ਫਿਰ ਰਹੇ ਹਨ, ਇਹ ਐਡੇਸਰਬ ਸ੍ਰੇਸ਼ਟ ਨਹੀਂ ਹਨ ਜਿਤਨਾ ਸਾਡਾ ਸਰੀਰ ਹੈ। ਜੋ ਵਾਹਨ ਹੁਣ ਤਿਆਰ ਹੋ ਰਹੇ ਹਨ, ਉਹ ਪਤਾ ਕਿਹੜੇ ਹਨ? ਦੋ ਪੈਰਾ ਉਪਰ ਤੁਰ ਸਕਣ ਵਾਲੇ ਵਹੀਕਲ। ਇਹ ਡੀਜ਼ਾਈਨ ਐਡਾ ਮੁਕੰਮਲ ਹੈ ਕਿ ਸਭ ਜਗਾਹ ਭਜ ਸਕਦਾ ਹੈ। ਨਾ ਪੱਕੀ ਸੜਕ, ਨਾ ਰੇਲਵੇ ਲਈਨ ਅਤੇ ਨਾ ਟਾਇਰਾਂ ਦੇ ਪੰਚਰ ਹੋਣ ਦਾ ਝੰਜਟ। ਸਾਡੀ ਸਾਇੰਸ ਨੇ ਉਸ ਦਿਨ ਹੋਰ ਕੰਮ ਕਰਨਾ ਬੰਦ ਕਰ ਦੇਣਾ ਹੈ ਜਦ ਆਪਣੇ ਸਰੀਰ ਵਰਗਾ ਸੰਪੂਰਣ ਜੰਤਰ ਬਣਾ ਲਿਆ। ਹਾਲਾਂ ਸਭ ਕੁਝ ਅਧੂਰਾ ਹੈ। ਇਹ ਗਲ ਇਸ ਲਈ ਕਹੀ ਗਈ ਹੈ ਕਿ ਅਗਲੀਆ ਗਲਾਂ ਦੀ ਸਮਝ ਸੌਖੀ ਪੈ ਜਾਵੇ। ਸਾਡਾ ਸਰੀਰ ਕਿਵੇਂ ਕੰਮ ਕਰਦਾ ਹੈ, ਇਸ ਦਾ ਭੇਤ ਪਤਾ ਚਲੇ।ਜਿਵੇਂ ਸਾਡੇ ਸਾਹਮਣੇ ਮਸ਼ੀਨਾਂ ਕੰਮ ਕਰਦੀਆਂ ਹਨ ਇਵੇਂ ਹੀ ਸਾਡਾ ਸਰੀਰ ਕੰਮ ਕਰਦਾ ਹੈ ਕਿਓਂਕਿ ਇਹ ਇਕ ਦੂਸਰੇ ਦੇ ਪੂਰਕ ਹਨ। ਅਸੀਂਕੇਵਲ 5 ਨੁਕਤਿਆ ਉਪਰ ਗਲ ਕਰਾਂਗੇ ਹਾਲਾਂ ਕਿ ਨੁਕਤੇ ਸੈਂਕੜੇ ਹਨ।

ਸਾਡਾ ਸਰੀਰ ਇਕ ਪੂਰੀ ਸੂਰੀ ਕਾਰ ਹੈ, ਇਕ ਇੰਜਣ ਹੈ ਜਾਂ ਪੁਰਜੇ ਬਣਾਉਣ ਵਾਲੀ ਇਕ ਮਸ਼ੀਨ ਹੈ। 5 ਨੁਕਤਿਆਂ ਵਿਚੋਂ: 1- ਇਸ ਵਿਚ ਪੇਟਰੋਲ ਪੈਂਦਾ ਹੈ, 2- ਲੁਬਰੀਕੇਸ਼ਨ ਹੈ, 3-ਬਰੇਕਾਂ ਹਨ ,4- ਅਲਾਰਮ ਹਨ ਅਤੇ 5- ਇਲਾਕਟਰੌਨਿਕ ਡੇਸ਼ ਬੋਰਡ ਹੈ। ਸਾਡਾ ਸਰੀਰ ਨਿਹਾਇਤ ਅਧੁਨਿਕ ਮਸ਼ੀਨ ਤੋਂ ਵੀ ਅਗਲੀ ਵਰਜ਼ਨ ਹੈ ਜਿਸ ਵਿਚ ਸਭ ਕੁਝ ਕੰਪਿਓਟਰਾਈਜ਼ਡ ਹੈ। ਹਾਈਬਰਡ ਅਤੇ ਆਟੋ ਪਾਇਲਟ ਕਾਰਾ ਤੋਂ ਵੀ ਉਪਰਲਾ ਇਸਦਾ ਮਾਡਲ ਹੈ।ਇਸ ਮਾਡਲ ਦਾ ਬਰਾਂਡ ਨੇਮ ਹੈ 'ਇਨਸਾਨੀਅਤ' ਆਓ ਵਿਚਾਰ ਕਰੀਏ।

1- ਸਭ ਮਸ਼ੀਨਾ ਵਿਚ ਵੱਖ ਵੱਖ ਕਿਸਮ ਦੇ ਈਂਧਨ ਪੈਂਦੇ ਹਨ। ਕਿਸੇ ਵਿਚ ਪੇਟਰੋਲ, ਕਿਸੇ ਵਿਚ ਬਿਜਲੀ ਅਤੇ ਕਿਸੇ ਵਿਚ ਡੀਜ਼ਲ। ਇਨਸਾਨੀ ਸਰੀਰ ਵਿਚ ਉਹ ਸਭ ਕੁਝ ਪੈ ਜਾਦਾ ਹੈ ਜੋ ਧਰਤੀ ਵਿਚ ਉਗਦਾ ਹੈ ਜਾ ਮਿਲਦਾ ਹੈ। ਸਭ ਤੋਂ ਵਧ ਸਸਤਾ ਅਤੇ ਸਭ ਤੋਂ ਵਧ ਸਰਬ ਵਿਆਪੀ ਮਿਲਦਾ ਖਾਧ ਪਦਾਰਥ। ਤਜ਼ਰਬੇ ਕਰਨ ਵਾਲਿਆ ਨੇ ਬੰਦੇ ਨੂੰ ਰੇਗਸਤਾਨਾ ਵਿਚ, ਜੰਗਲਾਂ ਵਿਚ ਅਤੇ ਸਮੁੰਦਰਾਂ ਵਿਚ ਸੁਟਕੇ ਵੇਖ ਲਿਆ ਹੈ। ਇਹ ਕਮਾਲ ਦੀ ਮਸ਼ੀਨ ਸਭ ਜਗਾਹ ਚਲਦੀ ਰਹਿ ਸਕਦੀ ਹੈ। ਹੋਰ ਸਭ ਮਸ਼ੀਨਾ ਤੋਂ ਉਲਟ ਇਹ ਆਪਣਾ ਭੋਜਨ ਵੀ ਖੁਦ ਲਭ ਲੈਂਦੀ ਹੈ। ਹਰ ਭੋਜਨ ਵਿਚੋਂ ਆਪਣੇ ਕੰਮ ਦੀ ਗੈਸ ਲੈਕੇ ਬਾਕੀ ਸਭ ਕੁਝ ਨੂੰ ਖਲਾਸ ਕਰ ਦੇਂਦੀ ਹੈ। ਭੋਜਨ ਨਾਲ ਹੀ ਹਰ ਤਰ੍ਹਾ ਦੀਆਂ ਸਰੀਰਕ ਤਕਲੀਫਾਂ ਦਾ ਇਲਾਜ ਕਰਦੀ ਹੈ। ਤੁਸੀਂ ਹੈਰਾਨ ਹੋ ਜਾਵੋਗੇ ਕਿ ਇਸ ਸਰੀਰ ਲਈ ਕਿਸੇ ਹਸਪਤਾਲ ਦੀ ਜਾਂ ਕਿਸੇ ਡਾਕਟਰ ਦੀ ਲੋੜ ਨਹੀਂ ਹੁੰਦੀ। ਇਹ ਮਸ਼ੀਨ ਖੁਦਮੁਖਤਾਰ ਹੈ। ਦੁਆਈਆਂ ਦੀ ਈਜਾਦ ਇਸ ਕਰਕੇ ਕਰਨੀ ਪਈ ਕਿ ਅਸੀਂ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ ਹੈ। ਅਸੀਂ ਆਪਣੇ ਸਰੀਰ ਦੀ ਸਹੀ ਵਰਤੋਂ ਨਹੀਂ ਕਰਦੇ ਜਿਸ ਕਾਰਣ ਬਹੁਤੇ ਸੁਖਸ਼ਮ ਪੁਰਜੇ ਚਲਣੇ ਬੰਦ ਹੋ ਚੁਕੇ ਹਨ। ਇਸ ਮੁਆਮਲੇ ਇਨਸਾਨ ਨਾਲੋਂ ਬਾਕੀ ਜੀਵ ਜੰਤੂ ਕਿਤੇ ਵਧੇਰੇ ਸਿਆਣੇ ਹਨ ਜੋ ਆਪਣੀ ਮਿਲੀ ਉਮਰ ਨੂੰ ਹਸਦਿਆ ਖੇਡਦਿਆਂ ਬਿਤਾ ਜਾਂਦੇ ਹਨ ਅਤੇ ਕਦੇ ਚੀਕ ਚਹਾੜਾ ਨਹੀਂ ਪਉਂਦੇ ਕਿ ਸਾਨੂੰ ਐਹ ਚਾਹੀਦੈ, ਉਹ ਚਾਹੀਦੈ। ਭੋਜਨ ਦੇ ਮੁਆਮਲੇ ਬੰਦਾ ਸਭ ਜਾਨਵਰਾਂ ਤੋਂ ਵਧ ਮੂਰਖ ਹੈ। ਐਡਾ ਮੂਰਖ ਕਿ ਆਪਣੀ ਸਹੀ ਸ਼ਕਲ ਸੂਰਤ ਵੀ ਗੁਆ ਬੈਠਾ ਹੈ। ਪਿਛਲੇ ਲੱਖਾ ਸਾਲਾ ਤੋਂ ਇਨਸਾਨ ਦਾ ਪੇਟ ਇਸ ਕਦਰ ਨਹੀਂ ਸੀ ਵਧਿਆ ਜਿਨ੍ਹਾ ਪਿਛਲੀ ਇਕ ਸਦੀ ਵਿਚ ਵਧ ਗਿਆ ਹੈ। ਅਗਲੇ 50 ਸਾਲਾ ਵਿਚ ਬੰਦੇ ਹਦਵਾਣਿਆ ਜਾਂ ਕਦੂਆਂ ਦੀ ਤਰ੍ਹਾ ਪਏ ਪਏ ਵਧੀ ਜਾਇਆ ਕਰਨਗੇ, ਕਿਓਕਿ ਚਲਣਾਂ ਫਿਰਨਾ ਬੰਦ ਹੋ ਜਾਣਾ ਹੈ। ਖਾਣੋਂ ਕਿਸੇ ਹਟਣਾ ਨਹੀਂ।ਕਾਰਣ? ਖਾਣਾ ਸੁਆਦ ਬਣਾਇਆ ਜਾਂਦਾ ਹੈ ਅਤੇ ਬੰਦਾ ਸੁਆਦਾਂ ਦਾ ਪਟਿਆ ਹੋਇਆ ਹੈ!

2- ਲੁਬਰੀਕੇਸ਼ਨ: ਮੇਨ ਸੜਕਾ ਉਪਰ 'ਲਿਊਬ' ਦੇ ਸਾਈਨ ਲਗੇ ਵੇਖੀਦੇ ਹਨ। ਆਮ ਤੌਰ ਉਪਰ ਇਹ ਗੈਸ ਸਟੇਸ਼ਨਾ ਦੇ ਨਜ਼ਦੀਕ ਹੀ ਹੁੰਦੇ ਹਨ। ਲਿਊਬ ਦਾ ਪੂਰਾ ਨਾਮ ਹੈ ਲੁਬਰੀਕੇਸ਼ਨ। ਲੁਬਰੀਕੇਸ਼ਨ ਉਤਨੀ ਹੀ ਜ਼ਰੂਰੀ ਹੈ ਜਿਤਨੀ ਗੈਸ। ਇਨਾ ਅੜਿਆ ਉਪਰ ਗ੍ਰੀਸ, ਤੇਲ ਪਾਣੀ ਅਤੇ ਖੁਸ਼ਕ ਹੋ ਚੁਕੇ ਜੋੜਾ ਨੂੰ ਤੇਲ ਦਿਤਾ ਜਾਂਦਾ ਹੈ। ਤਾਂ ਜੋ ਚੀਕੂੰ ਚੀਕੂੰ ਦੀ ਅਵਾਜ਼ ਨਾ ਆਵੇ ਅਤੇ ਗਡੀ ਦਾ ਬਹੁਤਾ ਜੋਰ ਨਾ ਲਗੇ। ਗਡੀ ਸਮੂਦ (ਰਵਾਨੀ ਨਾਲ) ਚਲੇ। ਇਹੀ ਸਭ ਕੁਝ ਸਾਡੇ ਸਰੀਰ ਵਿਚ ਵੀ ਪ੍ਰਚੰਡ ਹੈ। ਮਜ਼ੇ ਦੀ ਗਲ ਇਹ ਕਿ ਇਸਦੀ ਜਿੰਮੇਦਾਰੀ ਵੀ ਸਰੀਰ ਖੁਦ ਲੈਂਦਾ ਹੈ। ਖਾਧੇ ਭੋਜਨ ਵਿਚੋਂ ਹੀ ਹਰ ਤਰ੍ਹਾ ਦੇ ਤੇਲ ਅਤੇ ਗ੍ਰੀਸ ਪੈਦਾ ਹੁੰਦੇ ਰਹਿੰਦੇ ਹਨ। ਸ਼ਰਤ ਇਹ ਹੈ ਕਿ ਸਰੀਰ ਤੋਂ ਉਹ ਕੰਮ ਲਏ ਜਾਣ ਜਿਸ ਵਾਸਤੇ ਇਸਦਾ ਡੀਜ਼ਾਈਨ ਪ੍ਰਮਾਤਮਾ ਨੇ ਘੜਿਆ ਸੀ। ਉਸ ਘੜਤ ਵਿਚ ਜਦ ਅਸੀਂ ਕੁਦਰਤ ਵਲੋਂ ਸੌਂਪੇ ਉਹ ਸਭ ਕੰਮ ਖੁਦ ਕਰਦੇ ਹਾਂ ਤਾਂ ਉਹ ਅੰਗ ਵੀ ਹਰਕਤ ਵਿਚ ਆ ਜਾਂਦੇ ਹਨ, ਜਿਨਹਾ ਨੇ ਲੁਬਰੀਕੇਸ਼ਨ ਦਾ ਧੰਦਾ ਕਰਨਾ ਹੈ। ਬੈਠਵਾਂ ਕੰਮ ਕੇਵਲ ਪੇੜ ਪੌਦੇ ਕਰਦੇ ਹਨ। ਬਾਕੀ ਸਭ ਜੀਵ ਨਸ ਭਜ ਕਰਕੇ ਆਪਣਾ ਸਮਾ ਗੁਜ਼ਾਰਦੇ ਹਨ। ਇਹ ਨਸ ਭਜ ਇਸ ਲਈ ਨਹੀਂ ਹੁੰਦੀ ਕਿ ਉਨਹਾ ਨੂੰ ਖਾਣ ਪੀਣ ਦੀ ਕੋਈ ਕਿਲਤ ਹੁੰਦੀ ਹੈ। ਉਹ ਇਸ ਲਈ ਕਿ ਵਰਨਾ ਉਨ੍ਹਾ ਦਾ ਸਿਸਟਮ ਖਰਾਬ ਹੋ ਜਾਣਾ ਹੈ। ਜੂਹਾਂ(ਚਿੜੀਆ ਘਰ) ਵਿਚ ਜਾਨਵਰਾਂ ਨੂੰ ਸਮੇ ਸਿਰ ਭੋਜਨ ਦੇ ਦਿਤਾ ਜਾਂਦਾ ਹੈ ਪਰ ਠੀਕ ਰਹਿਣ ਲਈ ਉਹ ਟਿਕਕੇ ਨਹੀਂ ਬੈਠਦੇ। ਕੇਵਲ ਇਨਸਾਨ ਇਕ ਐਸਾ ਜੀਵ ਹੈ ਜੋ ਤੁਰਣ ਫਿਰਣ ਤੋਂ ਭਜਦਾ ਹੈ। ਇਕ ਗਲ ਨਾਲ ਤੁਸੀਂ ਹਸੋਗੇ ਕਿ ਸਾਇੰਸ ਨੇ ਜੋ ਕੁਝ ਵੀ ਹੁਣ ਤਕ ਕੀਤਾ ਹੈ, ਉਹ ਤੋਰਾ ਫੇਰਾ ਰੋਕਣ ਲਈ ਕੀਤਾ ਹੈ। ਮਸ਼ੀਨਾ, ਵਾਹਨ, ਤੋਪਾ, ਤੀਰ, ਰੀਮੋਟ ਸਵਿਚ ਅਤੇ ਟੈਲੀਫੋਨ ਵਗੈਰਾ ਸਭ ਇਨਸਾਨੀ ਖੇਚਲ ਨੂੰ ਘਟਾਉਣ ਲਈ ਤਿਆਰ ਹੋਏ ਹਨ। ਫਲਸਰੂਪ ਗੋਡਿਆ ਦੀਆਂ ਗ੍ਰੀਸਾ ਦੇ ਰੋਗ, ਜੋੜਾ ਦੀਆਂ ਸੋਜਸ਼ਾ ਅਤੇ ਅਰਥ ਰਾਈਟਵਰਗੀਆਂ ਬੀਮਾਰੀਆਂ ਨੇ ਸਿਰ ਚੁਕਿਆ ਹੈ।

3- ਬ੍ਰੇਕਾਂ: ਜੋ ਕੁਝ ਵੀ ਹੁਣ ਤਕ ਇਨਸਾਨ ਰਾਹੀ ਹੋਂਦ ਵਿਚ ਆਇਆ ਹੈ, ਉਸ ਵਿਚ ਬ੍ਰੇਕ ਦੀ ਵਰਤੋਂ ਬੜੀ ਕਾਮਨ ਹੈ, ਬੜੀ ਆਮ ਹੈ। ਵਾਹਨਾ ਵਿਚ, ਮਸ਼ੀਨਾ ਵਿਚ ਅਤੇ ਐਥੋਂ ਤਕ ਕਿ ਇਲਾਕਟਰਨਿਕ ਜੰਤਰਾਂ ਵਿਚ ਵੀ ਬ੍ਰੇਕ ਸਿਸਟਮ ਤੋਂ ਬਿਨਾ ਕੁਝ ਨਹੀਂ ਹੋਸਕਦਾ। ਜੇ ਕਦੇ ਬ੍ਰੇਕਾਂ ਫਿਹਲ ਹੋ ਜਾਣ ਤਾਂ ਸਮਝੋ ਮੌਤ ਮੂਹਰੇ ਖੜੀ ਹੈ। ਦਫਤਰਾਂ ਅਤੇ ਘਰਾ ਵਿਚ ਬਿਜਲੀ ਸਵਿਚ ਨਾ ਹੋਣ ਤਾਂ ਬਿਜਲੀ ਦੇ ਖਰਚੇ ਪੂਰੇ ਨਾ ਹੋਣ। ਉਰਜਾ ਖਪਤ ਘਟ ਕਰਨ ਲਈ ਸਵਿਚ ਜਾ ਬ੍ਰੇਕ ਉਤਨੀ ਹੀ ਜਰੂਰੀ ਹੈ ਜਿਤਨਾ ਈਂਧਨ ਜਾਂ ਗੈਸ। ਕੁਦਰਤ ਨੇ ਇਨਸਾਨੀ ਮਸ਼ੀਨਾ ਵਿਚ ਬਹੁਤ ਹੀ ਸਖਤ ਬ੍ਰੇਕ ਸਿਸਟਮ ਲਗਾ ਰਖਿਆ ਹੈ।ਤੁਰੇ ਜਾਂਦੇ ਬੰਦੇ ਮੂਹਰੇ ਸੱਪ ਜਾ ਕੋਈ ਖੂੰਹਖਾਰ ਜਾਨਵਰ ਦਿੱਖ ਪਵੇ ਤਾਂ ਫੁਟ ਬਰੇਕ ਮਾਰਕੇ ਅਗਲਾ ਪਿਛਲ ਖੁਰੀ ਹਵਾ ਹੋ ਜਾਵੇਗਾ। ਇਨਸਾਨੀ ਸਿਸਟਮ ਵਿਚ ਬ੍ਰੇਕ ਕੇਵਲ ਦੌੜ ਭਜ ਲਈ ਹੀ ਨਹੀਂ ਸਗੋਂ ਸਿਰ ਦਾ ਭਾਰ ਹਲਕਾ ਰੱਖਣ ਲਈ ਵੀ ਸਖਤ ਲੋੜੀਦੀਚੀਜ਼ ਹੈ। ਅਜੋਕੇ ਜੀਵਨ ਵਿਚ ਇਨਸਾਨ ਨੇ ਹਿਊਮਨ ਰਾਈਟਸ ਦੇ ਨਾਮ ਥਲੇ ਬਹੁਤ ਕੁਝ ਬ੍ਰੇਕਲੈਸ ਕਰਵਾ ਲਿਆ ਹੈ।ਪਹਿਲੋਂ ਤੀਵੀ ਅਤੇ ਆਦਮੀ ਦੇ ਸਿਲਸਿਲੇ ਬੜੀਆਂ ਬ੍ਰੇਕਾਂ ਲਗੀਆ ਹੋਈਆਂ ਸਨ। ਔਰਤਾ ਦੇ ਕੰਮ ਵਖ ਮਰਦਾ ਦੇ ਵਖ। ਇਹ ਸਿਸਟਮ ਇਨਸਾਨਾ ਵਿਚ ਹੀ ਨਹੀਂ ਸਗੋਂ ਕੁਲ ਕਾਇਨਾਤ ਵਿਚ ਪ੍ਰਤੱਖ ਹੈ। ਨਰ ਅਤੇ ਮਾਦੇ ਦੇ ਕੰਮ ਵਖ ਵਖ ਹਨ। ਸਭ ਹੱਕ ਬਰਾਬਰ ਰੱਖਣ ਦੇ ਚਕਰ ਵਿਚ ਇਨਸਾਨਾਂ ਨੇ ਪ੍ਰੰਪਰਾਗਤ ਬ੍ਰੇਕਾ ਉਤਰਵਾ ਦਿਤੀਆਂ ਹਨ। ਸਭ ਕੰਮ ਲਿੰਗ ਭਿੰਨਤਾ ਤੋਂ ਰਹਿਤ ਹੋ ਗਏ ਹਨ। ਕੋਸ਼ਿਸ਼ ਹੋ ਰਹੀ ਹੈ ਕਿ ਬੰਦੇ ਵੀ ਚਹੁਣ ਤਾਂ ਗਰਭ ਧਾਰਣ ਕਰ ਸਕਣ, ਯਾਨੀ ਬਚੇ ਜੰਮ ਸਕਣ। ਚੰਗਾ ਮੰਦਾ ਬੋਲਣ ਵਿਚ ਅਤੇ ਭੰਡੀਪ੍ਰਚਾਰਕਰਨ ਵਿਚ ਵੀ ਹੁਣ ਕੋਈ ਬ੍ਰੇਕਾਂ ਨਹੀਂ ਵਰਤਣਾ ਚਹੁੰਦਾ। ਕੋਸ਼ਿਸ਼ ਚਲ ਰਹੀ ਹੈ ਕਿ ਭੌਂਕਣ ਉਪਰ ਕਿਸੇ ਬ੍ਰੇਕ ਦੀ ਲੋੜ ਨਹੀਂ ਹੋਣੀ ਚਾਹੀਦੀ। ਬੋਲਣ ਅਧਿਕਾਰ ਕਨੂੰਨ ਇਸੇ ਕਾਰਣ ਹੋਂਦ ਵਿਚ ਆਏ ਹਨ। ਤੁਸੀ ਚਕਿਤ ਰਹਿ ਜਾਵੋਗੇ ਇਸ ਤੱਥ ਨਾਲ ਕਿ ਅਜੋਕੀਆਂ ਮਾਨਸਿਕ ਬੀਮਾਰੀਆਂ ਅਤੇ ਪਾਗਲਪੱਨ ਮਾਨਸਿਕ ਬ੍ਰੇਕਾਂ (ਸੰਯਮ) ਨਾ ਵਰਤਣ ਕਾਰਣ ਪੈਦਾ ਹੋ ਰਹੇ ਹਨ। ਪ੍ਰਮਾਤਮਾ ਨੇ ਨੀਂਦਰ ਦਾ ਅਯੋਜਿਨ ਇਸ ਲਈ ਕੀਤਾ ਸੀ ਕਿ ਦਿਨਚਰੀਯ ਦੇ ਮਾਨਸਿਕ ਤਣਾਅ ਵਿਚ ਬ੍ਰੇਕ ਆਵੇ। ਹਰ ਇਨਸਾਨ ਪੂਰੀ ਤਰ੍ਹਾ ਸੌਂ ਲਵੇ ਤਾਂ ਦੂਸਰੇ ਦਿਨ ਸਵੇਰੇ ਫਰੈਸ਼ ਮਹਿਸੂਸ ਕਰੇਗਾ। ਸੌਣ ਨਾਲ 50% ਯਾਦਦਾਸ਼ਤਾਂ ਖਲਾਸ ਹੋ ਜਾਂਦੀਆਂ ਹਨ ਜਿਨ੍ਹਾ ਨੂੰ ਰਖਣ ਦੀ ਲੋੜ ਨਹੀਂ ਹੁੰਦੀ। ਲੋਕਾਂ ਨੇ ਇਸ ਸਿਸਟਮ ਦੀ ਕਦੇ ਕਦਰ ਹੀ ਨਹੀਂ ਕੀਤੀ। ਦੁਨੀਆਸੋਚਣਾ ਬੰਦ ਹੀ ਨਹੀਂ ਕਰਦੀ। ਜਿਥੇ ਰਾਤੀ ਹਲ ਛਡੀ ਸੀ ਉਥੋਂ ਹੀ ਸਵੇਰੇ ਉਠਦਿਆ ਪਕੜ ਲੈਣਗੇ। ਕਿਵੇਂ ਕਿਸੇ ਤੋਂ ਬਦਲਾ ਲੈਣਾ ਹੈ, ਕਿਵੇਂ ਕੀਤੇ ਵਾਇਦੇ ਮੁਕਰਨੇ ਹਨ ਅਤੇ ਕਿਵੇਂ ਦੂਸਰਿਆ ਨਾਲ ਧੌਖਾ ਕਰਨਾ ਹੈ ਦੀਆਂ ਵਿਓਂਤਾ ਵਿਚ ਬ੍ਰੇਕ ਲਗਦੀ ਹੀ ਨਹੀਂ। ਮਹਾ ਪੁਰਖਾ ਨੇ, ਯੋਗੀਆਂ ਨੇ ਮਾਨਸਿਕ ਤਣਾਅ ਘਟ ਕਰਨ ਦੀਆਂ ਵਿਧੀਆਂ ਈਜਾਦ ਕੀਤੀਆਂ ਸਨ। ਨਾਮ ਜਪਣ ਅਤੇ ਮੈਡੀਟੇਸ਼ਨ ਦੇ ਤਰੀਕੇ ਦਸੇ ਸਨ। ਪਰ ਮੂਹੜ੍ਹ ਕਿਸਮ ਦੇ ਭੌਕਿਆ ਨੇ ਬੋਲਣ ਦੇ ਅਧਿਕਾਰ ਨਾਲ ਇਨ੍ਹਾ ਸੁਖਸ਼ਮ ਵਿਧੀਆ ਦਾ ਮਖੌਲ ਉਡਾਇਆ ਹੈ। ਫਲਸਰੂਪ ਅਜ ਦਾ ਇਨਸਾਨ ਨੀਮ ਪਾਗਲ ਹੋ ਚੁਕਾ ਹੈ। ਧਾਰਮਿਕ ਆਗੂਆਂ, ਰੂੜੀਬਾਦੀ ਲਿਖਾਰੀਆਂ ਅਤੇ ਰਾਜਨੀਤਕਾਂ ਤਕ ਦਾ ਇਹੀ ਹਾਲ ਹੈ।ਵੈਦਕ ਕਾਲ ਵਿਚ ਜਿਸ ਨੂੰ ਰਾਮਰਾਜ ਕਿਹਾ ਜਾਦਾ ਸੀ ਵਿਚ ਰਾਜਿਆ ਲਈ ਨਿਯਮ ਉਲੀਕੇ ਗਏ ਸਨ। ਸਿਆਣੇ ਸਲਾਹਕਾਰ ਰੱਖੇ ਜਾਂਦੇ ਸਨ। ਕੁਲ ਗੁਰੂ ਸੇਧਾ ਦਿਆ ਕਰਦੇ ਸਨ। ਚੰਗਾਰਾਜਾ ਸੌ ਗਲਾਂ ਦਾ ਖਿਆਲ ਰਖਕੇ ਕੋਈ ਫਰੁਮਾਨ ਜਾਰ੍ਹੀ ਕਰਦਾ ਹੁੰਦਾ ਸੀ। ਅਜ ਉਹ ਪਵਿਤਰ ਨਿਯਮ ਛਿਕੇ ਟੰਗਕੇ ਮਨਮਾਨੀਆਂ ਕੀਤੀਆਂ ਜਾ ਰਹੀਆਂ ਹਨ।ਇਹ ਬ੍ਰੇਕਲੈਸ ਸਭਿਆਚਾਰ ਦੁਨੀਆਂ ਨੂੰ ਡੋਬਣ ਕਿਨਾਰੇ ਲੈ ਆਇਆ ਹੈ।

4- ਅਲਾਰਮ ਸਿਸਟਮ: ਹਰ ਮਸ਼ੀਨ ਵਿਚ ਇਕ ਐਸਾ ਸਪੀਡ-ਨੁਕਤਾ ਹੁੰਦਾ ਹੈ ਜਿਥੇ ਮਸ਼ੀਨ ਦੀ ਕਾਰਜਸ਼ੀਲਤਾ ਕਮਾਲ ਦੀ ਹੁੰਦੀ ਹੈ। ਮੋਸਟ ਐਫੀਸ਼ੈਂਟ ਹੁੰਦੀ ਹੈ। ਇਸ ਨੂੰ ਆਈਡੀਅਲ ਸਪੀਡ ਕਿਹਾ ਜਾਂਦਾ ਹੈ। ਇਸੇ ਤਰ੍ਹਾ ਹਰ ਇਨਸਾਨ ਦੀ ਇਕ ਸਪੀਡ ਹੁੰਦੀ ਹੈ, ਜਿਸ ਨਾਲ ਉਹ ਕੰਮ ਕਰੇ ਤਾਂ ਸਭ ਕੁਝ ਠੀਕ ਬੈਠਦਾ ਹੈ। ਉਸ ਨਾਲੋਂ ਤੇਜ਼ ਕਰੇ ਤਾਂ ਗਲਤੀਆ ਹੋਣਗੀਆਂ ਘਟ ਕਰੇ ਤਾਂ ਆਲਸ ਪੈਦਾ ਹੋਵੇਗੀ। ਇਕਅਖਾਣ ਪ੍ਰਤੀਕ ਹੈ, 'ਕਾਹਲੀ ਅਗੇ ਟੋਏ'। ਹਰ ਬੰਦੇ ਨੇ, ਉਸ ਖਾਸ ਸਪੀਡ ਦਾ ਪਤਾ ਕਰਨਾ ਹੁੰਦਾ ਹੈ।ਉਸ ਸਪੀਡ ਨੂੰ ਆਪਣੇ ਅੰਦਰੋਂ ਲੱਭਣਾ ਹੁੰਦਾ ਹੈ। ਜਿਸ ਸਪੀਡ ਨਾਲ ਸਰੀਰ ਵਿਚ ਕੋਸਾਪਨ ਪੈਦਾ ਹੋਵੇ, ਨਿੰਮਾ ਨਿਮ੍ਹਾ ਪਸੀਨਾ ਆਵੇ, ਉਹੀ ਆਈਡੀਅਲ ਸਪੀਡ ਹੁੰਦੀ ਹੈ। ਕਾਰਾਂ ਦੇ ਜਾਂ ਮਸ਼ੀਨਾਂ ਦੇ ਡੈਸ਼ ਬੋਰਡ ਉਪਰ ਸਪੀਡ ਲਿਮਟ ਅੰਕਤ ਕੀਤੀ ਗਈ ਹੁੰਦੀ ਹੈ। ਕਾਰਾ ਵਿਚ ਟੈਂਪਰੇਚਰ ਦੀ ਸੂਈ ਜਦ ਰੈਡ ਏਰੀਆ ਵਿਚ ਪਹੁੰਚ ਜਾਵੇ ਤਾਂ ਸਮਝੋ ਰੇਡੀਏਟਰ ਦਾ ਕੋਈ ਨੁਕਸ ਪੈ ਗਿਆ ਹੈ। 150-200 ਕਿਲੋਮੀਟਰ ਤੋਂ ਅਗਲੀ ਸਪੀਡ ਸੇਫ ਨਹੀਂ ਮੰਨੀ ਜਾਂਦੀ। ਉਹ ਵੀ ਰੈਡ ਜ਼ੋਨ ਵਿਚ ਅੰਕਤ ਕੀਤੀ ਹੁੰਦੀ ਹੈ ਜਾਂ ਅੰਕਤ ਹੀ ਨਹੀਂ ਕੀਤੀ ਹੁੰਦੀ। ਗਡੀਆਂ ਵਿਚ ਬਹੁਤ ਸਾਰੇ ਬਟਣ ਐਸੇ ਹੁੰਦੇ ਹਨ ਜੋ ਕਿਸੇ ਨੁਕਸ ਬਾਰੇ ਇੰਡੀਕੇਟ ਕਰਨ ਲਈ ਜਗ ਪੈਂਦੇ ਹਨ।ਇਸ ਵਿਧੀ ਨੂੰ ਅਲਾਰਮ ਸਿਸਟਮ ਕਿਹਾ ਜਾਂਦਾ ਹੈ। ਇਸੇ ਤਰ੍ਹਾ ਪ੍ਰਮਾਤਮਾ ਨੇ ਸਾਡੇ ਸਰੀਰ ਅੰਦਰ ਅਲਾਰਮ ਲਗਾਏ ਹਨ। ਜਿਵੇਂ ਕੰਧਾ ਉਪਰ ਲਗੇ ਕਲਾਕ ਟਿਕ ਟਿਕ ਕਰਦੇ ਹਨ, ਇਸੇ ਤਰ੍ਹਾ ਸਾਡਾ ਜਿਸਮਾਨੀ ਕਲਾਕ (ਬਾਇਓ ਕਲਾਕ) ਹਮੇਸ਼ਾ ਚਲਦਾ ਰਹਿੰਦਾ ਹੈ। ਰਾਤ ਨੂੰ ਫੈਸਲਾ ਕਰਕੇ ਸਵੋਂ ਕਿ ਸਵੇਰੇ 4 ਵਜੇ ਉਠਣਾ ਹੈ, ਫੜੱਕ 4 ਵਜੇ ਜਾਗ ਆ ਜਾਵੇਗੀ। ਜਦ ਤੁਸੀਂ ਸਵੇਰੇ ਕੋਈ ਕੰਮ ਕਰਨ ਦਾ ਧਾਰਦੇ ਹੋ ਤਾਂ ਇਕ ਅਲਾਰਮ ਲਗ ਜਾਂਦਾ ਹੈ। ਜਦ ਮਿਥੇ ਸਮੇ ਤੁਸੀਂ ਉਹ ਕੰਮ ਨਹੀਂ ਕਰਦੇ ਤਾਂ ਤੁਹਾਨੂੰ ਉਸਦਾ ਚੇਤਾ ਆਵੇਗਾ। ਫਿਰ ਵੀ ਨਹੀਂ ਕਰਦੇ ਤਾਂ ਇਕ ਰੀਲੇਅ ਸਵਿਚ ਦੀ ਤਰਾਂ ਉਸਦਾ ਚੇਤਾ ਬਾਰ ਬਾਰ ਆਵੇਗਾ। ਉਨ੍ਹੀ ਦੇਰ ਇਕ ਸਰਟਿਨ ਫਰੀਕੁਐਂਸੀ ਨਾਲ ਇਹ ਅਲਾਰਮ ਬਜਦਾ ਹੀ ਰਹਿਣਾ ਹੈ ਜਦ ਤਕ ਤੁਸੀਂ ਕੰਮ ਪੂਰਾ ਨਹੀਂ ਕਰਦੇ ਜਾਂ ਆਪਣੇ ਆਪ ਨੂੰ ਇਹ ਨਹੀਂ ਕਹਿੰਦੇ ਕਿ ਨਹੀਂ ਅਜ ਨਹੀਂ ਇਹ ਕੰਮ ਕਰਨਾ। ਇਸੇ ਤਰ੍ਹਾ ਜਿਨ੍ਹੇ ਵੀ ਕੰਮ ਤੁਸੀਂ ਸੋਚੇ ਹੋਣਗੇ ਉਨ੍ਹਾਂ ਸਭ ਦੇ ਅਲਾਰਮ ਤੁਹਾਡੇ ਸਿਸਟਮ ਵਿਚ ਜਗ ਜਾਂਦੇ ਹਨ।

ਜੋ ਲੋਕ ਆਰਗੇਨਾਈਜ਼ਡ ਨਹੀਂ ਹੁੰਦੇ ਉਹ ਸਾਰਾ ਦਿਨ ਬੌਂਦਲੇ ਫਿਰਨਗੇ ਕਿਓਂਕਿ ਲਗੇ ਹੋਏ ਅਲਾਰਮ ਹੁੰਝਾ ਮਾਰ ਰਹੇ ਹੁੰਦੇ ਹਨ। ਘਬਰਾਹਟ ਵਿਚ ਬੰਦੇ ਦੀ ਸਪੀਡ ਰੈਡ ਜੌਨ ਵਿਚ ਚਲ ਰਹੀ ਹੁੰਦੀ ਹੈ। ਕੋਈ ਕੰਮ ਵੀ ਤਸੱਲੀਬਖਸ਼ ਨਹੀਂ ਹੋ ਸਕਦਾ ਹੁੰਦਾ। ਇਸ ਤਰ੍ਹਾ ਦੇ ਲੋਕਾਂ ਨੂੰ ਐਂਗਜ਼ਾਈਟੀ ਦੀ ਬੀਮਾਰੀ ਲਗ ਜਾਂਦੀ ਹੈ। ਇਸਦੇ ਉਲਟ ਸਵੇਰੇ ਉਠਕੇ ਪਾਠ ਪੂਜਾ ਕਰਕੇ ਇਕ ਡਾਇਰੀ ਜਾਂ ਸਲਿਪ ਉਪਰ ਲਿਖੋ ਕਿ ਕੀ ਕੁਝ ਕਰਨਾ ਹੈ ਅਜ। ਸੋਚ ਵਿਚਾਰਕੇ ਨੋਟ ਕਰੋ ਜੋ ਸਚੀ ਮੁਚੀ ਤੁਸੀਂ ਕਰਨਾ ਚਹੁੰਦੇ ਹੋ ਜਾ ਕਰ ਸਕਣ ਦੇ ਸਮਰੱਥ ਹੋ। ਉਸਤੋਂ ਅਗੇ ਪਿਛੇਦਾ ਨਾ ਸੋਚੋ ਅਤੇ ਨਾ ਧਿਆਵੋ।ਫਿਰ ਵੇਖੋ ਨਜ਼ਾਰਾ। ਸਭ ਨੋਟ ਕੀਤੇ ਕੰਮ ਆਪਣੇ ਆਪ ਹੋਈ ਜਾਣਗੇ। ਐਦਾਂ ਲਗੇਗਾ ਜਿਵੇਂ ਤੁਸੀਂਨਹੀਂ ਕਰ ਰਹੇ, ਸਗੋਂ ਕੋਈ ਗੈਬੀ ਸ਼ਕਤੀ ਕਰਵਾ ਰਹੀ ਹੈ। ਰਾਤ ਨੂੰ ਤੁਸੀਸੌਣ ਤੋਂ ਪਹਿਲਾਂ ਇਵੇਂ ਮਹਿਸੂਸ ਕਰੋਗੇ ਜਿਵੇ ਸਭ ਘੋੜੇ ਵਿਕ ਗਏ ਹਨ।ਅੰਗਰੇਜ਼ੀਵਿਚ ਇਸ ਰੂਹਾਨੀ ਹਾਲਤ ਨੂੰ ਸੈਂਸ ਆਫ ਅਕੰਪਲਿਸ਼ਮੈਂਟ ਕਿਹਾ ਜਾਦਾ ਹੈ ਜਿਸਦਾ ਆਭਾਸ ਇਕ ਆਨੰਦਅਤੇ ਸਦੀਵੀਂ ਖੇੜਾ ਹੁੰਦਾ ਹੈ।

ਇਸੇ ਤਰ੍ਹਾ ਦਾਨ ਪੁਨ ਦੇ ਪਰਣ ਜਾਂ'ਸੁਖਣਾ'ਸੁਖਣ ਸਮੇ ਇਕ ਅਲਾਰਮ ਤੁਹਾਡੇ ਅੰਦਰ ਜਗ ਪੈਦਾ ਹੈ। ਜਦ ਤਕ ਉਹ ਦਾਨ ਤੁਸੀਂ ਕਰ ਨਹੀਂ ਦੇਂਦੇ, ਉਨ੍ਹੀ ਦੇਰ ਇਸ ਨੇ ਜਗਦੇ ਰਹਿਣਾ ਹੈ। ਕਈ ਨਾ ਸ਼ੁਕਰੇ ਲੋਕ ਕੰਮ ਹੋ ਜਾਣ ਬਾਅਦ ਭੁਲ ਭੁਲਾ ਜਾਂਦੇ ਹਨ। ਪੰਡਤ ਵਿਦਿਆ ਮੁਤਾਬਿਕ, ਫਿਰ ਉਹ ਜਗੇ ਹੋਏ ਬਲਬ ਸਰੀਰ ਵਿਚ ਵਿਆਧੀਆਂ ਪੈਦਾ ਕਰਦੇ ਹਨ। ਇਸ ਪ੍ਰਕ੍ਰਿਆ ਨੂੰ ਦੈਵੀ ਦੋਸ਼ ਕਿਹਾ ਜਾਂਦਾ ਹੈ। ਜਦ ਕਦੇ ਆਪਣੀਆਂ ਤਕਲੀਫਾ ਕਿਸੇ ਸਿਆਣੇ ਨਾਲ ਸਾਂਝੀਆਂ ਕਰੋ ਤਾਂ ਸਭ ਤੋਂ ਪਹਿਲਾ ਉਹ ਕਹੇਗਾ ਦਾਨ ਪੁਨ ਕਰੋ। ਐਹ ਦਾਨ ਕਰੋ ਜਾਂ ਔਹ ਦਾਨ ਕਰੋ। ਗਿਆਨੀ ਲੋਕਾਂ ਨੂੰ ਪਤਾ ਹੁੰਦਾ ਹੈ ਕਿ ਕਿਹੜੀਆਂ ਮਰਜਾਂ ਦੈਵੀ ਦੋਸ਼ਾ ਕਾਰਣ ਘਟਤ ਹੁੰਦੀਆਂ ਹਨ।

ਸਾਡੀਆਂ ਪੰਜੇ ਸੈਂਸਿਜ਼ ਯਾਨੀ ਸਾਡੇ ਪੰਜੇ ਗਿਆਨ ਇੰਦਰੇ ਹਰ ਦਮ ਕੰਮ ਕਰਦੇ ਰਹਿੰਦੇ ਹਨ। ਕੁਝਕੁ ਰਾਤ ਨੂੰ ਬੰਦ ਹੋ ਜਾਂਦੇ ਹਨ ਪਰ ਸੋਚਣ ਪਰਕ੍ਰਿਆ ਬਹੁਤ ਥੋਹੜੇ ਸਮੇ ਲਈ ਬੰਦ ਹੁੰਦੀ ਹੈ। ਜੋ ਕੁਝ ਵੀ ਸੁਣਦੇ ਵੇਖਦੇ ਹਾਂ, ਇਹ ਕੁਝ ਸਰਵੇਲੈਂਸ ਕੈਮਰਿਆ ਵਾਂਗ ਰੀਕਾਰਡ ਹੁੰਦਾ ਰਹਿੰਦਾ ਹੈ। ਤੁਹਾਡੀ ਆਪਣੀ ਸੂਝ ਬੂਝ ਇਨ੍ਹਾ ਹੋਈਆਂ ਰੀਕਾਰਡਿੰਗਜ਼ ਨੂੰ ਡੀਲੀਟ ਕਰਦੀ ਰਹਿੰਦੀ ਹੈ। ਡੀਲੀਟ ਕਰਨ ਵਾਲੇ ਟੂਲ ਦਾ ਨਾਮ ਹੈਧਿਆਨ। ਜਿਸ ਗਲ ਦਾ ਧਿਆਨ ਧਰ ਲਵੋ, ਉਹ ਤੁਹਾਡੀ ਰੋਜ਼ਾਨਾ ਜਿੰਦਗੀ ਦਾ ਰਸਤਾ ਤੈਅ ਕਰਦੀ ਹੈ। ਮਾੜੀ ਗਲ ਇਹ ਕਿ ਇਹ ਧਿਆਨ ਵਾਲਾ ਟੂਲ ਆਮ ਲੋਕਾਂ ਨੇ ਬੰਦ ਕਰ ਰਖਿਆ ਹੁੰਦਾ ਹੈ। ਉਹ ਜੋਵੀ ਸੁਣਦੇ ਹਨ, ਉਸਦਾ ਅਸਰ ਕਬੂਲ ਲੈਂਦੇ ਹਨ। ਜੋ ਕੁਝ ਅਖਬਾਰਾ ਰੈਡੀਓ ਅਤੇ ਟੀਵੀ ਉਪਰ ਵੇਖਦੇ ਸੁਣਦੇ ਹਨ, ਉਸੇ ਮੁਤਾਬਿਕ ਰੋਜ਼ ਮਰ੍ਹਾ ਜਿੰਦਗੀ ਜਿਊਣ ਲਗ ਜਾਂਦੇ ਹਨ। ਫਲਸਰੂਪ ਝੰਜਟ ਮੁਕਦੇ ਹੀ ਨਹੀਂ। ਜਿਸ ਬਾਰੇ ਜ਼ਿਆਦਾ ਗੱਲਾ ਹੋਣ ਲਗ ਜਾਣ, ਉਹ ਗਲ ਸਚੀ ਅਤੇ ਬਾਕੀ ਸਭ ਝੂਠ ਲਗਣ ਲਗ ਜਾਂਦਾ ਹੈ। ਕੋਈ ਸਰਕਾਰ ਜਿਤਨੀ ਮਰਜੀਐ ਚੰਗੀ ਹੋਵੇ, ਵਿਰੋਧੀ ਹਵਾ ਚਲਾਕੇ ਬਦਲ ਦਿਤੀ ਜਾਂਦੀ ਹੈ। ਸੰਸਾਰ ਵਿਚ ਸਭ ਝਗੜਿਆ ਦੀ ਜੜ੍ਹ ਕਮਯੋਰ ਹੋ ਚੁਕੀ ਇਨਸਾਨੀ ਸੂਝ ਬੂਝ ਹੈ।

5- ਡੈਸ਼ ਬੋਰਡ: ਹਰ ਮਸ਼ੀਨ ਉਪਰ ਇਕ ਡੈਸ਼ ਬੋਰਡ ਲਗਾ ਹੁੰਦਾ ਹੈ। ਜਿਤਨਾ ਜ਼ਿਆਦਾ ਮਹਿੰਗਾ ਜੰਤਰ ਉਤਨਾ ਜ਼ਿਆਦਾ ਵਡਾ ਡੈਸ਼ ਬੋਰਡ। ਸਭ ਤੋਂ ਵਧ ਵਡਾ ਡੈਸ਼ ਬੋਰਡ ਹਵਾਈ ਜਹਾਜ਼ ਦਾ ਅਤੇ ਉਸਤੋਂ ਵੀ ਵਡਾ ਸਪੇਸ ਸ਼ਿਪ ਦਾ ਹੁੰਦਾ ਹੈ। ਇਹਪੈਨਲ ਬੋਰਡ ਇਸ ਲਈ ਜਰੂਰੀ ਹੁੰਦਾ ਹੈ ਕਿ ਸਾਰੇ ਵਾਹਨ ਜਾਂ ਮਸ਼ੀਨ ਦਾ ਕੰਟਰੋਲ ਡਰਾਈਵਰ ਦੀ ਨਿਗਾਹ ਵਿਚ ਰਹੇ, ਜਿਸਨੇ ਇਸਨੂੰ ਚਲਾਉਣਾ ਹੈ। ਅਨੇਕਾ ਨੀਲੀਆਂ ਹਰੀਆਂ ਅਤੇ ਪੀਲੀਆਂ ਲਾਈਟਾ ਇਸ ਉਪਰ ਟਿਮਟਿਮਾਂਦੀਆਂ ਰਹਿੰਦੀਆਂ ਹਨ। ਅਨੇਕਾਂ ਅਲਾਰਮ ਅਤੇ ਬੀਪਸ ਇਥੇ ਸੁਣਦੇ ਰਹਿੰਦੇ ਹਨ। ਜਿਹੜਾ ਡਰਾਈਵਰ, ਇਨ੍ਹਾ ਸਭ ਨੂੰ ਭਲੀ ਭਾਂਤ ਸਮਝਦਾ ਹੈ ਉਹ ਕਦੇ ਐਕਸੀਡੈਂਟ ਨਹੀਂ ਕਰਦਾ ਅਤੇ ਆਪਣੇ ਜੰਤਰ ਦੀ ਉਮਰ ਵੀ ਵਧਾ ਲੈਂਦਾ ਹੈ। ਸਪੇਸ ਸ਼ਿਪ ਤੋਂ ਵੀ ਵਡਾ ਡੈਸ਼ ਬੋਰਡ ਸਾਡੇ ਸਰੀਰ ਵਿਚ ਲਗਾ ਹੁੰਦਾ ਹੈ। ਫਰਕ ਇਤਨਾ ਹੈ ਕਿ ਇਹ ਸਾਡੀਆਂ ਅੱਖਾ ਨਾਲ ਦਿਖਦਾ ਨਹੀਂ ਪਰ ਸਾਡੀਆਂ ਅੰਦਰੂਨੀ ਅੱਖਾ (ਅੰਤਰ ਧਿਆਨ ਯਾਨੀ ਇੰਟਰਨਲ ਵਿਜ਼ਨ) ਦੇ ਵਿਚ ਪ੍ਰਤੱਖ ਦਿਖ ਰਿਹਾ ਹੁੰਦਾ ਹੈ। ਇਹ ਬਟਣ ਸੰਪੂਰਣ ਸਰੀਰ ਉਪਰ ਜਗਾਹ ਜਗਾਹ ਲਗੇ ਪਏ ਹਨ। ਸਰੀਰ ਵਿਚ ਜਿਤਨੀਆਂ ਵੀ ਦਰਦਾਂ, ਬੁਖਾਰ ਜਾਂ ਆਲਸਾਂ ਉਤਪਨ ਹੁੰਦੀਆਂ ਹਨ ਇਹ ਇੰਡੀਕੇਟਰ ਹੁੰਦੇ ਹਨ, ਯਾਨੀ ਬੀਪਸ ਹੁੰਦੀਆਂ ਹਨ। ਦਸਣ ਲਈ ਕਿ ਗਡੀ ਵਿਚ ਨੁਕਸ ਪੈ ਗਿਆ ਹੈ। ਅਜੋਕਾ ਜੀਪੀਐਸ ਸਿਸਟਮ ਜਿਸ ਨਾਲ ਅਜ ਕਲ ਨਵੀਆਂ ਜਗਾਹ ਲਭਣ ਵਿਚ ਬੜੀ ਸਹੂਲਤ ਹੋ ਗਈ ਹੈ। ਅਡਰੈਸ ਪਾਓ ਅਤੇ ਠਾਹ ਉਥੇ ਪਹੁੰਚ ਜਾਵੋ।ਇਸਤੋਂ ਵੀ ਵਧੀਆ ਜੀਪੀਐਸ ਸਾਡੇ ਅੰਦਰ ਲਗਾ ਹੋਇਆ ਹੈ। ਇਹ ਨਾਲੋ ਨਾਲ ਕੰਮ ਕਰਦਾ ਰਹਿੰਦਾ ਹੈ। ਜਿਥੇ ਇਕ ਵਾਰ ਜਾ ਆਵੋ, ਉਸਦਾ ਰਸਤਾ ਤੁਹਾਡੇ ਜੀਪੀਐਸ ਉਪਰ ਅੰਕਤ ਹੋ ਜਾਂਦਾ ਹੈ, ਜਿਸ ਬੰਦੇ ਨੂੰ ਵੇਖ ਲਵੋਂ, ਉਸਦੀ ਸ਼ਕਲ ਤੁਹਾਡੇ ਜ਼ਿਹਨ ਉਪਰ ਅੰਕਤ ਹੋ ਜਾਂਦੀ ਹੈ। ਉਸੇ ਦੇ ਸਹਾਰੇਤੁਹਾਡੀ ਯਾਦਦਾਸ਼ਤ ਸਿਰਜੀ ਜਾਂਦੀ ਹੈ। ਵੇਖੀਆਂ ਜਗਾਹ ਉਪਰ ਦੁਬਾਰਾ ਅਸਾਨੀ ਨਾਲ ਤੁਸੀਂ ਪਹੁੰਚ ਜਾਂਦੇ ਹੋ। 20 ਸਾਲ ਬਾਅਦ ਆਪਣੇ ਪਿੰਡ ਜਾਵੋ ਤਾਂ ਤੁਸੀਂ ਝਟ ਕਹੋਗੇ, ਐਥੇ ਇਕ ਦਰਖਤ ਹੁੰਦਾ ਸੀ, ਉਹ ਵਢ ਸੁਟਿਆ ਕਿਸੇ ਨੇ?ਹਜਾਰਾ ਸਾਲ ਪਹਿਲਾਂ ਪਤੰਜਲੀ ਇਕ ਯੋਗੀ ਹੋਇਆ ਹੈ। ਉਸਨੇ ਇਸ ਸਰੀਰ ਉਪਰ ਬਹੁਤ ਖੋਜਾਂ ਕੀਤੀਆਂ ਸਨ। ਰੂਹਾਨੀਅਤ ਵਿਚ ਉਹ ਅਜਕਲ ਦੀ ਪੀਐਚ ਡੀ ਤੋਂ ਵੀ ਉਪਰ ਸੀ। ਉਸਨੇ ਸਰੀਰ ਵਿਚ ਸਭ ਜੰਤਰਾਂ ਦਾ ਖੁਲਾਸਾ ਕੀਤਾ ਸੀ। ਸਭ ਜੰਤਰਾਂ ਨੂੰ ਚਲਦਿਆ ਰੱਖਣ ਦੇ ਫਾਰਮੂਲੇ ਈਜਾਦ ਕੀਤੇ ਸਨ। ਰਾਮਦੇਵਜਾਂ ਯੋਗੀ ਲੋਕ ਉਸੇ ਵਿਦਿਆ ਦਾ ਖਟਿਆ ਖਾ ਰਹੇ ਹਨ।ਅਕਲ ਦੇ ਦੁਸ਼ਮਣ ਲੋਕ ਉਨ੍ਹਾ ਨੂੰ ਵੀ ਨਿੰਦੀ ਜਾ ਰਹੇ ਹਨ। ਯੋਗਾਦਾ ਭੰਡੀਪ੍ਰਚਾਰ ਕਰੀ ਜਾ ਰਹੇ ਹਨ। ਅਜੋਕੇ ਜੀਵਨ ਵਿਚ ਆਪਣੇ ਉਸ ਸਰੀਰ ਨੂੰ ਜੋ ਇਕ ਰਾਇਲਰਾਇਸੀ ਕਾਰ ਤੋਂ ਵੀ ਮਹਿੰਗੇ ਭਾਅ ਦਾ ਹੈ ਉਸਨੂੰ ਅਸੀਂ ਕੂੜਾ ਸੁਟਣ ਲਈ ਪ੍ਰਯੋਗ ਕਰ ਰਹੇ ਹਾਂ। ਰੱਬ ਨੂੰ ਅਸੀਂ ਮਜਬੂਰ ਕਰ ਰਹੇ ਹਾਂ ਕਿ ਉਹ ਸ਼ਰਮਿੰਦਾ ਹੋਕੇ ਇਨਸਾਨ ਪੈਦਾ ਕਰਨੇ ਬੰਦ ਕਰ ਦੇਵੇ ਕਿਓਕਿ ਉਸਦੇ ਬਣਾਏ ਮਹਿੰਗੇ ਮੌਡਲ ਦੀ ਦੁਰ ਵਰਤੋਂ ਹੋ ਰਹੀ ਹੈ।

ਜੇਕਰ ਐਥੋਂ ਤਕ ਗਲ ਸਮਝ ਲਗ ਗਈ ਹੈ ਤਾ ਇਕ ਆਖਰੀ ਗਲ ਸਮਝਣ ਲਈ ਦੇਰ ਨਹੀਂ ਲਗੇਗੀ। ਸਾਡੇ ਸਰੀਰ ਅਤੇ ਬ੍ਰਹਿਮੰਡ ਵਿਚ ਕੋਈ ਫਰਕ ਨਹੀਂ ਹੈ। ਗੁਰਬਾਣੀ ਆਖਦੀ ਹੈ 'ਜੋਬ੍ਰਹਿਮੰਡੇ ਤੈਸਾ ਪਿੰਡੇ, ਜੋ ਖੋਜੇ ਸੋ ਪਾਵੈ'। ਬ੍ਰਹਿਮੰਡ ਨੂੰ ਸਮਝਣ ਲਈ ਸਰੀਰ ਨੂੰ ਸਮਝਣਾ ਬਹੁਤ ਜਰੂਰੀ ਹੈ। ਸਾਡੇ ਸਰੀਰ ਵਿਚ ਜੋ ਕਰੋੜਾ ਸੈਲ ਹਨ, ਇਹ ਸਭ ਸਾਡੇ ਵਾਸਤੇ ਮਾਕੂਲ ਨਹੀਂ ਹੁੰਦੇ। ਬਹੁਤੇ ਸੈਲ ਸਹਾਇਕ ਅਤੇ ਕੁਝ ਸੈਲ ਵਿਰੋਧੀ ਵੀ ਹੁੰਦੇ ਹਨ। ਇਨਹਾਂ ਨੂੰ ਐਂਟੀਬਾਡੀਜ਼ ਕਿਹਾ ਜਾਂਦਾ ਹੈ। ਪਤਾ ਚਲ ਚੁਕਾ ਹੈ ਕਿ ਹਰ ਸਰੀਰ ਵਿਚ ਕੈਂਸਰ ਦੇ ਸੈਲ ਯਾਨੀ ਐਂਟੀਬਾਡੀਜ਼ ਹੁੰਦੇ ਹਨ। ਇਹ ਮੌਕੇ ਦੀ ਤਲਾਸ਼ ਵਿਚ ਰਹਿੰਦੇ ਹਨ ਕਿ ਕਦ ਸਰੀਰ ਵਿਚ ਕੋਈ ਕਮਯੋਰੀ ਆਵੇ ਅਤੇ ਇਹ ਹਮਲਾ ਕਰਨ। ਮੌਕੇ ਉਪਰ ਹਮਲਾ ਕਰਕੇ ਸਹਿਯੋਗੀ ਸੈਲਜ਼ ਨੂੰ ਵੀ ਆਪਣੇ ਵਲ ਕਰ ਲੈਂਦੇ ਹਨ। ਸੰਸਾਰ ਵਿਚ ਐਂਟੀਬਾਡੀਜ, ਭੰਡੀ ਪ੍ਰਚਾਰ ਕਰਨ ਵਾਲੀਆ ਵਿਰੋਧੀ ਤਾਕਤਾ ਨੂੰ ਕਿਹਾ ਜਾਂਦਾ ਹੈ। ਇਹ ਤਾਕਤਾ ਹਰ ਚੰਗੇ ਕੰਮਾ ਦੀ ਵਿਰੋਧਤਾ ਕਰਦੀਆਂ ਹਨ। ਯਾਨੀ ਉਹ ਕੈਂਸਰਸਹੁੰਦੀਆਂ ਹਨ।ਆਪਣੇ ਆਪ ਨੂੰ ਇਹ ਲੋਕ ਵਾਚ ਡੌਗਸ ਕਹਾਉਂਦੇ ਹਨ। ਇਹਭਦਰ ਪੁਰਸ਼ ਸੰਸਾਰ ਵਿਚ ਬੇਅਰਾਮੀ ਦਾ ਆਲਮ ਸਿਰਜਣ ਲਈ ਕੰਮ ਕਰਦੇ ਹਨ। ਟੁਟ ਪੈਣ ਵਾਲਾ ਸਚ ਇਹ ਕਿ ਇਹ ਦੁਸ਼ਟ ਲੋਕ ਸੁਆਰਦੇ ਕਿਸੇ ਦਾ ਕੁਝ ਨਹੀਂ ਹੁੰਦੇ, ਕੇਵਲ ਲੋਕਾਂ ਨੂੰ ਕੁਰਾਹੇ ਪਉਣ ਦਾ ਕੰਮ ਕਰਦੇ ਹਨ। ਪਰ ਫਿਰ ਵੀ ਭੋਲੇ ਲੋਕ ਇਨ੍ਹਾ ਦੇ ਹੱਥੀ ਚੜ੍ਹਕੇ ਮੂਰਖ ਬਣਦੇ ਰਹਿਦੇ ਹਨ। ਹਜਾਰਾਂ ਸਾਲਾ ਦਾ ਇਤਹਾਸ ਇਸ ਗਲ ਦਾ ਗਵਾਹ ਹੈ। ਰਮਾਇਣ ਵਿਚ ਅਜਿਹੇ ਲੋਕਾਂ ਨੂੰ ਰਾਵਣ ਸੈਨਾ ਅਤੇ ਮਹਾਭਾਰਤ ਵਿਚ ਕੌਰਵ ਸੈਨਾ ਦਾ ਨਾਮ ਦਿਤਾ ਗਿਆ ਸੀ।ਅਜੋਕੇ ਸਮੇ ਇਹ ਲੋਕ ਅਜੀਬੋ ਗ੍ਰੀਬ ਪਾਰਟੀਆਂ ਦੇ ਨਾਮਾ ਨਾਲ ਸਰਗਰਮ ਹਨ।

SKYDOME GROUP OF COMPANIES
25th ANNIVERSARY of SKYDOME Groups Of Companies
24th VAISAKHI MELA
& Customer Appreciation Day
SPECIAL ACTIVITIES FOR KIDS
Call for More Information: 905-874-9878
MAY 26th, 2019 from 12 P.M.
@ 210 RUTHERFORD ROAD BRAMPTON, ON, L6W 3J6
FREE EVENT:
FREE Food/Lunch, Lucky Draw, Special Kids Zone, Music & much more...
LUCKY DRAW
For more info visit: www.skydomeauto.ca
Email us: skydome_auto@hotmail.com
facebook.com/skydomegroupofcompanies

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ਼ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777




31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE
Photo Not Available
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।


FOR SALE
$969,900
Sandalwood/ Sunny Meadow
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।


FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।


FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

TCMPLUS
10 YEARS' FAMOUS TRADITIONAL CHINESE MEDICINE CLINIC
Herbal and Acupuncture.
Treat your roots, Real Result "NO FAKE".

WE TREAT:
- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill

ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ
PEARSON
KITCHEN CABINET
Free Estimate
We Specialize in granite, quartz & marble countertops
Special Discount for Contractors | Buy Direct From The Factory
100% Satisfaction On Time






ਵਾਜਿਬ ਦਾਮ ਤੇ ਸਮੇਂ ਸਿਰ ਕੰਮ
- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles...................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha: 416-200-0931
271 - Glidden Rd. Unit#5, Brampton (Kennedy&Glidden)

Dr. Randhawa Dentistry


Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment


Dr. Samreet Kaur Randhawa
General Family Dentist
New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!


FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




ASIAN FOOD CENTRE



SERVING FROM 10 LOCATIONS
IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



Advertisement

www.BramptonTopRelator.com

JAG AUJLA

REAL ESTATE BROKER

416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise But JAG AUJLA SOLD YOUR HOME WITH

GUARANTEED

OR HE'LL BUY IT!*

*Some Conditions Apply

GUARANTEED Till SOLD

Top 1% Ranked Broker

Call For a Quick & Free Home Evaluation

www.BramptonQuickHomeEvaluation.com

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON

ਕਵੀਨ-ਮੈਰੀ/ਸੈਂਡਲਵੁਡ

ਸਾਫ ਸੁਥਰਾ ਡਬਲ ਸਟੋਰੀ ਡਿਟੈਚ ਘਰ ਜਿਸ ਨੂੰ 3 ਖੁਲ੍ਹੇ-ਡੁਲ੍ਹੇ ਲੈਮੀਨੇਟਡ ਬੈਡਰੂਮ, 4 ਵਾਸ਼ਰੂਮ ਨਾਲ ਹੀ finished ਬੈਸਮੈਂਟ ਤੇ rec room, ਹਾਰਡਵੁਡ ਫਲੋਰ, 9 ਫੁੱਟ ਸਿਲਿੰਗ, ਸਟੇਨਲੈਸ ਸਟੀਲ ਅਪਲਾਇੰਸਿਸ, ਬੈਡਰੂਮ ਨੂੰ 4 ਪੀਸ-ਇਨ ਸੂਟ ਤੇ ਵਾੱਕ ਇਨ ਕਲੋਜ਼ੇਟ ਤੇ ਹੋਰ ਵੀ ਬਹੁਤ ਕੁਝ।

BRAMPTON

ਵੈਨ ਕੂਕ/ਵੇਨਲੈਸ

ਵਧੀਆ ਤੇ ਸਾਫ ਸੁਥਰਾ 2532 ਸਕੇਅਰ ਫੁੱਟ 4 ਬੈਡਰੂਮ 4 ਵਾਸ਼ਰੂਮ ਦਾ ਡਿਟੈਚ ਘਰ ਜਿਸ ਨੂੰ ਕਿ ਡਬਲ ਡੋਰ ਏਂਟਰੈਂਸ, ਓਕ ਸਟੇਅਰਸ, ਹਾਰਡਵੂਡ ਫਲੋਰ, 9 ਫੁੱਟ ਸਿਲਿੰਗ, ਬੈਡਰੂਮ ਨੂੰ 5 ਪੀਸ-ਇਨ ਸੂਟ, ਸਟੇਨਲੈਸ ਸਟੀਲ ਅਪਲਾਇੰਸਿਸ, ਪਾਰਕ, ਸਕੂਲ ਆਦਿ ਸਹੂਲਤਾਂ ਦੇ ਨੇੜੇ।

GUELPH

ਗਲਫ, ਓਨਟਾਰੀਓ

ਗੁਰੂ ਘਰ ਦੇ ਨੇੜੇ, 6 ਸਾਲ ਪੁਰਾਣਾ ਤੇ ਸਾਫ-ਸੁਥਰਾ 3 ਬੈਡਰੂਮ , 4 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਕਾਂਡੋ ਟਾਓਨ-ਹਾਊਸ। ਫੀਨਿਸ਼ਡ ਬੈਸਮੈਂਟ ਵਿੱਚ rec room, ਲੈਮੀਨੇਟਡ ਫਲੋਰ, ਮਾਸਟਰ ਬੈਡਰੂਮ ਨੂੰ 4 ਪੀਸ ਇਨ ਸੂਟ ਤੇ ਵਾਕ ਇਨ ਕਲੋਜ਼ਟ, ਸਕੂਲ, ਪਲਾਜ਼ਾ, ਆਦਿ ਦੇ ਨੇੜੇ।

BRAMPTON

ਹਾਈਵੇ 410/ਵੀਲੀਅਮ ਪਾਰਕਵੇ

ਸੋਹਣਾ ਤੇ ਸਾਫ ਸੁਥਰਾ 5 Level Back-Split ਸੇਮੀ ਡਿਟੈਚ 4 + 2 ਬੈਡਰੂਮ ਤੇ 3 ਵਾਸ਼ਰੂਮ ਘਰ ਜਿਸ ਨੂੰ ਕੀ ਬਹੁਤ ਸਾਰੇ ਅਪਗ੍ਰੇਡਜ਼, ਨਵੇਂ ਰੂਫ ਸ਼ਿੰਗਲ (2015), ਨਵੀਂ ਗਰਾਜ ਡੋਰ (2018) ਤੇ ਫੀਨਿਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, ਸਟੇਨਲੈਸ ਸਟੀਲ ਅਪਲਾਇੰਸਿਸ, ਪਾਰਕ, ਸਕੂਲ ਆਦਿ ਸਹੂਲਤਾਂ ਨੇੜੇ।

BRAMPTON

ਵੇਨਲੈਸ/ਵੈਨ ਕੂਕ

ਬਹੁਤ ਹੀ ਵਧੀਆ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚ ਘਰ ਜਿਸ ਨੂੰ 50 ਫੁੱਟ Premium Corner Lot, ਫਿਨੀਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, 9 ਫੁੱਟ ਸੀਲਿੰਗ, ਓਕ ਸਟੇਅਰਜ਼, ਹਾਡਵੂਡ ਤੇ ਲੈਮੀਨੇਟ, ਕੈਲੀਫੋਰਨੀਆ ਸ਼ਟਰਜ਼, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, ਆਦਿ ਸਹੂਲਤਾਂ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ।

BRAMPTON

ਏਰਪੋਰਟ ਰੋਡ/ਸੈਂਡਲਵੁਡ

ਵਧੀਆ ਤੇ ਸਾਫ ਸੁਥਰਾ 3000 ਸਕੇਅਰ ਫੁੱਟ 5 ਬੈਡਰੂਮ ,4 ਵਾਸ਼ਰੂਮ ਅਤੇ ਆਫਿਸ ਦਾ ਡਿਟੈਚ ਘਰ 60 ਫੁੱਟ ਲਾਟ ਤੇ, Unfinished ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, 9 ਫੁੱਟ ਸੀਲਿੰਗ, ਨਵੇਂ ਹਾਰਡਵੂਡ ਫਲੋਰ, ਨਵੀਂ ਰੂਫ, ਅਪਗ੍ਰੇਡੇਡ ਕਿਚਨ ਨੂੰ ਗਰੇਨਾਇਟ ਕਾਂਊਟਰ ਟਾਪ, ਪਾਰਕ, ਸਕੂਲ ਆਦਿ ਸਹੂਲਤਾਂ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ।

REXDALE BODY SHOP

USED CAR SALE

Specialization In:

- All Kinds of Body Work
- Auto Glass Windshield
- Denting, Painting & Welding

SPECIAL PAINT JOB $779

RENTAL CAR PROVIDED

25 years of Canadian Experience

OPEN MON - SAT 9AM TO 7PM

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

CHEEMA

LOWEST PRICE IN TOWN

Call Rick or Manminder Cheema: 416.749.9596 / 416.951.6431

Towing Service Car Paint Starts $799* upto 100% Deductible Paid*

30 Racine Rd. Toronto, ON, M9W 2Z3, FAX: 416.749.9597

www.AAABODYSHOP.ca mcheemaaaa@hotmail.com

Grand Upholstery Ltd

Sofa Company Originality in Every Piece

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

Special on Sale

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212

2053 Williams Pkwy, Unit -45, Brampton | Email: grandupholstery@gmail.com

SPACE AVAILABLE FOR AD

Contact: 647-767-8921

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Call Us For Guaranteed Lowest Airfare

ANY Airline Time Destination Around the World

7015 Tranmere Dr. Unit- 8, Mississauga, ON L5S 1T7

Tel: 905 362 0937 | Fax: 1 855 897 0900

www.nuwaytravels.com E-mail- info@nuwaytravels.com

INTERSTATE FREIGHT SYSTEMS INC.

A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at: safety@interstatefreightsystem.com

Call: 416-452-0677

ਹੁਣ ਖੁੱਲ੍ਹ ਗਿਆ ਹੈ ਨਵਾਂ ਵਾਕ ਇਨ ਕਲੀਨਿਕ ਚਿੰਗਕੂਸੀ ਤੇ ਵੈਨਲੈਸ ਤੇ

ਕਲੀਨਿਕ ਵਿੱਚ ਫਾਰਮੇਸਿਟ ਉਪਲਬਧ

- ਔਰਤਾਂ ਦੀ ਕੋਈ ਵੀ ਸਮੱਸਿਆ ਲਈ ਤਜਰਬੇਕਾਰ ਮਹਿਲਾ ਡਾਕਟਰ
- ਮਰਦਾਂ, ਔਰਤਾਂ ਅਤੇ ਬੱਚਿਆਂ ਲਈ ਕੋਈ ਵੀ ਰਾਏ ਜਾਂ ਸਰੀਰਕ ਜਾਂਚ ਕਰਵਾ ਸਕਦੇ ਹੋ
- Immunization, ਡਾਈਟੀਸ਼ੀਅਨ ਅਤੇ ਫੁੱਟ ਕੇਅਰ ਲਈ ਨਰਸ
- ਲੈਬ ਸੇਵਾਵਾਂ
- ਅਸੀਂ ਡਾਈਬੀਟੀਜ਼ ਲਈ ਮੁਫ਼ਤ ਸਲਾਹ ਦਿੰਦੇ ਹਾਂ

New patients welcome / 7 ਦਿਨ ਖੁੱਲ੍ਹਾ

ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ Punjabi/Urdu/Hindi

ਚਿੰਗਕੂਸੀ ਅਤੇ ਵੈਨਲੈਸ ਨੇੜੇ, ਟੀ.ਡੀ. ਬੈਂਕ ਪਲਾਜ਼ਾ

Tel: 905-846-4952